ਕੈਨੇਡਾ ਦਰਪਣ

ਮਈ 31, 1985

May 31, 1985

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail
Reg. No. 5991

ਕੈਨੇਡਾ ਦਰਪਣ

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

ਪਿਕਰਾਂ ਦੀ ਲੋੜ!

ਫਾਰਮ ਵਾਸਤੇ ਪਿਕਰਾਂ ਦੀ ਲੋੜ ਹੈ। ਗੋਡੀ ਦਾ ਕੰਮ ਚੱਲ ਰਿਹਾ ਹੈ। ਪੂਰੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ। ਅੱਜ ਹੀ ਕੰਮ ਲਈ ਫੋਨ ਕਰੋ। ਸਟਰਾਅ ਬੇਰੀ ਤੇ ਰਸਬੇਰੀ ਦਾ ਕੰਮ ਵੀ ਹੋਵੇਗਾ। ਫੋਨ ਕਰੋ:—

ਜਸਮਿੰਦਰ ਸਿੰਘ ਘੁਮਾਣ

591-9459

ਜਾਂ 251-4217

Weekending MAY 31, 1985 Vol. 4 No. 21 P.O.BOX 67344 STN. O Vancouver, B.C. V5W 3T1 PRICE 30¢ Out of Greater Vancouver 40¢ Phone (604)321-6360

ਦੋਵਾਂ ਮੁੱਖ ਤਾਕਤਾਂ ਵਲੋਂ

ਭਾਰਤ ਨੂੰ ਫਾਹੁਣ ਦੇ ਯਤਨ ਜਾਰੀ

ਅਮਰੀਕਾ ਅਤੇ ਰੂਸ ਨਾਲ ਸਮਝੌਤਿਆਂ ਤੇ ਦਸਤਖਤ

ਮਾਸਕੋ: ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਇਥੇ ਸੁਆਗਤ ਕਰਦਿਆਂ ਰੂਸ ਦੇ ਪ੍ਰਧਾਨ ਮਿ: ਗਾਰਬਾਚੋਫ ਨੇ ਕਿਹਾ ਕਿ ਰੂਸ ਅਤੇ ਭਾਰਤ ਦੇ ਸਬੰਧ ਇਨੇ ਗਹਿਰੇ ਹਨ ਕਿ ਦੁਨੀਆਂ ਦੀ ਕੋਈ ਤਾਕਤ ਇਨ੍ਹਾਂ ਸਬੰਧਾਂ ਨੂੰ ਖਰਾਬ ਕਰਨ ਦੀ ਸਮਰੱਥ ਨਹੀਂ ਹੋ ਸਕਦੀ। ਸ੍ਰੀ ਰਾਜੀਵ ਗਾਂਧੀ ਰੂਸ ਦੇ ਸਰਕਾਰੀ ਦੌਰੇ ਉਤੇ ਛੇ ਦਿਨ ਰਹਿਣਗੇ।

ਕਰੈਮਲਿਨ ਵਿਚ ਉਨ੍ਹਾਂ ਦਾ ਸੁਆਗਤ ਕਰਦਿਆਂ ਸ੍ਰੀ ਗਾਰਬਾਚੋਫ ਨੇ ਕਿਹਾ ਕਿ ਅਮਰੀਕਾ ਦੀ 'ਸਟਾਰ ਵਾਰ' ਦੀ ਖੋਜ ਦੁਨੀਆਂ ਲਈ ਤਬਾਹਕੁਨ ਸਾਬਤ ਹੋ ਸਕਦੀ ਹੈ, ਜਿਸ ਨਾਲ ਐਟਮੀ ਲੜਾਈ ਦਾ ਖਤਰਾ ਵਧ ਗਿਆ ਹੈ। ਸ੍ਰੀ ਗਾਰਬਾਚੋਫ ਨੇ ਭਾਰਤ-ਰੂਸ ਸਬੰਧਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਨਾਲ ਰੂਸ ਦਾ ਸਭ ਤੋਂ ਪੁਰਾਣਾ ਅਤੇ ਗੂੜ੍ਹਾ ਸਹਿਯੋਗ ਹੈ।

ਸ੍ਰੀ ਰਾਜੀਵ ਗਾਂਧੀ ਨੇ ਸੁਆਗਤ ਸਮੇਂ ਬੋਲਦਿਆਂ ਕਿਹਾ ਕਿ ਭਾਰਤ ਚਾਰ ਚੁਫੇਰੇ ਗਠਜੋੜਾਂ ਕਾਰਨ ਘਿਰਿਆ ਹੋਇਆ ਹੈ। ਇਸ ਨਾਲ ਇਸ ਸਮੇਂ ਭਾਰਤ ਦੀ ਏਕਤਾ ਅਤੇ ਆਜ਼ਾਦੀ ਨੂੰ ਲਗਾਤਾਰ ਖਤਰਾ ਬਣਿਆ ਹੋਇਆ ਹੈ।

ਆਰਥਿਕ ਤੇ ਤਜਾਰਤ ਸਮਝੌਤਾ

ਭਾਰਤ ਅਤੇ ਰੂਸ ਵਿਚਕਾਰ ਆਰਥਿਕ ਮੱਦਦ ਅਤੇ ਤਜ਼ਾਰਤ ਦੇ ਵਾਧੇ ਉਤੇ ਸ੍ਰੀ ਗਾਰਬਾਚੋਫ ਅਤੇ ਸ੍ਰੀ ਰਾਜੀਵ ਗਾਂਧੀ ਨੇ ਖਾਣੇ ਤੋਂ ਪਿਛੋਂ ਦਸਤਖਤ ਕੀਤੇ ਜਿਸ ਅਨੁਸਾਰ ਰੂਸ ਹਿੰਦੁਸਤਾਨ ਨਾਲ ਹੋਰ ਵਪਾਰ ਵਧਾਏਗਾ ਅਤੇ ਕਾਫੀ ਮਾਤਰਾ ਵਿਚ ਕਰਜ਼ਾ ਦੇਣ ਦੀ ਵਿਵਸਥਾ ਹੋਵੇਗੀ।

ਤਜ਼ਾਰਤੀ ਸਮਝੌਤਾ 15 ਸਾਲ ਦੇ ਅਰਸੇ ਲਈ ਵਧਾ ਦਿਤਾ ਗਿਆ ਹੈ ਜਿਸ ਵਿਚ ਰੂਸੀ ਤਕਨਾਲੋਜੀ ਵੀ ਸ਼ਾਮਲ ਹੋਵੇਗੀ। ਯਾਦ ਰਹੇ ਕਿ ਭਾਰਤ ਅਤੇ ਰੂਸ ਵਿਚਕਾਰ ਮਿੱਤਰਤਾ ਦੀ 20 ਸਾਲ ਦੀ ਸੰਧੀ ਪਹਿਲਾਂ 1971 ਵਿਚ ਹੋ ਚੁੱਕੀ ਹੈ। ਜਿਸ ਅਨੁਸਾਰ ਭਾਰਤ ਦੀ ਰੱਖਿਆ ਲਈ ਸੋਵੀਅਤ ਯੂਨੀਅਨ ਵਚਨ-ਬੱਧ ਹੈ।

ਮਾਸਕੋ ਪਹੁੰਚਣ ਉਤੇ ਵਿਦੇਸ਼ ਮੰਤਰੀ ਸ੍ਰੀ ਗਰੀਮੀਕੋ ਅਤੇ ਰੂਸ ਦੇ ਪ੍ਰਧਾਨ ਮੰਤਰੀ ਵਲੋਂ ਉਨ੍ਹਾਂ ਨੂੰ ਜੀਅ ਆਇਆਂ ਕਿਹਾ ਗਿਆ।

ਸ੍ਰੀ ਰਾਜੀਵ ਗਾਂਧੀ ਛੇ ਦਿਨਾਂ ਦੇ ਦੌਰੇ ਤੋਂ ਪਿਛੋਂ ਭਾਰਤ ਪਰਤ ਜਾਵੇਗਾ। ਦੂਸਰੇ ਦੌਰੇ ਵਿਚ ਫਰਾਂਸ, ਅਲਜੇਰਆ, ਮਿਸਰ ਅਤੇ ਅਮਰੀਕਾ ਦਾ ਦੌਰਾ ਹੋਵੇਗਾ ਅਮਰੀਕਾ ਵਿਚ ਪ੍ਰਧਾਨ ਮੰਤਰੀ 12 ਜੂਨ ਤੋਂ 18 ਜੂਨ ਤੱਕ ਅਮਰੀਕੀ ਪ੍ਰਧਾਨ ਰੇਗਨ ਨਾਲ ਗਲਬਾਤ ਕਰਨਗੇ।

ਲੌਂਗੋਵਾਲ ਧੜੇ ਵਲੋਂ ਬਾਬਾ ਜੋਗਿੰਦਰ ਸਿੰਘ ਦਾ ਬਾਈਕਾਟ ਜਾਰੀ

ਪਟਿਆਲਾ: ਆਲ ਇ: ਸਿੱਖ ਸਟੂਡੈਂਟ ਫੈਡਰੇਸ਼ਨ ਵਲੋਂ ਇਥੇ ਇਕ ਕਨਵੈਨਸ਼ਨ ਕੀਤੀ ਗਈ ਜਿਸ ਦੀ ਪ੍ਰਧਾਨਗੀ ਬਾਬਾ ਜੋਗਿੰਦਰ ਸਿੰਘ ਨੇ ਕੀਤੀ ਇਸ ਕਨਵੈਨਸ਼ਨ ਨੇ ਮੰਗ ਕੀਤੀ ਕਿ ਫੈਡਰੇਸ਼ਨ ਦੇ ਸਾਰੇ ਮੈਂਬਰਾਂ ਨੂੰ ਬਿਨਾਂ ਸ਼ਰਤ ਸਰਕਾਰ ਰਿਹਾ ਕਰੇ ਅਤੇ ਵਿਸ਼ੇਸ਼ ਅਦਾਲਤਾਂ ਤੋੜੀਆਂ ਜਾਣ। ਇਕ ਮਤੇ ਰਾਹੀਂ ਸਿਮਰਨਜੀਤ ਸਿੰਘ ਮਾਨ ਅਤੇ ਮਨਜੀਤ ਸਿੰਘ ਦੀ ਤੁਰੰਤ ਰਿਹਾਈ ਦੀ ਵੀ ਮੰਗ ਕੀਤੀ ਗਈ।

ਇਸ ਕਨਵੈਨਸ਼ਨ ਦਾ ਸੰਤ ਲੌਂਗੋਵਾਲ ਵੱਖੀ ਵਿਧਾਇਕਾਂ ਅਤੇ ਸ਼ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਨੇ ਮੁਕੰਮਲ ਬਾਈਕਾਟ ਕੀਤਾ।

ਯਾਦ ਰਹੇ ਕਿ ਬਾਬਾ ਜੋਗਿੰਦਰ ਸਿੰਘ ਦੀ ਮੱਦਦ ਉਤੇ ਤਲਵੰਡੀ ਧੜਾ ਅਤੇ ਲੌਂਗੋਵਾਲ ਧੜੇ ਦੇ ਆਤਮਾ ਸਿੰਘ, ਉਜਾਗਰ ਸਿੰਘ ਸੇਖਵਾਂ ਆਦਿ ਹਨ।

ਸੰਗਰੂਰ ਜੇਲ੍ਹ 'ਚ ਲੌਂਗੋਵਾਲ ਤੇ ਭਿੰਡਰਾਂਵਾਲਾ ਦੇ ਸਮਰਥਕ ਨਜ਼ਰਬੰਦਾਂ ਵਿਚਕਾਰ ਲੜਾਈ

ਸੰਗਰੂਰ: ਇਥੇ ਜ਼ਿਲਾ ਜੇਲ੍ਹ ਵਿਚ ਕੌਮੀ ਸੁਰੱਖਿਆ ਐਕਟ ਹੇਠ ਨਜ਼ਰਬੰਦ ਭਿੰਡਰਾਂਵਾਲਾ ਅਤੇ ਲੌਂਗੋਵਾਲ ਦੇ ਸਮਰਥਕਾਂ ਵਿਚਕਾਰ ਮੰਗਲਵਾਰ ਦੀ ਸਵੇਰ ਨੂੰ ਝਗੜਾ ਹੋਣ ਕਾਰਨ ਜੇਲ੍ਹ ਦੇ ਅਹਾਤੇ ਵਿਚ ਕਾਫੀ ਖਤਰੇ ਵਾਲੀ ਸਥਿਤੀ ਪੈਦਾ ਹੋ ਗਈ।

ਸੂਤਰਾਂ ਅਨੁਸਾਰ ਜੇਲ੍ਹ ਅਧਿਕਾਰੀਆਂ ਨੇ ਸਥਿਤੀ ਉਤੇ ਕਾਬੂ ਕਰਨਾ ਮੁਸ਼ਕਿਲ ਸਮਝਦਿਆਂ ਹੋਇਆਂ ਦੋ ਵਾਰ ਹੰਗਾਮੀ ਅਲਾਰਮ ਵਜਾਇਆ ਅਤੇ ਸਥਾਨਕ ਰਿਜ਼ਰਵ ਪੁਲੀਸ ਦੀ ਮਦਦ ਮੰਗੀ। (ਬਾਕੀ ਪੰਨਾ 2 ਤੇ)

ਨਵੀਂ ਦਿਲੀ: ਪਿਛਲੇ ਦਿਨ ਭਾਰਤ ਅਤੇ ਅਮਰੀਕਾ ਵਿਚ ਤਕਨਾਲੋਜੀ ਬਾਰੇ ਸਮਝੌਤੇ ਉਤੇ ਦਸਤਖਤ ਜਿਸ ਅਨੁਸਾਰ ਅਮਰੀਕਾ ਭਾਰਤ ਨੂੰ ਸੂਖਮ ਕਿਸਮ ਦੀ ਤਕਨਾਲੋਜੀ ਵਿਚ ਕੰਪਿਊਟਰ ਆਦਿ ਹੋਣਗੇ ਮੁਹੱਈਆ ਕਰੇਗਾ।

ਰਾਜਸੀ ਸੂਤਰਾਂ ਅਨੁਸਾਰ ਦੋਵੇਂ ਸਬੰਧਾਂ ਨੂੰ ਹੋਰ ਪੱਕੇ ਕਰਨ ਵਿਚ ਲੱਗੇ ਹੋਏ ਹਨ। ਤੀਜੇ ਸੰਸਾਰ ਵਿਚ ਭਾਰਤ ਮੁੱਖ ਤਾਕਤ ਹੋਣ ਵਜੋਂ ਦੋਵਾਂ ਦੇਸ਼ਾਂ ਲਈ ਵਕਾਰ ਦਾ ਸੁਆਲ ਬਣਿਆ ਹੋਇਆ ਹੈ। ਅਮਰੀਕਾ ਭਾਰਤ ਉਤੇ ਦਬਾਅ ਪਾਉਣ ਦੀ ਨੀਤੀ ਵੀ ਵਰਤ ਰਿਹਾ ਹੈ—ਜਿਸ ਤਰ੍ਹਾਂ ਪਾਕਿਸਤਾਨ ਨੂੰ ਐਟਮੀ ਤਾਕਤ ਬਣਾ ਕੇ ਉਹ ਭਾਰਤ ਨੂੰ ਅੱਖਾਂ ਵੀ ਦਿਖਾ ਰਿਹਾ ਹੈ, ਨਾਲ ਹੀ ਵਪਾਰਕ ਨੁਕਤੇ ਤੋਂ ਤਜ਼ਾਰਤੀ ਸਮਝੌਤੇ ਵੀ ਕਰਨ ਉਤੇ ਜ਼ੋਰ ਦੇ ਰਿਹਾ ਹੈ।

ਸੰਤ ਲੌਂਗੋਵਾਲ ਨੂੰ ਅਪੀਲ

ਅੰਮ੍ਰਿਤਸਰ: ਸਿੱਖ ਵਿਦਿਵਾਨ ਅਤੇ ਗੁਰਬਾਣੀ ਦੇ ਕਥਾਕਾਰ ਗਿਆਨੀ ਸੰਤ ਸਿੰਘ ਮਸਕੀਨ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅਪੀਲ ਕੀਤੀ ਹੈ ਕਿ ਉਹ ਅਕਾਲੀ ਦਲ ਤੋਂ ਅਪਣਾ ਅਸਤੀਫਾ ਵਾਪਸ ਲੈ ਲੈਣ।

ਪ੍ਰੈਸ ਵਿਚ ਸੰਤ ਲੌਂਗੋਵਾਲ ਦੇ ਨਾਂ ਦਿਤੇ ਬਿਆਨ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅਸਤੀਫੇ ਨਾਲ "ਸਿੱਖ ਕੌਮ ਆਗੂ ਰਹਿਤ" ਹੋ ਗਈ ਹੈ।

ਨੌਂ ਮੈਂਬਰੀ ਐਡਹਾਕ ਕਮੇਟੀ ਬਾਰੇ ਟਿੱਪਣੀ ਕਰਦੇ ਹੋਏ ਗਿਆਨੀ ਸੰਤ ਸਿੰਘ ਨੇ ਕਿਹਾ ਕਿ ਏਕਤਾ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਹੋਣੀ ਚਾਹੀਦੀ ਅਤੇ ਉਸ ਨੂੰ ਤੋੜਨ ਲਈ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਇਸ ਗੱਲ ਉਤੇ ਹੈਰਾਨੀ ਪ੍ਰਗਟ ਕੀਤੀ ਕਿ "ਜਿਸ ਆਦਮੀ ਨੂੰ ਵਿਚੋਲਗੀ ਲਈ ਕਿਹਾ ਗਿਆ ਸੀ, ਉਸ ਨੇ ਹੀ ਤਾਕਤ ਆਪਣੇ ਹੱਥ ਵਿਚ ਲੈ ਲਈ।"

ਇਸੇ ਦੌਰਾਨ ਸ੍ਰੀ ਸ਼ਿਵ ਸਿੰਘ ਖੁਸ਼ੀਪੁਰ ਅਤੇ ਗੁਰਦਾਸਪੁਰ ਪ੍ਰਬੰਧਕ ਕਮੇਟੀ ਦੇ ਕਈ ਹੋਰ ਮੈਂਬਰਾਂ ਨੇ ਵੀ ਸੰਤ ਲੌਂਗੋਵਾਲ ਨੂੰ ਅਸਤੀਫਾ ਵਾਪਸ ਲੈਣ ਦੀ ਅਪੀਲ ਕੀਤੀ ਹੈ ਉਨ੍ਹਾਂ ਕਿਹਾ ਕਿ ਮੋਰਚੇ ਬਾਰੇ ਅਤੇ ਅਕਾਲੀ ਮੰਗਾਂ ਬਾਰੇ ਹੋਰ ਕਿਸੇ ਨੂੰ ਬਿਆਨ ਦੇਣ ਦਾ ਹੱਕ ਨਹੀਂ ਹੈ।

ਚੰਡੀਗੜ੍ਹ ਤੋਂ ਪੀ. ਟੀ. ਆਈ. ਅਨੁਸਾਰ ਅਕਾਲੀ ਦਲ ਦੇ ਯੁਵਾ ਵਿੰਗ ਦੀ ਕੇਂਦਰੀ ਕਮੇਟੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਪੂਰਾ ਭਰੋਸਾ ਪ੍ਰਗਟ ਕੀਤਾ ਹੈ। ਇਕ ਹੋਰ ਮਤੇ ਰਾਹੀਂ ਜਥੇਦਾਰ ਕਿਰਪਾਲ ਸਿੰਘ ਨੂੰ ਇਸ ਸੰਕਟ ਦੀ ਘੜੀ ਅਹਿਮ ਭੂਮਿਕਾ ਨਿਭਾਉਣ ਲਈ ਬੇਨਤੀ ਕੀਤੀ।

MANY UNRESERVED UNITS

PUBLIC AUTO AUCTION

OVER 100 UNITS ON SALE

• Trucks • Vans • 4x4's • Motor Homes
You Name It — We've Got It-

ਚੰਗੀਆਂ ਕਾਰਾਂ ਸਸਤੇ ਭਾਅ ਤੇ ਖ੍ਰੀਦਣੀਆਂ ਹੋਣ ਤਾਂ ਸਾਡੇ ਕੋਲ ਆਉ

The Best Deals Are At

SO LET A PROFESSIONAL SELL YOUR UNIT
We've Saved Hundreds of Purchasers Time, Money and Stress!!

AUTO SALE EVERY SATURDAY 11 AM

HOME OF MECHANICALLY INSPECTED AUTOS

BURNABY PUBLIC AUTO AUCTION LTD.



Corner of Marine Way & Byrne Rd.

5605 BYRNE RD.
BURNABY • 430-1109

PHONE 430-1109

ਕੀ ਸਹਿਜਧਾਰੀ ਸਿੱਖਾਂ ਬਾਰੇ ਅਜਿਹੇ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਤ ਸਕਦੇ ਹਨ ?

ਕੀ ਸ਼ਰੋਮਣੀ ਪ੍ਰਬੰਧਕ ਕਮੇਟੀ ਅਤੇ ਸਿੱਖ ਵਿਦਵਾਨ ਅਤੇ ਹੋਰ ਗੁਰਦੁਆਰਿਆਂ ਦੇ ਮੁਖੀ ਆਪਣੇ ਵਿਚਾਰ ਦੱਸਣ ਦੀ ਖੇਚਲ ਕਰਨਗੇ ?

ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀਆਂ ਨੀਊਵੈਸਟ ਮਿਨਸਟਰ ਅਤੇ ਸਰੀ-ਡੈਲਟਾ ਯੂਨਿਟ ਦੀ ਗੁਰਮਤ ਪ੍ਰਚਾਰ ਕਮੇਟੀ ਵਲੋਂ ਇਕ ਚੁਵਰਕਾ ਛਪਿਆ ਹੈ 'ਰਣਜੀਤ' ਪਬਲੀਕਸ਼ਨਜ਼, ਵੈਨਕੂਵਰ ਨੇ ਛਾਪਿਆ ਹੈ ਜਿਸਨੂੰ 'ਸਾਖੀ ਰਹਿਤ ਕੀ ਭਾਈ ਨੰਦ ਲਾਲ' ਕਿਹਾ ਗਿਆ ਹੈ।

ਇਸ ਚੁਵਰਕੇ ਦੇ ਦੂਜੇ ਪੰਨੇ ਉਤੇ ਮੋਟੇ ਅੱਖਰਾਂ ਵਿਚ ਲਿਖਿਆ ਹੈ:

"ਜੋ ਮੇਰਾ ਸਿੱਖ ਹੋ ਸੀ,ਸੋ ਉਸਤਰਾ ਨਾ ਲਾਵਸੀ। ਅਤੇ ਮੇਰੇ ਸਿੱਖ ਨੇ ਜਿਹਾ ਉਸਤਰਾ ਲਾਇਆ ਅਤੇ ਦਾੜ੍ਹੀ ਮੁੰਨੀ ਤੇਹਾ ਧੀਅ ਨਾਲ ਸੰਗੁ ਕੀਤਾ।"

ਅਜਿਹੀ ਗਾਲ੍ਹ ਵਰਗੀ ਭਾਸ਼ਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਮਹਾਨ ਗੁਰੂ ਅਤੇ ਰਹਿਬਰ ਵਰਤ ਸਕਦਾ ਹੈ, ਇਸ ਦੀ ਕੋਈ ਸਿੱਖ ਕਲਪਣਾ ਵੀ ਨਹੀਂ ਕਰ ਸਕਦਾ।

ਇਨ੍ਹਾਂ 'ਸਾਖੀਆਂ' ਬਾਰੇ ਆਮ ਸਿੱਖਾਂ ਵਿਚ ਹੁਣ ਸ਼ੱਕ ਪ੍ਰਗਟਾਈ ਜਾਣ ਲੱਗ ਪਈ ਹੈ ਕਿ ਇਨ੍ਹਾਂ ਦੀ ਗਿਣਤੀ ਵੱਖ ਵੱਖ ਪੋਥੀਆਂ ਵਿਚ ਵੱਖੋ ਵੱਖਰੀ ਹੈ ਅਤੇ ਇਹ ਸ਼ੱਕ ਵੀ ਆਮ ਹੈ ਕਿ ਆਮ ਪੱਧਰ ਦੇ ਲੋਕਾਂ ਵਲੋਂ ਇਨ੍ਹਾਂ ਵਿਚ ਵਾਧਾ ਘਾਟਾ ਕੀਤਾ ਜਾਂਦਾ ਰਿਹਾ ਹੈ।

ਪਿਛਲੇ ਦਿਨਾਂ ਵਿਚ ਇਕ ਹੋਰ ਵੀ ਸਾਖੀ ਇਨ੍ਹਾਂ ਲੋਕਾਂ ਨੇ 'ਹਰਿਮੰਦਰ ਸਾਹਿਬ' ਬਾਰੇ ਫਿਰਤੂ ਚਿੱਠੀ ਦੀ ਸ਼ਕਲ ਵਿਚ ਵੰਡੀ ਸੀ ਜਿਸ ਦੀ ਚਰਚਾ ਸਾਰੇ ਪੰਜਾਬ ਵਿਚ ਹੋਈ ਸੀ।

ਇਹ ਕੰਮ ਹੁਣ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਹੈ ਕਿ ਉਹ ਅਜਿਹੀਆ 'ਸਾਖੀਆਂ ਦੀ ਹੋਂਦ' ਅਤੇ ਸਚਾਈ ਬਾਰੇ ਸੰਗਤਾਂ ਨੂੰ ਜਾਣਕਾਰੀ ਦੇ ਕੇ ਲੋਕਾਂ ਦੀ ਅਗਵਾਈ ਕਰਨ ਦਾ ਫਰਜ਼ ਪੂਰਾ ਕਰਨ।

ਬਰਤਾਨੀਆਂ ਵਿਚ ਰਹਿੰਦੇ ਸਿੱਖ ਅਤਿਵਾਦੀਆਂ ਤੋਂ ਪੁਛਗਿਛ ਸ਼ੁਰੂ

ਲੰਡਨ: (ਪੀ. ਟੀ. ਆਈ.) — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਅਗਲੇ ਮਹੀਨੇ ਅਮਰੀਕਾ ਦੇ ਦੌਰੇ ਦੌਰਾਨ ਕਤਲ ਕਰਨ ਦੀ ਸਾਜ਼ਿਸ਼ ਦੇ ਸਬੰਧ ਵਿਚ ਜਿਹੜੇ 2 ਵਿਅਕਤੀ ਅਮਰੀਕੀ ਖੁਫੀਆ ਏਜੰਸੀ ਐਫ. ਬੀ. ਆਈ. ਨੂੰ ਲੋੜੀਂਦੇ ਹਨ, ਉਨ੍ਹਾਂ ਬਾਰੇ ਪਤਾ ਕਰਨ ਲਈ ਬਰਤਾਨੀਆਂ ਵਿਚ ਕਈ ਸਿੱਖ ਅਤਿਵਾਦੀਆਂ ਤੋਂ ਪੁਛਗਿੱਛ ਕੀਤੀ ਜਾ ਰਹੀ ਹੈ।

ਫੈਡਰਲ ਜਾਂਚ ਬਿਊਰੋ (ਐਫ. ਬੀ. ਆਈ.) ਨੇ ਬਰਤਾਨੀਆਂ, ਫਰਾਂਸ ਅਤੇ ਕੈਨੇਡਾ ਦੀਆਂ ਖੁਫੀਆ ਏਜੰਸੀਆਂ ਨੂੰ ਦੋਵਾਂ ਵਿਅਕਤੀਆਂ ਬਾਰੇ ਚੌਕਸ ਕੀਤਾ ਹੈ ਜਿਨ੍ਹਾਂ ਦੇ ਨਾਂ ਲਾਲ ਸਿੰਘ ਅਤੇ ਅਨੰਦ ਸਿੰਘ ਦੱਸੇ ਗਏ ਹਨ। ਇਹ ਸੰਭਵ ਹੈ ਕਿ ਇਸ ਸਬੰਧ ਵਿਚ ਐਫ. ਬੀ. ਆਈ. ਵਲੋਂ "ਇੰਟਰਪੋਲ" ਨੂੰ ਵੀ ਚੌਕਸ ਕੀਤਾ ਗਿਆ ਹੈ।

ਸਕਾਟਲੈਂਡ ਯਾਰਡ ਦੀ ਵਿਸ਼ੇਸ਼ ਬਰਾਂਚ ਨਾਲ ਸਬੰਧਤ ਪੁਲੀਸ ਅਧਿਕਾਰੀਆਂ ਨੇ ਵੱਖਵਾਦੀ ਸਿੱਖ ਆਗੂ ਡਾ. ਜਗਜੀਤ ਸਿੰਘ ਚੌਹਾਨ ਦੇ ਮੌਜੂਦਾ ਨਿਵਾਸ ਅਸਥਾਨ, 'ਖਾਲਿਸਤਾਨ ਹਾਊਸ' ਦਾ ਦੌਰਾ ਕੀਤਾ ਅਤੇ ਉਥੇ ਪਹੁੰਚ ਕੇ ਦੋ ਲੋੜੀਂਦੇ ਵਿਅਕਤੀਆਂ ਬਾਰੇ ਪੁਛ ਪੜਤਾਲ ਵੀ ਕੀਤੀ।

"ਮੈਂ ਉਨ੍ਹਾਂ ਨੂੰ ਦਸਿਆ ਕਿ ਮੈਨੂੰ ਇਨ੍ਹਾਂ ਆਦਮੀਆਂ ਦੇ ਅਤੇ-ਪਤੇ ਬਾਰੇ ਕੋਈ ਇਲਮ ਨਹੀਂ ਹੈ ਅਤੇ ਨਾਂ ਹੀ ਰਾਜਸੀ ਉਦੇਸ਼ਾਂ ਦੀ ਪੂਰਤੀ ਲਈ ਹਿੰਸਕ ਕਾਰਵਾਈਆਂ ਦਾ ਸਹਾਰਾ ਲੈਣ ਵਿਚ ਹੀ ਮੇਰਾ ਕੋਈ ਵਿਸ਼ਵਾਸ ਹੈ" ਉਨ੍ਹਾਂ ਦਸਿਆ।

ਪੁਲੀਸ ਨੇ ਇਸ ਅਰਸੇ ਦੌਰਾਨ ਕੁਝ ਖਾਲਿਸਤਾਨ ਪੱਖੀ ਵਿਅਕਤੀਆਂ ਕੋਲੋਂ ਵੀ ਪੁਛ ਪੜਤਾਲੀ ਕੀਤੀ ਹੈ ਬੇਸ਼ਕ ਸਕਾਟਲੈਂਡ ਯਾਰਡ ਨੇ ਇਸ ਸਬੰਧ 'ਚ ਬਾਹਰੀ ਤੌਰ 'ਤੇ ਕੋਈ ਜਾਣਕਾਰੀ ਨਹੀਂ ਦਿਤੀ।

ਇਸੇ ਦੌਰਾਨ ਐਫ. ਬੀ. ਆਈ. ਦਾ ਕਹਿਣਾ ਹੈ ਕਿ ਉਸ ਦੇ ਖੁਫੀਆ ਅਧਿਕਾਰੀਆਂ ਵਲੋਂ ਰਹਿੰਦੇ ਦੋ ਸਿੱਖ ਨੌਜਵਾਨਾਂ ਨੂੰ ਭਾਲਣ ਲਈ ਅਜੇ ਵੀ ਸਿਰ ਤੋੜ ਭੱਜ ਨੱਠ ਕੀਤੀ ਜਾ ਰਹੀ ਹੈ। ਪ੍ਰੰਤੂ ਏਜੰਸੀ ਦਾ ਇਹ ਵੀ ਕਹਿਣਾ ਹੈ ਕਿ ਹੋ ਸਕਦਾ ਹੈ ਕਿ ਉਹ ਦੋਵੇਂ ਹੀ ਨੌਜਵਾਨ ਅਮਰੀਕਾ ਤੋਂ ਦੌੜ ਕੇ ਬਰਤਾਨੀਆਂ ਜਾਂ ਕੈਨੇਡਾ ਅੰਦਰ ਜਾ ਛੁਪੇ ਹੋਣ — ਜਿਥੇ ਕਿ ਕਾਫੀ ਗਿਣਤੀ ਵਿਚ ਸਿੱਖ ਭਾਈਚਾਰੇ ਦੇ ਲੋਕ ਵਸੇ ਹੋਏ ਹਨ।

ਇਸ ਦੇ ਨਾਲ ਹੀ ਫਰਾਂਸ ਦੀ ਸਰਕਾਰ ਨੂੰ ਵੀ ਸਾਵਧਾਨ ਕਰ ਦਿਤਾ ਗਿਆ ਹੈ ਕਿਉਂਕਿ ਸ੍ਰੀ ਰਾਜੀਵ ਗਾਂਧੀ ਇਸ ਦੇਸ਼ ਦੇ ਦੌਰੇ 'ਤੇ ਵੀ ਜਾ ਰਹੇ ਹਨ।

ਇਸੇ ਦੌਰਾਨ ਨਿਊ ਓਰਲੀਨਜ਼ ਤੋਂ ਏ. ਪੀ. ਅਨੁਸਾਰ ਜਿਹੜੇ ਪੰਜ ਵਿਅਕਤੀ ਸ੍ਰੀ ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਸਾਜ਼ਿਸ਼ ਵਿਚ ਫੜੇ ਗਏ ਹਨ ਉਨ੍ਹਾਂ ਦੀ ਅਪੀਲ ਦਾਖਲ ਹੋਣ ਦੀ ਸੰਭਾਵਨਾ ਹੈ। ਚੇਤੇ ਰਹੇ ਕਿ ਪੰਜਾਂ ਵਿਚੋਂ 4 ਵਿਅਕਤੀਆਂ ਨੂੰ 4 ਮਈ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਉਸ ਹੋਟਲ ਦੇ ਨੇੜੇ ਘੁੰਮ ਰਹੇ ਸਨ ਜਿਥੇ ਹਰਿਆਣਾ ਦੇ ਮੁਖ ਮੰਤਰੀ ਭਜਨ ਲਾਲ ਆਪਣੀ ਅੱਖ ਦੇ ਇਲਾਜ ਲਈ ਠਹਿਰੇ ਹੋਏ ਸਨ। ਪੰਜਵੇਂ ਵਿਅਕਤੀ ਨੂੰ ਐਤਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਫੈਡਰਲ ਜਾਂਚ ਬਿਊਰੋ ਦੇ ਇਕ ਤਰਜਮਾਨ ਨੇ ਦੱਸਿਆ ਕਿ ਦਰਬਾਰ ਸਾਹਿਬ ਵਿਚ ਪਿਛਲੇ ਸਾਲ ਫੌਜੀ ਕਾਰਵਾਈ ਪਿਛੋਂ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਵਿਚ ਵਾਧਾ ਹੋਇਆ ਹੈ।

ਤਰਜਮਾਨ ਨੇ ਦਸਿਆ ਕਿ ਅਜੇ ਤਕ ਇਹ ਪਤਾ ਨਹੀਂ ਲਗ ਸਕਿਆ ਕਿ ਲਾਲ ਸਿੰਘ ਅਤੇ ਅਨੰਦ ਸਿੰਘ ਅਮਰੀਕਾ ਛਡ ਗਏ ਹਨ ਜਾਂ ਨਹੀਂ। ਉਨ੍ਹਾਂ ਨੂੰ ਆਖਰੀ ਵਾਰ ਨਿਊਯਾਰਕ ਸ਼ਹਿਰ ਵਿਚ ਦੇਖਿਆ ਗਿਆ ਸੀ।

ਤਰਜਮਾਨ ਨੇ ਦੱਸਿਆ ਕਿ ਸ੍ਰੀ ਰਾਜੀਵ ਗਾਂਧੀ ਅਤੇ ਸ੍ਰੀ ਭਜਨ ਲਾਲ ਨੂੰ ਕਤਲ ਕਰਨ ਦੀ ਸਾਜ਼ਿਸ਼ ਪਿਛਲੇ ਸਾਲ ਬਰਮਿੰਘਮ ਵਿਖੇ ਹੋਈ ਇਕ ਮੀਟਿੰਗ ਵਿਚ ਘੜੀ ਗਈ ਸੀ ਅਤੇ ਇਸ ਦਾ ਪਰਦਾ ਫੈਡਰਲ ਜਾਂਚ ਬਿਊਰੋ ਦੇ ਅਧਿਕਾਰੀ ਵਲੋਂ ਫਾਹਸ਼ ਕੀਤਾ ਗਿਆ ਜੋ ਨੇਰੀ ਵਿਚ ਕੰਮ ਕਰਦਾ ਸੀ ਅਤੇ ਜੋ ਕਿਸੇ ਨਾ ਕਿਸੇ ਢੰਗ ਨਾਲ ਅਤਿਵਾਦੀਆਂ ਵਿਚ ਘੁਸਪੈਠ ਕਰਨ ਵਿਚ ਸਫਲ ਹੋ ਗਿਆ ਸੀ।

ਇਹ ਵੀ ਪਤਾ ਲਗਿਆ ਹੈ ਕਿ ਭਾਰਤ ਸਰਕਾਰ ਦੀ ਬੇਨਤੀ ਨੂੰ ਪਰਵਾਨ ਕਰਦੇ ਹੋਏ ਬਰਤਾਨਵੀ ਪੁਲੀਸ ਨੇ ਇਥੇ ਰਹਿਣ ਵਾਲੇ ਖਾਲਿਸਤਾਨ ਸਮਰਥਕ ਅਨਸਰਾਂ ਤੇ ਨਿਗਾਹਸਾਨੀ ਤੇਜ਼ ਕਰ ਦਿਤੀ ਹੈ। ਭਾਰਤ ਸਰਕਾਰ ਦੀ ਜਾਣਕਾਰੀ ਅਨੁਸਾਰ ਇਹ ਲੋਕ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਫਰਾਂਸ ਦੇ ਦੌਰ ਸਮੇਂ ਹਿੰਸਕ ਪ੍ਰਦਰਸ਼ਨ ਲਾਮਬੰਦ ਕਰਨ ਦੀਆਂ ਯੋਜਨਾਵਾਂ ਬਣਾ ਰਹੇ ਸਨ।

ਬਾਕੀ ਅਜੇ ਤਕ ਇਸ ਗਲ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ ਕਿ ਅਮਰੀਕਾ ਵਿਚ ਰਾਜੀਵ ਗਾਂਧੀ ਨੂੰ ਤਲ ਕਰਨ ਦੀ ਸਾਜ਼ਿਸ਼ ਦੇ ਸਬੰਧ ਵਿਚ ਪਕੜੇ ਗਏ ਸਿੱਖ ਅਤਿਵਾਦੀਆਂ ਦਾ ਇਥੋਂ ਦੇ ਸਿੱਖ ਅਤਿਵਾਦੀਆਂ ਨਾਲ ਕੋਈ ਸੰਪਰਕ ਸੀ ਜਾਂ ਨਹੀਂ। ਉਂਜ ਉਨ੍ਹਾਂ ਲੋਕਾਂ ਬਾਰੇ ਇਹ ਪੱਕੀ ਗੱਲ ਹੈ ਕਿ ਉਹ ਬਰਤਾਨੀਆਂ, ਅਮਰੀਕਾ ਤੇ ਕੈਨੇਡਾ 'ਚ — ਇਕ ਦੇਸ਼ ਤੋਂ ਦੂਸਰੇ ਦੇਸ਼ 'ਚ ਅਕਸਰ ਹੀ ਆਉਂਦੇ ਜਾਂਦੇ ਰਹੇ ਹਨ।

ਇਸੇ ਦੌਰਾਨ ਸ੍ਰੀਮਤੀ ਗਾਂਧੀ ਦੀ ਹੱਤਿਆ ਕਰਨ ਵਾਲੇ ਵਿਅਕਤੀ ਨੂੰ ਨਕਦ ਇਨਾਮ ਦੇਣ ਬਾਰੇ ਪੇਸ਼ਕਸ਼ ਦੇ ਮਾਮਲੇ ਦੀ ਜਾਂਚ ਪੜਤਾਲ ਦਾ ਕੰਮ ਵੀ ਨਵੇਂ ਸਿਰਿਓਂ ਮੁੜ ਤੇਜ਼ੀ ਨਾਲ ਸ਼ੁਰੂ ਹੋ ਗਿਆ ਹੋਇਆ ਹੈ।

ਪੁਲੀਸ ਇਸ ਸਬੰਧ ਵਿਚ ਡਾ. ਜਗਜੀਤ ਸਿੰਘ ਚੌਹਾਨ ਤੇ ਉਨ੍ਹਾਂ ਦੇ ਇਕ ਹੋਰ ਕਰੀਬੀ ਸਾਥੀ ਕੋਲੋਂ ਇਸ ਸਬੰਧ ਵਿਚ ਕਈ ਵਾਰ ਪੁਛਗਿਛ ਕਰ ਚੁੱਕੀ ਹੈ।

ਡਾਕਟਰ ਵਲੋਂ ਖਾਲਸਾ ਦੀ ਪੁਲੀਸ ਹਿਰਾਸਤ 'ਚ ਮੌਤ ਦੀ ਪੁਸ਼ਟੀ

ਨਵੀਂ ਦਿਲੀ: (ਯੂ. ਐਨ. ਆਈ.) — ਕਥਿਤ ਅਤਿਵਾਦੀ ਮਹਿੰਦਰ ਸਿੰਘ ਖਾਲਸਾ ਦੀ ਲਾਸ਼ ਦਾ ਪੋਸਟ ਮਾਰਟਮ ਕਰਨ ਵਾਲੇ ਡਾ. ਐਲ. ਆਰ. ਰਮਾਨੀ ਨੇ ਕਿਹਾ ਹੈ ਕਿ ਮਹਿੰਦਰ ਸਿੰਘ ਖਾਲਸਾ ਦੀ ਮੌਤ ਕੋਈ ਤਿੰਨ ਵਜੇ ਪੁਲੀਸ ਹਿਰਾਸਤ ਵਿਚ ਹੀ ਹੋ ਗਈ ਸੀ। ਡਾ. ਰੁਮਾਨੀ ਨੇ ਕਿਹਾ ਹੈ ਕਿ ਖਾਲਸਾ ਦੀ ਮੌਤ ਵਧੇਰੇ ਖੂਨ ਵਗਣ ਕਾਰਨ ਹੋਈ ਹੈ।

ਡਾ. ਰਮਾਨੀ ਨੇ ਕਿਹਾ ਕਿ ਖਾਲਸਾ ਦੇ ਸਰੀਰ ਉਤੇ 18 ਜ਼ਖਮਾਂ ਦੇ ਨਿਸ਼ਾਨ ਸਨ ਅਤੇ ਇਨ੍ਹਾਂ ਜ਼ਖਮਾਂ 'ਦੇ ਖੂਨ ਵਗਣ ਕਾਰਨ ਉਹਦੀ ਮੌਤ ਹੋ ਗਈ। ਡਾਕਟਰ ਨੇ ਕਿਹਾ ਕਿ ਜਿਵੇਂ ਕੁਝ ਅਖਬਾਰਾਂ ਵਿਚ ਛਪਿਆ ਹੈ ਕਿ ਖਾਲਸਾ ਦੀ ਮੌਤ ਗਲ ਘੁਟਣ ਕਾਰਨ ਹੋਈ ਹੈ ਉਹ ਠੀਕ ਨਹੀਂ ਹੈ ਅਤੇ ਨਾ ਹੀ ਖਾਲਸਾ ਦੇ ਸਿਰ ਵਿਚ ਹੀ ਕੋਈ ਵੱਟ ਸੀ।

ਡਾ. ਰਮਾਨੀ ਨੇ ਕਿਹਾ ਕਿ ਜ਼ਖਮ ਲੱਗਣ ਦੇ ਸਮੇਂ ਬਾਰੇ ਕੁਝ ਨਹੀਂ ਕਹਿ ਸਕਦੇ। ਉਨ੍ਹਾਂ ਕਿਹਾ ਕਿ ਖਾਲਸਾ ਦੇ ਸਰੀਰ ਵਿਚ ਪਾਣੀ ਦੀ ਕਮੀ ਨਹੀਂ ਸੀ ਪਰ ਉਸ ਦੇ ਮਿਹਦੇ ਵਿਚ ਖੁਰਾਕ ਬਹੁਤ ਘਟ ਸੀ।

(ਪੰਨਾ 1 ਦੀ ਬਾਕੀ)

ਕੁਝ ਨਜ਼ਰਬੰਦ ਵਿਅਕਤੀਆਂ ਨੂੰ ਉਸ ਵੇਲੇ ਸੱਟਾਂ ਲੱਗੀਆ ਜਦੋਂ ਜੇਲ੍ਹ ਅਧਿਕਾਰੀਆਂ ਨੂੰ ਸਥਿਤੀ ਉਤੇ ਕਾਬੂ ਪਾਉਣ ਲਈ ਲਾਠੀਚਾਰਜ ਕਰਨਾ ਪਿਆ

ਜੇਲ੍ਹ ਸੁਪਰਡੈਂਟ ਨੇ ਦਸਿਆ ਕਿ ਭਿੰਡਰਾਂਵਾਲਾ ਦਾ ਸਮਰਥਕ ਰਣਜੀਤ ਸਿੰਘ, ਜੋ ਕਿ ਫਰੀਦਕੋਟ ਜੇਲ੍ਹ ਤੋਂ ਇਥੇ ਭੇਜਿਆ ਗਿਆ ਸੀ, ਪਿੰਡ ਮਹਿਲ ਕਲਾਂ ਦੇ ਅਜ਼ਮੇਰ ਸਿੰਘ ਨਾਲ ਲੜ ਪਿਆ ਜਿਹੜਾ ਕਿ ਇਸੇ ਜੇਲ੍ਹ ਵਿਚ ਕੌਮੀ ਸੁਰੱਖਿਆ ਐਕਟ ਦੇ ਤਹਿਤ ਨਜ਼ਰਬੰਦ ਕੀਤਾ ਹੋਇਆ ਹੈ। ਉਹ ਦੋਵੇਂ ਹੂਰੇ ਮੁੱਕੀ ਹੋ ਪਏ।

ਦੋਹਾਂ ਦੇ ਸਮਰਥਕਾਂ ਨੇ ਬੜੀ ਰੌਲੇ-ਰੱਪੇ ਵਾਲੀ ਸਥਿਤੀ ਪੈਦਾ ਕਰ ਦਿਤੀ ਤੇ ਜੇਲ੍ਹ ਦੇ ਅਹਾਤੇ ਵਿਚ ਇਹ ਸਥਿਤੀ ਕੋਈ ਦੋ ਘੰਟੇ ਤਕ ਰਹੀ। ਉਨ੍ਹਾਂ ਦਸਿਆ ਕਿ ਸਾਵਧਾਨੀ ਵਜੋਂ ਸਾਰੇ ਕੈਦੀਆਂ ਅਤੇ ਹਵਾਲਾਤੀਆਂ ਨੂੰ ਉਨ੍ਹਾਂ ਦੀਆਂ ਬੈਰਕਾਂ ਵਿਚ ਭੇਜ ਦਿਤਾ ਗਿਆ।

ਇਨ੍ਹਾਂ ਵਿਰੁਧ ਵਿਭਾਗੀ ਕਾਰਵਾਈ ਕੀਤੀ ਗਈ ਤੇ ਇਨ੍ਹਾਂ ਨੂੰ ਵੱਖਰੇ ਵੱਖਰੇ ਸੈਲਾਂ ਵਿਚ ਭੇਜ ਦਿਤਾ ਗਿਆ ਹੈ ਤਾਂ ਜੋ ਦੁਬਾਰਾ ਝਗੜੇ ਨੂੰ ਟਾਲਿਆ ਜਾ ਸਕੇ।

ਅਕਾਲੀ ਐਡਹਾਕ ਕਮੇਟੀ ਦੀ ਮੀਟਿੰਗ

ਅੰਮ੍ਰਿਤਸਰ: (ਪੀ. ਟੀ. ਆਈ.) — 'ਸਾਂਝੇ' ਅਕਾਲੀ ਦਲ ਦੇ ਕਾਰਜਕਾਰੀ ਕਨਵੀਨਰ ਬਾਬਾ ਜੋਗਿੰਦਰ ਸਿੰਘ ਨੇ ਨਵੀ ਐਡਹਾਕ ਕਮੇਟੀ ਦੇ ਚਾਰ ਮੈਂਬਰਾਂ ਨਾਲ ਬੰਦ ਕਮਰੇ ਵਿਚ ਸਲਾਹ ਮਸ਼ਵਰਾ ਕੀਤਾ। ਮੀਟਿੰਗ ਵਿਚ ਜਗਦੇਵ ਸਿੰਘ ਤਲਵੰਡੀ, ਜਗਜੀਤ ਸਿੰਘ, ਗੁਰਦੇਵ ਸਿੰਘ ਸ਼ਾਂਤ ਅਤੇ ਇੰਦਰਜੀਤ ਸਿੰਘ ਸੇਖੋਂ ਸ਼ਾਮਲ ਹੋਏ। ਖਿਆਲ ਹੈ ਕਿ ਮੀਟਿੰਗ ਵਿਚ ਨਵੀਂ ਪਾਰਟੀ ਦੇ ਭਵਿੱਖ ਬਾਰੇ ਅਤੇ ਪ੍ਰਮੁਖ ਅਕਾਲੀ ਨੇਤਾਵਾਂ ਦੇ ਅਸਤੀਫਿਆਂ ਤੋਂ ਬਾਅਦ ਪੈਦਾ ਹੋਈ ਹਾਲਤ ਬਾਰੇ ਵਿਚਾਰ ਕੀਤੀ ਗਈ।

ਕਲਾਕਾਰਾਂ ਦੀ ਲੋੜ

ਪੂਰਬ ਫਿਲਮਜ਼ ਆਫ ਕੈਨੇਡਾ ਬੜੇ ਮਾਣ ਨਾਲ ਆਪਣੀ ਪਹਿਲੀ ਪੰਜਾਬੀ ਦੀ ਫਿਲਮ ਬਨਾਉਣ ਦਾ ਐਲਾਨ ਕਰਦੇ ਹਨ

"ਮਸਲਾ ਰੋਟੀ ਦਾ"

ਇਸ ਫਿਲਮ ਦੀ ਸੂਟਿੰਗ ਜੂਨ 1, 1985 ਸ਼ੁਰੂ ਹੋ ਰਹੀ ਹੈ। ਤਕਰੀਬਨ ਸਾਰੇ ਕਲਾਕਾਰ ਭਰਤੀ ਕੀਤੇ ਜਾ ਚੁਕੇ ਹਨ। ਦੋ ਨੌਜਵਾਨ ਲੜਕੀਆਂ ਦੀ ਜ਼ਰੂਰਤ ਹੈ ਜੋ ਪੰਜਾਬੀ ਬੋਲ ਸਕਦੀਆਂ ਹੋਣ।

ਹੋਰ ਜਾਣਕਾਰੀ:—

ਫੋਨ: 584-9309 or

ਫੋਨ: 324-4381

ASSURING BRIGHT FINANCIAL FUTURES

NORTH AMERICAN LIFE

ਜ਼ਿੰਦਗੀ ਭਰ ਲਈ ਇਨਸ਼ੋਰੈਂਸ ਪਾਲਸੀ -
ਤਿੰਨ ਸਾਲ ਤੋਂ ਲੈ ਕੇ ਜਿੰਨੇ ਵੀ ਸਾਲਾਂ ਤੱਕ ਪੇ ਕਰਨਾ ਚਾਹੁੰਦੇ ਹੋ —
ਤੁਹਾਡੀ ਆਪਣੀ ਚੋਣ ਹੈ !



Raj Singh Maan

ਆਪਣੀਆਂ ਇਲਸੋਰੈਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇੰਨਸੋਰੈਂਸ
- ਗਰੁਪ ਇੰਸ਼ੋਰੈਂਸ
- ਮਾਰਗੇਜ ਇੰਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੈਂਸ

1507 - 330 Portage Avenue
Winnipeg, Manitoba R3C 0C4
Bus. 943-1526
Res. 334-0813

6494 Main St. (49th Ave.)
Vancouver, B.C.
Tel. 324-1138

WESCANA PHARMACY

6698 Fraser St. (51st Ave.)
Vancouver, B.C.
Tel: 324-6734

The Little Stores With Great Values
FREE PRESCRIPTION DELIVERY. GUARANTEED LOW PRICES

ਆਪਣੇ ਭਰਾਵਾਂ ਦਾ ਸਟੋਰ ਜਿਥੇ ਤੁਹਾਡੀ ਹਰ ਲੋੜ ਦਾ ਖਿਆਲ ਰੱਖਿਆ ਜਾਂਦਾ ਹੈ। ਬਜ਼ੁਰਗਾਂ ਦੀ ਹਰ ਤਰ੍ਹਾਂ ਨਾਲ ਮੱਦਦ ਕੀਤੀ ਜਾਂਦੀ ਹੈ
ਅਸੀਂ ਤੁਹਾਡੀ Prescription ਤੁਹਾਡੇ ਘਰੋਂ ਲੈ ਜਾ ਕੇ ਤੁਹਾਨੂੰ ਦਵਾਈ ਘਰ ਡਲਿਵਰ ਕਰ ਸਕਦੇ ਹਾਂ। (ਜੇਕਰ ਡਾਕਟਰ ਸਾਨੂੰ ਫੋਨ ਕਰਕੇ ਅਜਿਹਾ ਕਰਨ ਲਈ ਕਹੇ)

- ਅਸੀਂ ਫਰੀ ਡਲਿਵਰੀ ਕਰਦੇ ਹਾਂ
- ਸਾਡੀਆਂ ਕੀਮਤਾਂ ਘੱਟ ਹਨ ਇਸਦੀ ਅਸੀਂ ਗਰੰਟੀ ਕਰਦੇ ਹਾਂ।

ਪੰਜਾਬ ਦਰਪਣ

ਲੌਂਗੋਵਾਲ, ਟੌਹੜਾ ਤੇ ਬਾਦਲ ਕਮੇਟੀ ਵਿਚ ਸ਼ਾਮਲ ਹੋਣ

ਬਾਬਾ ਜੋਗਿੰਦਰ ਸਿੰਘ ਵਲੋਂ ਪੰਥਕ ਏਕੇ ਦੇ ਨਾਂ ਉਤੇ ਅਪੀਲ

ਅੰਮ੍ਰਿਤਸਰ: (ਪੀ. ਪੀ. ਐਸ. ਗਿਲ) — ਅਕਾਲੀ ਦਲ ਦੀ ਨਵੀਂ ਐਡਹਾਕ ਕਮੇਟੀ ਦੇ ਕਾਰਜਕਾਰੀ ਕਨਵੀਨਰ ਬਾਬਾ ਜੋਗਿੰਦਰ ਸਿੰਘ ਨੇ ਤਿਨ੍ਹਾਂ ਅਕਾਲੀ ਨੇਤਾਵਾਂ — ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸਾਬਕਾ ਮੁਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਪੀਲ ਕੀਤੀ ਹੈ ਕਿ ਉਹ ਪੰਥਕ ਏਕੇ ਦੀ ਖਾਤਰ ਐਡਹਾਕ ਕਮੇਟੀ ਦੇ ਮੈਂਬਰ ਬਣ ਜਾਣ।

ਬਾਬਾ ਜੋਗਿੰਦਰ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਪੰਥ ਵਿਚ ਏਕੇ ਲਹੀ ਜੋ ਲਈ ਜੋ ਯਤਨ ਹੋ ਰਹੇ ਹਨ ਉਹ ਜ਼ਰੂਰ ਹੀ ਸਫਲ ਹੋਣਗੇ।

ਬਾਬਾ ਜੋਗਿੰਦਰ ਸਿੰਘ ਵਲੋਂ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸਰਕਾਰ ਨੂੰ ਪੰਜਾਬ ਦਾ ਮਸਲਾ ਹੱਲ ਕਰਨ ਲਈ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਮਸਲੇ ਦੇ ਸਿਆਸੀ ਹਲ ਲਈ ਮਾਹੌਲ ਤਿਆਰ ਕੀਤਾ ਜਾਣਾ ਚਾਹੀਦਾ ਹੈ।

ਬਾਬਾ ਜੋਗਿੰਦਰ ਸਿੰਘ ਵਲੋਂ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸਰਕਾਰ ਨੂੰ ਪੰਜਾਬ ਦਾ ਮਸਲਾ ਹੱਲ ਕਰਨ ਲਈ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਮਸਲੇ ਦੇ ਸਿਆਸੀ ਹਲ ਲਈ ਮਹੌਲ ਤਿਆਰ ਕੀਤਾ ਜਾਣਾ ਚਾਹੀਦਾ ਹੈ।

ਬਾਬਾ ਜੋਗਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਐਡਹਾਕ ਕਮੇਟੀ ਦੇ ਕਨਵੀਨਰ ਸ੍ਰੀ ਸਿਮਰਨਜੀਤ ਸਿੰਘ ਮਾਨ, ਦਰਬਾਰ ਸਾਹਿਬ ਦੇ ਗ੍ਰੰਥੀ ਪੂਰਨ ਸਿੰਘ, ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਸਸਗਰਮ ਵਰਕਰਾਂ, ਗੁਰਦੁਆਰਿਆਂ ਵਿਚੋਂ ਬਲਿਊ ਸਟਾਰ ਅਪਰੇਸ਼ਨ ਦੌਰਾਨ ਫੜੇ ਗਏ ਵਰਕਰਾਂ, ਦਮਦਮੀ ਟਕਸਾਲ ਦੇ ਮੈਂਬਰਾਂ ਨੂੰ ਰਿਹਾ ਕਰਕੇ ਅਤੇ ਫੌਜੀ ਕਾਰਵਾਈ ਦੌਰਾਨ ਭਗੌੜੇ ਹੋਣ ਵਾਲੇ ਸਿੱਖ ਫੌਜੀਆਂ ਪ੍ਰਤੀ ਨਰਮ ਵਤੀਰਾ ਅਪਣਾਕੇ ਮਸਲੇ ਦੇ ਹਲ ਲਈ ਮਾਹੌਲ ਤਿਆਰ ਕਰ ਦੀ ਹੈ। ਇਹ ਮੰਗਾਂ ਸੰਤ ਲੌਂਗੋਵਾਲ ਵਲੋਂ ਪਹਿਲਾਂ ਹੀ ਪੇਸ਼ ਕੀਤੀਆ ਗਈਆਂ ਮੰਗਾਂ ਨਾਲ ਮਿਲਦੀਆਂ ਜੁਲਦੀਆਂ ਹੀ ਹਨ।

ਬਾਬਾ ਜੋਗਿੰਦਰ ਸਿੰਘ ਨੇ ਕਿਹਾ ਕਿ ਜੇਕਰ ਬੰਗਲਾਦੇਸ਼ ਦੀ ਲੜਾਈ ਸਮੇਂ ਸਰਕਾਰ ਪਾਕਿਸਤਾਨ ਦੇ ਫੜੇ ਇਕ ਲੱਖ ਫੌਜੀਆਂ ਨੂੰ ਰਿਹਾ ਕਰ ਸਕਦੀ ਹੈ, ਫਿਰ ਆਪਣੇ ਹੀ ਸ਼ਹਿਰੀਆਂ ਪ੍ਰਤੀ ਸਮਝੌਤੇ ਵਾਲਾ ਰਵਈਆ ਕਿਉਂ ਨਹੀਂ ਅਪਣਾ ਸਕਦੀ।

ਬਾਬਾ ਜੋਗਿੰਦਰ ਸਿੰਘ ਨੇ ਦਸਿਆ ਕਿ ਉਨ੍ਹਾਂ ਨੂੰ ਧਾਰੀਵਾਲ ਅਤੇ ਹੁਸ਼ਿਆਰਪੁਰ ਤੋਂ ਸਿੱਖਾਂ ਦੀਆਂ ਤਾਰਾਂ ਮਿਲੀਆਂ ਹਨ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਸੁਰੱਖਿਆ ਜਾਵਾਨਾਂ ਨੇ ਕਰਫਿਊ ਸਮੇਂ ਇਕ ਫਿਰਕੇ ਦੀ ਜਾਇਦਾਦ ਸਾੜਨ ਫੂਕਣ ਲਈ ਸ਼ਹਿ ਦਿਤੀ ਅਤੇ ਅਜੇ ਵੀ ਧਮਕੀਆਂ ਦੇ ਰਹੇ ਹਨ। ਬਾਬਾ ਨੇ ਕਿਹਾ ਕਿ ਜੇਕਰ ਅਜੇ ਵੀ ਇਹੋ ਜਿਹੀਆਂ ਕਾਰਵਾਈਆਂ ਜਾਰੀ ਰਹੀਆਂ ਤਾਂ ਉਨ੍ਹਾਂ ਕਾਰਨ ਜੋ ਵੀ ਸਿੱਟੇ ਨਿੱਕਲਣਗੇ ਉਨ੍ਹਾਂ ਲਈ ਸਰਕਾਰ ਦੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਨੇ ਦੋਸ਼ ਲਾਇਆ ਕਿ ਮੌਜੂਦਾ ਬੰਬ ਧਮਾਕਿਆਂ ਪਿਛੋਂ ਦਿਲੀ ਅਤੇ ਹੋਰ ਥਾਈਂ ਫੜੇ ਗਏ ਸਿੱਖਾਂ ਉਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਅਤੇ ਉਨ੍ਹਾਂ ਦੀਆਂ ਅੰਨੇਵਾਹ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ। ਬਾਬਾ ਨੇ ਕਿਹਾ ਕਿ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿੱਖਾਂ ਉਤੇ ਤਸ਼ੱਦਦ ਨਾਲ ਕੋਈ ਮਸਲਾ ਹੱਲ ਨਹੀਂ ਹੋਵੇਗਾ ਸਗੋਂ ਮਸਲਾ ਹੋਰ ਉਲਝ ਜਾਵੇਗਾਂ।

ਬਾਬਾ ਨੇ ਕਿਹਾ ਕਿ ਸਿੱਖ ਨਾ ਤਾਂ ਦੂਜਿਆਂ ਉਤੇ ਤਸ਼ੱਦਦ ਕਰਦੇ ਹਨ ਅਤੇ ਨਾ ਹੀ ਉਹ ਵਧੀਕੀਆਂ ਹੀ ਕਰਦੇ ਹਨ।

ਦੂਜੇ ਪਾਸੇ ਅਕਾਲੀ ਦਲਾਂ ਵਿਚ ਏਕੇ ਲਈ ਪਰਦੇ ਪਿਛੇ ਸਰਗਰਮੀਆਂ ਜਾਰੀ ਹਨ।

ਆਨੰਦਪੁਰ ਸਾਹਿਬ ਦੇ ਮਤੇ ਬਾਰੇ ਅਕਾਲੀ ਨੇਤਾਵਾਂ ਵਿਚ ਕੋਈ ਮਤਭੇਦ ਨਹੀਂ ਹਨ ਪਰ ਅਕਾਲੀ ਨੇਤਾਵਾਂ ਵਿਚ ਨੀਤੀ ਬਾਰੇ ਫਿਲਹਾਲ ਕੁਝ ਮਤਭੇਦਾ ਬਣੇ ਹੋਏ ਹਨ।

ਇਸ ਗੱਲ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ ਕਿ ਅਕਾਲੀ ਨੇਤਾ ਐਡਹਾਕ ਕਮੇਟੀ ਵਿਚ ਸ਼ਾਮਲ ਹੋਣਾ ਮੰਨ ਜਾਣਗੇ।

ਦੂਜੇ ਪਾਸੇ ਐਡਹਾਕ ਕਮੇਟੀ ਦੇ ਮੈਂਬਰ ਇਹ ਵੀ ਮੰਨਦੇ ਹਨ ਕਿ ਸੰਤ ਲੌਂਗੋਵਾਲ ਦਾ ਕਾਫੀ ਵੱਡੇ ਖੇਤਰ ਵਿਚ ਪ੍ਰਭਾਵ ਹੈ ਅਤੇ ਦੂਜੇ ਰਾਜਾਂ ਦੇ ਸਿੱਖ ਵੀ ਉਨ੍ਹਾਂ ਉਤੇ ਟੇਕ ਰੱਖੇ ਹੋਏ ਹਨ।

ਬਾਬਾ ਜੋਗਿੰਦਰ ਸਿੰਘ ਇਸ ਮੌਕੇ ਉਤੇ ਐਡਹਾਕ ਕਮੇਟੀ ਵਿਚ ਤਬਦੀਲੀ ਕਰਨ ਦੇ ਹੱਕ ਵਿਚ ਨਹੀਂ ਹਨ।

ਬਾਬਾ ਜੋਗਿੰਦਰ ਸਿੰਘ ਵਲੋਂ ਐਡਹਾਕ ਕਮੇਟੀ ਦੀ ਸਲਾਹਕਾਰ ਕਮੇਟੀ ਦੇ ਜਨਰਲ ਸੈਕਟਰੀ ਇੰਦਰਜੀਤ ਸਿੰਘ ਸੇਖੋਂ ਦਾ ਅਸਤੀਫਾ ਲੈ ਲਏ ਜਾਣ ਕਾਰਨ ਅਕਾਲੀ ਨੇਤਾ ਵੀ ਮੁੜ ਸੋਚਣ ਲਈ ਤਿਆਰ ਹਨ ਦੂਜੇ ਪਾਸੇ ਜਥੇਦਾਰ ਸਿੰਘ ਸੇਖੋਂ ਵਿਚਕਾਰ ਪੈਦਾ ਹੋਏ ਮਤਭੇਦ ਏਕੇ ਲਈ ਕੁਝ ਰੁਕਾਵਟ ਬਣ ਸਕਦੇ ਹਨ।

ਸਰਕਾਰ ਸਿੱਖਾਂ ਨੂੰ ਪਿਠੂਆਂ ਰਾਹੀਂ ਵੰਡ ਰਹੀ ਹੈ — ਟੌਹੜਾ

ਰੋਪੜ: (ਪੱਤਰ ਪ੍ਰੇਰਕ) — ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਭੱਠਾ ਸਾਹਿਬ ਗੁਰਦੁਆਰੇ ਵਿਚ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਕੁਰਸੀ ਦੇ ਭੁੱਖੇ ਨਹੀਂ ਹਨ ਅਤੇ ਉਹ ਆਮ ਸਿਖ ਵਜੋਂ ਹੀ ਪੰਥ ਦੀ ਸੇਵਾ ਕਰਦੇ ਰਹਿਣਗੇ।

ਜਥੇਦਾਰ ਟੌਹੜਾ ਦੇ ਇਸ ਬਿਆਨ ਤੋਂ ਇਹ ਸੰਕੇਤ ਮਿਲਦਾ ਹੈ ਕਿ ਅਸਤੀਫਾ ਰੱਦ ਕੀਤੇ ਜਾਣ ਦੇ ਬਾਵਜੂਦ ਵੀ ਉਹ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦਾ ਅਹੁਦਾ ਨਹੀਂ ਸੰਭਾਲਣਗੇ।

ਜਥੇਦਾਰ ਟੌਹੜਾ ਨੇ ਕਿਹਾ ਕਿ ਸਿੱਖ ਪੰਥ ਇਸ ਸਮੇਂ ਨਾਜ਼ਕ ਦੌਰ ਵਿਚੋਂ ਗੁਜ਼ਰ ਰਿਹਾ ਹੈ ਇਸ ਲਈ ਪੰਥ ਵਿਚ ਮੁਕੰਮਲ ਏਕਤਾ ਹੋਣੀ ਜ਼ਰੂਰੀ ਹੈ।

ਉਨ੍ਹਾਂ ਨੇ ਸਰਕਾਰ ਉਤੇ ਦੋਸ਼ ਲਾਹਿਆ ਕਿ ਉਹ ਆਪਣੇ ਪਿਠੂਆਂ ਰਾਹੀਂ ਸਿੱਖ ਪੰਥ ਨੂੰ ਵੰਡਣ ਦੀਆਂ ਚਾਲਾਂ ਚਲ ਰਹੀ ਹੈ ਅਤੇ ਉਹ ਪੰਜਾਬ ਮਸਲਾ ਹਲ ਕਰਨ ਲਈ ਵੀ ਗੰਭੀਰ ਨਹੀਂ ਹੈ।

ਜ. ਟੌਹੜਾ ਨੇ ਕਿਹਾ ਕਿ ਆਪਣੀਆਂ ਮੰਗਾਂ ਮਨਵਾਉਣ ਲਈ ਅਕਾਲੀ ਦਲ ਵਲੋਂ ਸੰਘਰਸ਼ ਜਾਰੀ ਰਖਿਆ ਜਾਵੇਗਾ।

ਜਥੇਦਾਰ ਟੌਹੜਾ ਨੇ ਕਿਹਾ ਕਿ ਧਰਮਯੁਧ ਮੋਰਚੇ ਨਾਲ ਸਿੱਖਾਂ ਵਿਚ ਜਾਗਰਤੀ ਆਈ ਹੈ ਤੇ ਜੋ ਨੌਜਵਾਨ ਪਹਿਲਾਂ ਕਮਿਊਨਿਸਟ ਬਣਦੇ ਜਾ ਰਹੇ ਸਨ ਉਹ ਮੁੜ ਧਰਮ ਵਲ ਪ੍ਰੇਰੇ ਗਏ ਹਨ ਅਤੇ ਉਹ ਹੁਣ ਮਾਸਕੋ ਜਾਂ ਪੀਕਿੰਗ ਵਲ ਵੇਖਣ ਦੀ ਥਾਂ ਸ੍ਰੀ ਅਕਾਲ ਤਖਤ ਸਾਹਿਬ ਵਲ ਵੇਖ ਰਹੇ ਹਨ

ਐਡਵਰਟਾਇਜਮਿੰਟ ਲਈ
ਫੋਨ ਕਰੋ -
ਭਵਖੰਡਨ 324-4381

ਬਾਬਾ ਜੋਗਿੰਦਰ ਸਿੰਘ ਨੇ ਆਪਣੇ ਸਲਾਹਕਾਰਾਂ ਨਾਲ ਦਿਨ ਭਰ ਗੱਲਬਾਤ ਜਾਰੀ ਰੱਖੀ ਪਰ ਸੰਤ ਲੌਂਗੋਵਾਲ ਦਲ ਦਾ ਕੋਈ ਵੀ ਸਮਰਥਕ ਉਨ੍ਹਾਂ ਨੂੰ ਮਿਲਣ ਲਈ ਨਾ ਪੁੱਜਾ।

BHINDI MAKANJI
JEWELLERS
THE GUILD OF MASTER CRAFTSMEN
I.S.M.M.
6644 MAIN ST. VANCOUVER, B.C.
Phone 324-7646

SETS ਸੈਟ (ਹਾਰ, ਹੱਥਾਂ ਦਾ, ਕਾਂਟੇ ਅਤੇ ਮੁੰਦੀ) Labour From $145.00

BANGLES [Diamond Cut up to 12 gm. each] ਵੰਗਾਂ (ਡਾਇਮੰਡ ਕੱਟ) From $4.00

CHAINS [Any design 18" maximum] ਚੇਨਾਂ, ਇਕ ਤੋਲੇ ਤੱਕ From $30.00 each

ਇਕ ਵਾਰ ਸਾਡੇ ਸ਼ੋਅ ਰੂਮ ਵਿਚ ਜ਼ਰੂਰ ਆਉ।
ਤੁਹਾਨੂੰ ਗਹਿਣਿਆਂ ਦਾ ਆਡਰ ਦੇ ਕੇ, ਚੱਕਰ ਮਾਰਨ ਦੀ ਲੋੜ ਨਹੀਂ ਪਵੇਗੀ।
ਸਾਡੇ ਸ਼ੋਅ ਰੂਮ ਵਿਚ ਨਵੇਂ ਅਤੇ ਸੁੰਦਰ ਡੀਜ਼ਾਈਨਾਂ ਦੀ ਭਰਮਾਰ ਹੈ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: BHAV KHANDAN SINGH
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਅਮਰੀਕਾ ਦੀ ਦੂਹਰੀ ਖੇਡ

ਐਫ. ਬੀ. ਆਈ. ਵਲੋਂ ਰਾਜੀਵ ਗਾਂਧੀ ਦੇ ਕਤਲ ਦੀ ਸਾਜ਼ਿਸ਼ ਦਾ ਅਮਰੀਕਾ ਦੇ ਸ਼ਹਿਰ ਨੀਊ ਔਰਲੀਨਜ਼ ਵਿਚ ਫੜੇ ਜਾਣਾ ਅਤੇ ਦਿੱਲੀ, ਹਰਿਆਣਾ, ਰਾਜਸਥਾਨ, ਯੂ. ਪੀ. ਵਿਚ ਅਤਿ ਸੂਖਮ ਢੰਗ ਨਾਲ ਤਿਆਰ ਕੀਤੇ ਬੰਬਾਂ ਦਾ ਚਲਣਾ — ਭਾਰਤ ਦੇ ਰਾਜਸੀ ਸੂਤਰਾਂ ਅਨੁਸਾਰ ਅਜੀਬ ਮੌਕਾ ਮੇਲ ਹੈ। ਇਸੇ ਤਰ੍ਹਾਂ ਇਕ ਪਾਸੇ ਪਾਕਿਸਤਾਨ ਨੂੰ ਜੰਗੀ ਹਥਿਆਰ ਜੰਗੀ ਪੱਧਰ ਉਤੇ ਮੁਹੱਈਆ ਕਰਨਾ ਅਤੇ ਉਸਨੂੰ ਐਟਮੀ ਤਾਕਤ ਬਨਾਉਣ ਲਈ ਪੂਰਾ ਜ਼ੋਰ ਲਾਉਣਾ, ਦੂਜੇ ਪਾਸੇ ਤਕਨਾਲੋਜੀ ਦਾ ਸਮਝੌਤਾ ਭਾਰਤ ਨਾਲ ਕਰਨਾ ਵੀ ਅਜੀਬ ਸਿਆਸਤ ਹੀ ਕਹੀ ਜਾ ਸਕਦੀ ਹੈ। ਇਸੇ ਤਰ੍ਹਾਂ ਇਕ ਪਾਸੇ ਰਾਜੀਵ ਗਾਂਧੀ ਨੂੰ ਮਹਿਮਾਨ ਦੇ ਤੌਰ ਉਤੇ ਸੱਦਣਾ ਅਤੇ ਦੂਜੇ ਪਾਸੇ ਆਪਣੀ ਹੀ ਕਾਂਗਰਸ ਦੇ ਮੈਂਬਰਾਂ ਤੋਂ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰਵਾਉਣੀ — ਇਹ 'ਅਮਰੀਕਨ ਚਮਤਕਾਰ' ਹਨ ਜੋ ਪਿਛਲੇ ਦਿਨਾਂ ਵਿਚ ਵਾਪਰੇ ਹਨ।

ਅਮਰੀਕਨ ਸੀ. ਆਈ. ਏ. ਜੋ ਹੱਥ ਕੰਡੇ ਦੂਜੇ ਮੁਲਕਾਂ ਵਿਚ ਵਰਤ ਰਹੀ ਹੈ - ਭਾਰਤ ਵਿਚ ਵੀ ਉਹੀ ਹਥਕੰਡੇ ਵਰਤੇ ਜਾ ਰਹੇ ਹਨ। 'ਬਲਿਟਜ਼' ਨੇ ਇਕ ਇੰਕਸ਼ਾਫ ਕੀਤਾ ਹੈ ਕਿ ਪੰਜਾਬ ਦੀ ਹਾਲਤ ਨੂੰ ਵਿਗਾੜਣ ਲਈ 30 ਲੱਖ ਡਾਲਰ ਦੀ ਸਹਾਇਤਾ ਦਿਤੀ ਗਈ ਹੈ। ਪਤਾ ਨਹੀਂ 'ਬਲਿਟਜ਼' ਨੇ ਕਿੰਨ੍ਹਾਂ ਸੂਤਰਾਂ ਤੋਂ ਇਹ ਜਾਣਕਾਰੀ ਲਈ ਹੈ ਪਰ ਇਹ ਅਮਰੀਕਨ ਦੂਹਰੀ ਖੇਡ ਨੂੰ ਨੰਗਿਆਂ ਜ਼ਰੂਰ ਕਰਦੀ ਹੈ।

ਬਰਤਾਨੀਆ ਸਰਕਾਰ ਵੀ ਇਸੇ ਦੂਹਰੀ ਖੇਡ ਖੇਡਣ ਵਿਚ ਅਸਫਲ ਰਹੀ ਹੈ। ਅਮਰੀਕਨ ਸਰਕਾਰ ਕਿਥੋਂ ਕੁ ਤੱਕ ਕਾਮਯਾਬ ਹੁੰਦੀ ਹੈ — ਇਹ ਆਉਣ ਵਾਲਾ ਵਕਤ ਹੀ ਦੱਸੇਗਾ।

ਭਾਰਤ ਦੇ ਸਰਹੱਦੀ ਇਲਾਕਿਆਂ ਵਿਚ ਫੈਲੀ ਅਰਾਜਕਤਾ ਇਸ ਪ੍ਰਸ਼ਨ ਨੂੰ ਡੂੰਘੇ ਵਿਚਾਰ ਨਾਲ ਘੋਖਣ ਦੀ ਮੰਗ ਕਰਦੀ ਹੈ ਕਿ ਪੰਜਾਬ, ਆਸਾਮ, ਜੰਮੂ ਕਸ਼ਮੀਰ ਵਿਚ ਹੀ ਕਿਉਂ ਅਤਿਵਾਦੀ ਕਾਰਵਾਈਆਂ ਦਾ ਇਨਾ ਜ਼ੋਰ ਹੈ। ਇਹ ਸੰਦੇਹ ਕੌਮਾਂਤਰੀ ਸਮਝ ਰੱਖਣ ਵਾਲੇ ਪਾਠਕਾਂ ਦਾ ਹੀ ਨਹੀਂ ਹੈ - ਹੁਣ ਤਾਂ ਆਮ ਬੰਦੇ ਨੂੰ ਇਹ ਗੱਲ ਸਮਝ ਆ ਰਹੀ ਹੈ ਕਿ ਜੋ ਵਾਵੇਲੇ ਉਤਰੀ ਅਮਰੀਕਾ ਅਤੇ ਯੂਰਪ ਵਿਚ ਖੜ੍ਹੇ ਕੀਤੇ ਜਾ ਰਹੇ ਹਨ — ਕਿਤੇ ਉਨ੍ਹਾਂ ਪਿਛੇ ਇਹ ਦੋ-ਧਾਰੀ ਤਲਵਾਰ ਅਮਰੀਕਾ ਦੀ ਹੀ ਤਾਂ ਨਹੀਂ ਚਲ ਰਹੀ ?

ਇਨ੍ਹਾਂ ਕੋਲੋਂ ਰੱਖੀਏ ਨਾ, ਭੋਰਾ ਜਿੰਨੀ ਆਸ ਕੋਈ
ਪਿਆਰ ਪਾ ਕੇ ਕਰਦੇ ਦਗ਼ਾ।
ਤਨ ਮਨ ਇਨ੍ਹਾਂ ਦਾ ਪਲੀਤ ਹੋ ਜਾਵੇ ਜੇ
ਕਰ ਬਹਿਣ ਭੁੱਲ ਕੇ ਵਫ਼ਾ।

ਫਰੇਜ਼ਰ ਵੈਲੀ ਹਿਊਮਨ ਰਾਈਟਸ ਕੁਲਿਸ਼ਨ ਕਾਨਫਰੰਸ

ਦਿਨ ਸ਼ਨਿਚਰਵਾਰ, ਇਕ ਜੂਨ ਸਵੇਰੇ
10.00 ਵਜੇ ਤੋਂ 4.00 ਵਜੇ ਤੱਕ
ਐਬਟਸਫੋਰਡ/ਮਾਟਸਕੀ ਕਮਿਊਨਿਟੀ ਸਰਵਿਸਜ਼
2420 ਮੌਂਟਰੋਜ਼ ਐਵੇਨਿਊ ਐਬਟਸਫੋਰਡ

ਪਰੋਗਰਾਮ :

10.00 - 12.30

ਪ੍ਰਧਾਨ ਚਰਨਪਾਲ ਗਿੱਲ, ਡਾਕਟਰ ਚਾਰਲੀ ਪੋਰਸ, ਬੀ. ਸੀ. ਹਿਊਮਨ ਰਾਈਟਸ ਕੁਲਿਸ਼ਨ ਦਾ ਪਰਤੀਨਿਧ ਤੇ ਹਿਊਮਨ ਰਾਈਟਸ ਕੌਂਸਲ ਦੇ ਬੁਲਾਰਿਆਂ ਤੋਂ ਸਪੀਚਾਂ

ਲੰਚ ਟਾਈਮ : ਏਰੀਆ ਨੇਸ਼ਨ ਵਾਰੇ ਫਿਲਮ - ਕਿਸ ਤਰਾਂ ਨਸਲੀ ਗੋਰਿਆਂ ਨੂੰ ਯਹੂਦੀਆਂ ਤੇ ਕਾਲੇ ਰੰਗ ਦੇ ਲੋਕਾਂ ਤੇ ਹਮਲੇ ਕਰਨ ਲਈ ਟਰੇਨਿੰਗ ਦਿਤੀ ਜਾ ਰਹੀ ਹੈ।

1.30 ਤੋਂ 4.00 ਵਜੇ — ਤਿੰਨ ਵਰਕਸ਼ਾਪਾਂ — ਇਕ ਹਿਊਮਨ ਰਾਈਟਸ ਵਾਰੇ, ਦੂਸਰੀ ਔਰਤਾਂ ਦੇ ਹੱਕਾਂ ਬਾਰੇ ਤੇ ਤੀਸਰੀ ਕਮਿਊਨਿਟੀਆਂ ਦਾ ਸੁਮੇਲ ਕਿਸ ਤਰ੍ਹਾਂ ਹੋ ਸਕਦਾ ਹੈ।

ਸਮਾਪਤੀ ਚਾਰ ਵਜੇ

ਹਰ ਇਨਸਾਨ ਜੋ ਹਿਊਮਨ ਰਾਈਟਸ ਵਾਰੇ ਦਿਲਚਸਪੀ ਰੱਖਦਾ ਹੈ ਜਾਂ ਜਾਣਕਾਰੀ ਲੈਣਾ ਚਾਹੁੰਦਾ ਹੈ, ਨੂੰ ਆਉਣ ਲਈ ਸੱਦਾ ਦਿਤਾ ਜਾਂਦਾ ਹੈ

ਹੋਰ ਜਾਣਕਾਰੀ ਲਈ ਫੂਨ ਕਰੋ :—
ਚਰਨਪਾਲ ਗਿੱਲ 576-2307 ਰਣਜੀਤ ਦੀਵਾਨਾ - 530-3514
ਜਾਂ 859-7681

ਪੰਜਾਬ-ਸੰਕਟ ਤੇ ਸੰਕਟਗ੍ਰਸਤ ਪੰਜਾਬੀ ਲੇਖਕ

● ਸੁਖਬੀਰ

ਪੰਜਾਬ ਵਿਚ ਅਤਿਵਾਦੀਆਂ ਦੀ ਦਹਿਸ਼ਤ ਅਤੇ ਦਹਿਸ਼ਤ ਦੇ ਖਤਰਿਆਂ ਭਰੇ ਦੌਰ ਵਿਚ ਅਧਿਕਾਂਸ਼ ਪੰਜਾਬੀ ਲੇਖਕਾਂ ਦਾ ਚੁਪ ਰਹਿਣਾ ਕਿਸੇ ਅਚੰਭੇ ਤੋਂ ਘੱਟ ਨਹੀਂ ਹੈ। ਇਥੋਂ ਤੱਕ ਕਿ ਲਗਭਗ ਦੋ ਹਜ਼ਾਰ ਪੰਜਾਬੀ ਲੇਖਕਾਂ ਦੀ ਸਭ ਤੋਂ ਵੱਡੀ ਸੰਸਥਾ, 'ਕੇਂਦਰੀ ਪੰਜਾਬੀ ਲੇਖਕ ਸਭਾ' ਨੇ ਵੀ ਚੁੱਪ ਵੱਟੀ ਰੱਖੀ ਸੀ। ਇਹ ਸ਼ਾਇਦ ਪਹਿਲਾ ਮੌਕਾ ਸੀ ਕਿ ਪੰਜਾਬੀ ਲੇਖਕਾਂ ਨੇ ਗੁਰੂ ਨਾਨਕ ਤੋਂ ਚਲੀ ਆ ਰਹੀ ਆਪਣੀ ਪੰਜ ਸੌ ਸਾਲਾ ਪੁਰਾਣੀ ਪਰੰਪਰਾ ਵਲੋਂ ਬੇਮੁਖ ਹੋ ਕੇ ਤੇ ਅਤਿਵਾਦੀਆਂ ਦੇ ਖਤਰਿਆਂ ਤੋਂ ਡਰ ਕੇ ਉਹਨਾਂ ਦੀ ਦਹਿਸ਼ਤ ਅਤੇ ਖਤਰਿਆਂ ਦੇ ਖਿਲਾਫ ਆਵਾਜ਼ ਨਹੀਂ ਸੀ ਉਠਾਈ ਤੇ ਚੁਪ ਰਹਿਣ ਵਿਚ ਹੀ ਆਪਣੀ ਭਲਾਈ ਸਮਝੀ ਸੀ। ਜਿਥੇ ਗੁਰੂ ਨਾਨਕ ਨੇ 'ਬਾਬਰਵਾਣੀ' ਵਿਚ ਬਾਬਰ ਦੇ ਕਤਲੇਆਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਸੀ ਤੇ ਗੁਰੂ ਗੋਬਿੰਦ ਸਿੰਘ ਨੇ 'ਜ਼ਫਰਨਾਮਾ' ਵਿਚ ਔਰੰਗਜ਼ੇਬ ਦੇ ਜ਼ੁਲਮੋ-ਜਬਰ ਦਾ ਬੜੀ ਨਿਡਰਤਾ ਨਾਲ ਪਰਦਾਫਾਸ਼ ਕੀਤਾ ਸੀ, ਉਥੇ ਪੰਜਾਬ ਵਿਚ ਅਤਿਵਾਦੀਆਂ ਦੇ ਖਿਲਾਫ ਮੁਸ਼ਕਿਲ ਨਾਲ ਪੰਜ-ਸਤ ਲੇਖਕਾਂ, ਪੱਤਰਕਾਰਾਂ ਤੋਂ ਛੁੱਟ ਹਰ ਕਿਸੇ ਨੇ ਚੁੱਪ ਧਾਰੀ ਰਖੀ ਸੀ।

ਪਰ ਹਰਿਮੰਦਰ-ਸਮੂਹ ਵਿਚ ਹੋਈ ਫੌਜੀ ਕਾਰਵਾਈ ਤੋਂ ਬਾਅਦ, ਜਦ ਕਿ ਅਤਿਵਾਦੀਆਂ ਦਾ ਖਤਰਾ ਕਾਫੀ ਹਦ ਤਕ ਘਟ ਗਿਆ ਸੀ, ਅਧਿਕਾਂਸ਼ ਪੰਜਾਬੀ ਲੇਖਕਾਂ ਦੀਆਂ ਕਲਮਾਂਬੇ-ਮੁਹਾਰ ਲਿਖਣ ਲਗੀਆਂ ਸਨ, ਜਿਹਨਾਂ ਜਿਹਨਾਂ ਚੋਂ ਬਹੁਤੀਆਂ ਧਾਰਮਿਕ ਜਨੂੰਨ ਤੇ ਫਿਰਕਾਪ੍ਰਸਤੀ ਦੇ ਜ਼ਹਿਰ ਨਾਲ ਭਰੀਆਂ ਹੋਈਆਂ ਸਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਕਈ ਅਗਾਂਹ ਵਧੂ ਲੇਖਕ ਵੀ ਅਜਿਹੀਆਂ ਪਿਛਾਂਹ-ਖਿਚੂ ਰਚਨਾਵਾਂ ਲਿਖਣੋਂ ਬਚ ਨਹੀਂ ਸਕੇ। ਅਜਿਹੀਆਂ ਰਚਨਾਵਾਂ ਤਾਂ ਮੁਲਕ ਦੀ ਵੰਡ ਵੇਲੇ ਕਿਤੇ ਵੱਡੇ ਵੇਲੇ ਕਿਤੇ ਵਡੇ ਪੈਮਾਨੇ ਤੇ ਹੋਏ ਫਿਰਕਾਦਾਰਾਨਾ ਫਸਾਦਾਂ ਤੇ ਕਤਲੋਂ ' ਗਾਰਤ ਵਿਚ ਵੀ ਕਿਸੇ ਅਗਾਂਹ ਵਧੂ ਲੇਖਕ ਨੇ ਨਹੀਂ ਸਨ ਲਿਖੀਆਂ।

ਮੋਟੇ ਤੌਰ 'ਤੇ ਅਗਾਂਹ ਵਧੂ ਦ੍ਰਿਸ਼ਟੀਕੋਣ ਤੋਂ ਲੇਖਕਾਂ ਵਿਚ ਮਤਭੇਦ ਹੋ ਸਕਦਾ ਹੈ, ਪਰ ਪੰਜਾਬ ਸੰਕਟ ਬਾਰੇ ਅੰਨੀ ਧਾਰਮਿਕਤਾ ਤੇ ਫਿਰਕਾਪ੍ਰਸਤੀ ਦੀ ਬੋ ਮਾਰਦੀਆ ਰਚਨਾਵਾਂ ਦਾ ਲਿਖਿਆ ਜਾਣਾ ਉਨ੍ਹਾਂ ਲੇਖਕਾਂ ਦੀਆਂ ਨਰੋਈਆਂ ਕਦਰਾਂ-ਕੀਮਤਾਂ ਵਾਲੇ ਨਜ਼ਰੀਏ ਕਲੰਕਤ ਕਰਨ ਵਾਲਾ ਹੈ। ਇਹ ਗਲ ਅਧਿਕਾਂਸ਼ ਪੰਜਾਬੀ ਪਰਚਿਆਂ ਬਾਰੇ ਵੀ ਕਹੀ ਜਾ ਸਕਦੀ ਹੈ, ਖੈਰ, ਬਹੁਤ ਸਾਰੇ ਪਿਛਾਂਹ-ਖਿਚੂ ਜਾਂ ਬਿਨਾਂ ਕਿਸੇ ਠੋਸ ਵਿਚਾਰਧਾਰਾ ਵਾਲੇ ਮੌਕਾਪ੍ਰਸਤ ਪਰਚਿਆਂ ਨੇ ਤਾਂ ਆਪਣੀ ਲੋਕਪ੍ਰਿਯਤਾ ਤੇ ਵਿਕਰੀ ਵਧਾਉਣ ਲਈ ਧਰਮ ਦੇ ਨਾਂ 'ਤੇ ਲਚਰ ਕਿਸਮ ਦੀਆਂ ਰਚਨਾਵਾਂ ਛਾਪਣੀਆਂ ਹੀ ਸਨ, ਕਈ ਅਗਾਂਹਵਧੂ ਪਰਚੇ ਵੀ ਆਪਣੀ ਧੁੰਦਲੀ ਪੈ ਗਈ ਨਜ਼ਰ ਜਾਂ ਹੋਰ ਕਾਰਨਾਂ ਕਰਕੇ ਅਜਿਹੀਆਂ ਲਚਰ ਰਚਨਾਵਾਂ ਛਾਪਣ ਸੰਕੋਚ ਨਹੀਂ ਕਰ ਸਕੇ, ਲਚਰ ਰਚਨਾਵਾਂ ਸਿਰਫ ਸੈਕਸ ਬਾਰੇ ਹੀ ਨਹੀਂ ਹੁੰਦੀਆਂ, ਆਮ ਲੋਕਾਂ ਦੇ ਹੈਵਾਨੀ ਜ਼ਜ਼ਬਿਆਂ ਨੂੰ ਭੜਕਾਉਣ ਤੇ ਫਿਰਕੂ ਜ਼ਹਿਰ ਫੈਲਾਉਣ ਵਾਲੀ ਸਸਤੀ ਭਾਵੁਕਤਾ ਸਦਕਾ ਵੀ ਉਹ ਲਚਰ ਬਣਦੀਆਂ ਹਨ।

ਆਖਿਰ ਅਗਾਂਹ ਵਧੂ ਨਜ਼ਰੀਏ ਦੇ ਧਾਰਨੀ ਅਧਿਕਾਂਸ਼ ਪੰਜਾਬੀ ਲੇਖਕਾਂ ਨੇ, ਜਿਨ੍ਹਾਂ'ਚੋਂ ਕਈ ਕਮਿਊਨਿਸਟ ਹੋਣ ਦਾ ਮਾਣ ਮਹਿਸੂਸ ਕਰਦੇ ਹਨ, ਮਜ਼ਹਬੀ ਤੇ ਫਿਰਕੂ ਤੁਅੱਸਬ ਨਾਲ ਭਰੀਆਂ ਰਚਨਾਵਾਂ ਕਿਉਂ ਲਿਖੀਆਂ ? ਕੀ ਇਹ ਉਨ੍ਹਾਂ ਦੇ ਅਚੇਤ ਮਨਾਂ ਵਿਚ ਲੁਕੀ ਧਾਰਮਿਕਤਾ ਦਾ ਪ੍ਰਗਟਾਵਾ ਨਹੀਂ ਹੈ ? ਇਹ ਕਿਹੋ ਜਿਹਾ ਵਿਅੰਗ ਹੈ ਕਿ ਉਨ੍ਹਾਂ ਲੇਖਕਾਂ ਦੇ ਅੰਦਰ ਸੁਤਾ ਹੋਇਆ (ਜਾਂ ਜਿਸ ਨੂੰ ਉਹ ਮਰ ਚੁਕਾ ਸਮਝਦੇ ਸਨ) ਅੰਨ੍ਹਾ ਧਾਰਮਿਕ ਬੰਦਾ ਅਚਾਨਕ ਜਾਗ ਉਠਿਆ ਹੈ, ਤੇ ਉਹ ਲੇਖਕ ਮੁੜ ਕੇ ਧਰਮ ਦੀਆਂ ਉਨ੍ਹਾਂ ਹੀ ਵਲਗਣਾ ਵਿਚ ਘਿਰ ਗਏ ਹਨ, ਜਿਨ੍ਹਾਂ ਤੋਂ ਕਿ ਬਹੁਤ ਉਪਰ ਉਠ ਜਾਣ ਦਾ ਉਹ ਦਾਵਾ ਕਰਦੇ ਸਨ। ਕੁਝ ਇਕ ਮੰਨੇ-ਪਰਮੰਨੇ ਕਮਿਊਨਿਸਟ ਲੇਖਕ ਤਾਂ ਭਿੰਡਰਾਂਵਾਲੇ ਦੇ ਗੁਣ ਵੀ ਗਾਉਣ ਲਗੇ ਹਨ।

ਉਂਜ ਤਾਂ ਸ਼ੁਰੂ ਤੋਂ ਹੀ ਮਾਰਕਸਵਾਦ ਦੇ ਅਸਰ ਥੱਲੇ ਅਗਾਂਹਵਧੂ ਵਿਚਾਰਧਾਰਾ ਬਾਰੇ ਪੰਜਾਬੀ ਲੇਖਕਾਂ ਵਿਚ ਕਾਫੀ ਮਤਭੇਦ ਰਿਹਾ ਹੈ, ਪਰ ਪੰਜਾਬ-ਸੰਕਟ ਦੇ ਇਸ ਦੌਰ ਵਿਚ ਉਹ ਹੋਰ ਵੀ ਉੱਭਰ ਕੇ ਸਾਹਮਣੇ ਆਇਆ ਹੈ। ਤੇ ਮਜ਼ੇ ਦੀ ਗਲ ਹੈ ਕਿ ਸਾਰੇ ਹੀ ਅਗਾਂਹਵਧੂ ਲੇਖਕ ਆਪਣੇ ਪਰਸਪਰ-ਵਿਰੋਧੀ ਵਿਚਾਰਾਂ ਨੂੰ ਸਹੀ ਸਮਝਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਆਖਿਰ ਸਹੀ ਅਗਾਂਹਵਧੂ ਵਿਚਾਰਧਾਰਾ ਕਿਹੜੀ ਹੈ ? ਸ਼ਾਇਦ ਹਰ ਅਗਾਂਹਵਧੂ ਲੇਖਕ ਕਹੇਗਾ ਕਿ ਅਜਿਹੀ ਵਿਚਾਰਧਾਰਾ ਹੋਣੀ ਕਾਫੀ ਨਹੀਂ ਹੈ, ਵਰਨਾ ਮਾਰਕਸਵਾਦ ਨੂੰ ਮੰਨਣ ਵਾਲੀਆਂ ਕਮਿਊਨਿਸਟ ਪਾਰਟੀਆਂ ਦੇ ਸੋਚਣ ਤੇ ਮੁਲੰਕਣ ਵਿਚ ਏਨਾ ਵਡਾ ਪਾੜਾ ਨਾ ਹੀ ਹੋਵੇ। ਇਹ ਪਾੜਾ ਪੰਜਾਬ ਸੰਕਟ ਬਾਰੇ ਉਨ੍ਹਾਂ ਦੇ ਵਿਚਾਰਾਂ ਅਤੇ ਮੁਲੰਕਣ ਵਿਚ ਵੀ ਵੇਖਿਆ ਜਾ ਸਕਦਾ ਹੈ, ਅਸਲ ਵਿਚ ਵਿਗਿਆਨਕ ਵਿਚਾਰਧਾਰਾ ਤੋਂ ਛੁਟ ਆਦਮੀ ਦਾ ਜਜ਼ਬਾਤੀ (ਮਾਨਸਿਕ) ਤੌਰ ਤੇ ਸੰਤੁਲਤ ਹੋਣਾ ਵੀ ਜ਼ਰੂਰੀ ਹੈ। ਜਜ਼ਬਾਤੀ ਅਸੰਤੁਲਨ ਕਿਸੇ ਬਹੁਤ ਪੜ੍ਹੇ-ਲਿਖੇ ਤੇ ਸਿਆਣੇ ਬੰਦੇ ਨੂੰ ਵੀ ਡਾਵਾਂਡੋਲ ਕਰਕੇ ਕੁਰਾਹੇ ਪਾ ਸਕਦਾ ਹੈ। ਜਿਸ ਤੋਂ ਛੁਟ ਆਦਮੀ ਦਾ ਈਮਾਨਦਾਰ ਹੋਣਾ ਵੀ ਜ਼ਰੂਰੀ ਹੈ —ਕਿਸੇ ਧਰਮ ਜਾਂ ਰਾਜਸੀ ਵਿਚਾਰਧਾਰਾ ਬਾਰੇ ਹੀ ਨਹੀਂ, ਖੁਦ ਆਪਣੇ ਬਾਰੇ ਵੀ। ਬੇਈਮਾਨ ਤੇ ਮੌਕਾ ਪ੍ਰਸਤ ਆਦਮੀ ਵਿਗਿਆਨਕ ਵਿਚਾਰਧਾਰਾ ਦੇ ਹੁੰਦਿਆਂ ਵੀ ਸੁਚੇਤ ਜਾਂ ਅਚੇਤ ਤੌਰ 'ਤੇ ਗਲਤ ਢੰਗ ਨਾਲ ਸੋਚਦੇ ਹਨ ਤੇ ਆਪਣੇ ਵਿਚਾਰਾਂ ਨੂੰ ਆਪਣੇ ਮੁਫਾਦਾਂ ਅਨੁਸਾਰ ਸਹੀ ਸਾਬਤ (ਰੇਸ਼ਨਲਾਈਜ਼) ਕਰਦੇ ਹਨ। ਇਹ ਚੀਜ਼ ਵਿਅਕਤੀਗਤ ਪੱਧਰ ਤੇ ਹੀ ਨਹੀਂ, ਸੰਸਥਾਵਾਂ ਤੇ ਪਾਰਟੀਆਂ ਦੀ ਪੱਧਰ ਤੇ ਵੀ ਆਮ ਵੇਖਣ ਵਿਚ ਆਉਂਦੀ ਹੈ। ਇਹੋ ਚੀਜ਼ਾਂ ਪੰਜਾਬ ਸੰਕਟ ਬਾਰੇ ਛਪੀਆਂ ਅਧਿਕਾਂਸ਼ ਰਚਨਾਵਾਂ ਦੇ ਲੇਖਕਾਂ ਵਿਚ ਵੇਖੀ ਜਾ ਸਕਦੀ ਹੈ।

ਜ਼ਾਤ-ਪਾਤ ਅਤੇ ਧਰਮ ਦੇ ਸੌੜੇ ਘੇਰੇ 'ਚੋਂ ਉਪਰ ਉਠੇ ਹੋਏ ਬੰਦਿਆਂ ਵਿਚ ਹੀ ਨਹੀਂ, ਮਾਰਕਸਵਾਦ ਨੂੰ ਮੰਨਣ ਵਾਲਿਆਂ ਦੇ ਧੁਰ ਅੰਦਰ ਵੀ — ਉਨ੍ਹਾਂ ਦੇ ਅਚੇਤ ਮਨ ਵਿਚ ਇਕ ਸਿਖ ਜਾਂ ਹਿੰਦੂ ਜਾਂ ਮੁਸਲਮਾਨ ਜਾਂ ਈਸਾਈ ਲੁਕਿਆ ਹੋਇਆ ਹੁੰਦਾ ਹੈ, ਜੋ ਕਿ ਆਦਿ ਕਾਲੀਨ ਮਨੁਖ (ਪ੍ਰਿਮਿਟਵ ਮੈਨ) ਦਾ ਹੀ ਰੂਪ ਹੈ, ਤੇ ਕਿਸੇ ਜ਼ਾਤੀ ਜਾਂ ਸਮਾਜੀ ਸੰਕਟ ਵੇਲੇ ਅਚਾਨਕ ਜਾਗਦਾ ਤੇ ਉਸਦੀ ਸੋਚਣੀ ਨੂੰ ਇਸ ਹਦ ਤਕ ਪ੍ਰਭਾਵਤ ਕਰਦਾ ਹੈ ਕਿ ਬੰਦਾ ਆਪਣੀ ਵਿਚਾਰਧਾਰਾ ਦੀ ਠੋਸ ਧਰਤੀ ਤੇ ਖੜੋਤਾ ਹੋਇਆ ਵੀ ਡਾਵਾਂਡੋਲ ਹੋ ਜਾਂਦਾ ਹੈ। ਉਸਦੇ ਅੰਨ੍ਹੇ ਜਜ਼ਬੇ ਉਸ ਦਿਮਾਗ ਤੇ ਹਾਵੀ ਹੋ ਜਾਂਦੇ ਹਨ। ਸੱਚ ਪੁਛੋ ਤਾਂ ਉਸਦੀ ਵਿਚਾਰਧਾਰਾ ਉਸਦੇ ਦਿਮਾਗ ਦੀ ਪੱਧਰ 'ਤੇ ਹੀ ਹੁੰਦੀ ਹੈ, ਜਿਸ ਨੇ ਉਸ ਦੇ ਮਨ ਦੀਆਂ ਡੂੰਘਾਣਾਂ ਵਿਚ ਪ੍ਰਵੇਸ਼ ਨਹੀਂ ਕੀਤਾ ਹੁੰਦਾ।

ਇਹ ਹੋਰ ਦਿਲਚਸਪ ਗੱਲ ! ਪੰਜਾਬ ਸੰਕਟ ਦੇ ਇਸ ਦੌਰ ਵਿਚ ਜਿਨ੍ਹਾਂ ਲੋਕਾਂ ਦੇ ਅੰਦਰ ਸੁਤਾ ਹੋਇਆ ਹਠਧਰਮੀ ਸਿਖ (ਧਾਰਮਿਕ ਬੰਦਾ) ਜਾਗਿਆ ਹੈ, ਜੋ ਕਿ ਗੁਰਬਾਣੀ ਜਾਂ ਮਨੁਖਵਾਦ ਦੀ ਕਸੌਟੀ ਤੇ ਕਿਸੇ ਤਰ੍ਹਾਂ ਵੀ ਸਹੀ ਸਿੱਖ ਨਹੀਂ ਕਿਹਾ ਜਾ ਸਕਦਾ। ਉਸਦਾ ਸਬੰਧ ਸਿਰਫ ਧਰਮ ਨਾਲ ਹੀ ਨਹੀਂ, ਜ਼ਾਤ-ਪਾਤ ਨਾਲ ਵੀ ਹੈ — ਉਹ ਨਿਰੋਲ ਸਿੱਖ ਦੀ ਥਾਂ ਜੱਟ ਸਿੱਖ ਜਾਂ ਭਾਪਾ ਜਾਂ ਰਾਮਗੜ੍ਹੀਆ ਜਾਂ ਮਜ਼ਹਬੀ ਸਿੱਖ ਵੀ ਹੈ। ਤੇ ਉਹ ਧਰਮ ਤੋਂ ਛੁਟ ਕਿਸ ਜ਼ਾਤਪਾਤ ਦੇ ਨੁਕਤੇ ਤੋਂ ਵੀ ਪੰਜਾਬ ਦੇ ਮਸਲੇ ਨੂੰ ਵੇਖਦਾ ਪਰਖਦਾ ਹੈ, ਏਨਾ ਹੀ ਨਹੀਂ, ਉਸ ਸਿੱਖ ਦਾ ਰੂਪ ਰਾਜਸੀ ਵੀ ਹੈ — ਉਸ ਰਾਜਸੀ ਪਾਰਟੀ ਨਾਲ ਮਿਲਦਾ-ਜੁਲਦਾ ਜਿਸ ਨਾਲ ਕਿ ਉਹ ਜ਼ਾਹਿਰਾ ਜਾਂ ਗੈਰ ਜ਼ਾਹਿਰਾ ਤੌਰ ਤੇ ਜੁੜਿਆ ਹੋਇਆ ਹੈ। ਅਸਲ ਵਿਚ ਵੇਖਿਆ ਜਾਵੇ, ਤਾਂ ਬੌਧਿਕ ਤੇ ਮਾਨਸਿਕ ਨੁਕਤੇ ਤੋਂ ਉਹ ਸੁਤੰਤਰ ਮਨੁੱਖ ਨਹੀਂ ਹੈ, ਸਗੋਂ ਕਿਸੇ ਇੱਜੜ ਦਾ ਬੰਦਾ ਹੈ। ਉਸਦੀ ਮਾਨਸਿਕਤਾ ਅਤੇ ਵਤੀਰਾ ਇੱਜੜ ਦੇ ਬੰਦੇ ਨਾਲੋਂ ਵਖਰਾ ਨਹੀਂ ਜਾਪਦਾ, ਸਹੀ ਅਰਥਾਂ ਵਿਚ ਸੁਤੰਤਰ ਮਨੁਖ ਬਣਕੇ ਜਿਉਣਾ ਤੇ ਸੁਚੇਤ ਤੇ ਅਚੇਤ ਤੁਅੱਸਬਾਂ ਤੋਂ ਉਪਰ ਉਠਕੇ ਸੋਚਣਾ ਸੌਖਾ ਨਹੀਂ ਹੈ ਆਦਮੀ ਆਮ ਤੌਰ ਤੇ ਕਿਸੇ ਸਮੂਹ ਜਾਂ ਇੱਜੜ ਦੀ ਮਾਨਸਿਕਤਾ ਨਾਲ ਹੀ ਸੋਚਦਾ ਹੈ ਕਈ ਮੌਕਿਆਂ ਤੇ ਉਸਦੇ ਅਚੇਤ ਮਨ ਵਿਚ ਬੈਠਾ ਆਦਿ ਕਾਲੀਨ ਮਨੁਖ ਦੇ ਦਿਲ ਦਿਮਾਗ 'ਤੇ ਹਾਵੀ ਹੋ ਜਾਂਦਾ ਹੈ — ਉਹ ਆਦਿ ਕਾਲੀਨ ਮਨੁੱਖ, ਜੋ ਜਹਾਲਤ ਤੋਂ ਉਪਰ ਨਹੀਂ ਸੀ ਉਠਿਆ ਤੇ ਜਿਸ ਦਾ ਬਹੁਤ ਸਾਰਾ ਵਤੀਰਾ ਜਾਨਵਰਾਂ ਦੀ ਪੱਧਰ ਤੇ ਹੀ ਸੀ। ਅੱਜ ਵੀ ਆਦਮੀ ਆਪਣੀ ਸੁਤੰਤਰ ਹੋਂਦ ਦੀ ਥਾਂ ਵਧੇਰੇ ਕਰਕੇ ਜਿਉਂਦਾ-ਵਿਚਾਰਦਾ ਹੈ: ਸੁਤੰਤਰ ਤੇ ਸਮੂਹਕ ਮਨੁਖ ਦੀਆਂ ਹੋਂਦਾਂ ਅਤੇ ਸੋਚਣੀ ਵਿਚ ਬਹੁਤ ਵਡਾ ਫਰਕ ਹੁੰਦਾ ਹੈ। ਇਹ ਫਰਕ ਪੰਜਾਬ ਦੇ ਇਸ ਸੰਕਟ ਵਿਚ ਆਮ ਲੋਕਾਂ ਵਿਚ ਨਾ ਉਭਰਕੇ ਪ੍ਰਗਟਿਆ ਹੋ ਹੈ, ਕਈ ਅਗਾਂਹਵਧੂ ਜਾਂ ਵਿਗਿਆਨਕ ਵਿਚਾਰਧਾਰਾ ਤੇ ਝੰਡਾ ਬਰਦਾਰ ਬੰਦਿਆਂ ਵਿਚ ਵੀ ਬਹੁਤ ਸਾਫ ਤੌਰ ਤੇ ਵੇਖਣ ਵਿਚ ਆਇਆ ਹੈ, ਇਹ ਇਸ ਗਲ ਦਾ ਸਬੂਤ ਹੈ ਕਿ ਆਦਮੀ ਅੱਜ ਭਾਵੇਂ ਦਿਮਾਗੀ ਤੌਰ ਤੇ ਵਿਕਾਸ ਦੀਆਂ ਸਿਖਰਾਂ ਛੋਹ ਰਿਹਾ ਹੈ, ਪਰ ਮਾਨਸਿਕ ਤੌਰ ਤੇ ਹਜ਼ਾਰਾਂ ਸਾਲ ਪਹਿਲਾਂ ਦੇ ਆਦਮੀ ਦੀ ਪੱਧਰ ਤੋਂ ਬਹੁਤ ਉਪਰ ਨਹੀਂ ਉਠ ਸਕਿਆ ਹੈ। ਏਸੇ ਲਈ ਉਹ ਹਰ ਸੰਕਟ ਦੇ ਸਮੇਂ ਵਿਚ ਸੁਤੰਤਰ ਮਨੁੱਖ ਦੀ ਥਾਂ ਸਮੂਹ ਦੀ ਮਾਨਸਿਕਤਾ ਨਾਲ ਸੋਚਦਾ ਤੇ ਵਿਚਰਦਾ ਹੈ — ਉਸ ਸਮੂਹ ਦੇ ਧਰਮ, ਜ਼ਾਤ-ਪਾਤ, ਰਾਜਸੀ ਵਿਚਾਰਾਂ ਤੇ ਸੰਸਕਾਰਾਂ ਦਾ ਸ਼ਿਕਾਰ ਬਣਿਆ ਹੋਇਆ ਮਨੁੱਖ ਦੀ ਸੁਤੰਤਰ ਤੇ ਸਮੂਹਕ ਹੋਂਦ ਵਿਚਲਾ ਇਹ ਫਰਕ ਉਨ੍ਹਾਂ ਮੁਲਕਾਂ ਵਿਚ ਵੀ ਕਾਫੀ ਹੱਦ ਤਕ ਏਸੇ ਰੂਪ ਵਿਚ ਵੇਖਣ ਵਿਚ ਆਉਂਦਾ ਹੈ। ਜਿਥੇ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਸੁਚੇਤ ਤੌਰ ਤੇ ਮਾਰਕਸਵਾਦ ਵਰਗੀ ਵਿਗਿਆਨਕ ਵਿਚਾਰਧਾਰਾ ਦਾ ਪ੍ਰਚਾਰ ਹੁੰਦਾ ਆ ਰਿਹਾ ਹੈ ਤੇ ਇਕ ਨਵਾਂ ਮਨੁੱਖ ਸਿਰਜਣ ਦੇ ਦਾਹਵੇ ਕੀਤੇ ਜਾ ਰਹੇ ਹਨ।

ਪੰਜਾਬ ਸੰਕਟ ਅਤੇ ਖਾਸ ਤੌਰ ਤੇ ਹਰਿਮੰਦਰ ਸਮੂਹ ਵਿਚ ਬਹੁਤ ਸਾਰੇ ਇਤਰਾਜਯੋਗ ਨੁਕਤਿਆਂ ਦੀ ਥਾਂ ਮੈਂ ਫਿਲਹਾਲ ਸਿਰਫ ਇਕ ਨੁਕਤੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਕਿਸੇ ਵੀ ਧਾਰਮਿਕ ਜਾਂ ਇਤਿਹਾਸਕ ਇਮਾਰਤ ਨੂੰ ਨਸ਼ਟ ਜਾਂ ਭ੍ਰਸ਼ਟ ਕਰਨਾ ਬਹੁਤ ਵਡਾ ਗੁਨਾਹ ਹੈ ਇਹ ਇਮਾਰਤਾਂ ਮਨੁਖੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਸ਼ਾਹਕਾਰ ਹਨ। ਫੌਜੀ ਕਾਰਵਾਈ ਵਿਚ ਅਕਾਲ ਤਖਤ ਦੀ ਤਬਾਹੀ ਵੀ ਸਿੱਖਾਂ ਤੇ ਗੈਰ ਸਿੱਖ ਸ਼ਰਧਾਲੂਆਂ ਦੇ ਹੀ ਜਜ਼ਬਿਆਂ ਤੇ ਨਹੀਂ, ਸਮੁੱਚੀ ਮਨੁਖੀ ਤਹਿਜ਼ੀਬ 'ਤੇ ਵੀ ਬੜੀ ਵਡੀ ਸੱਟ ਹੈ। ਪਰ ਇਹ ਸੱਟ ਫੌਜੀ ਕਾਰਵਾਈ ਵਿਚ ਹੀ ਨਹੀਂ, ਉਸ ਤੋਂ ਪਹਿਲਾਂ ਵੀ ਕਈ ਮੌਕਿਆਂ ਤੇ ਵਜ ਚੁਕੀ ਸੀ। ਅਕਾਲ ਤਖਤ ਦੀ ਦੁਰਗਤੀ ਅਤੇ ਤੋੜ-ਭੰਨ ਅਤਿਵਾਦੀਆਂ ਦੇ ਹਥੋਂ ਵੀ ਮੋਰਚੇ ਬਣਾਉਣ ਨਾਲ ਹੋਈ ਸੀ। ਭਲਾ ਉਦੋਂ ਕਈਆਂ ਦੇ ਧਾਰਮਿਕ ਜਜ਼ਬਿਆਂ ਨੂੰ ਠੇਸ ਕਿਉਂ ਨਾ ਪਹੁੰਚੀ ? ਸੱਚ ਪੁਛੋ, ਤਾਂ ਇਹ ਚੀਜ਼ ਧਾਰਮਿਕ ਬੰਦਿਆਂ ਦੇ ਹੀ ਜਜ਼ਬਿਆਂ ਨੂੰ ਹੀ ਨਹੀਂ, ਉਨ੍ਹਾਂ ਲੋਕਾਂ ਦੇ ਵੀ ਮਨੁਖਵਾਦੀ ਜਜ਼ਬਿਆਂ ਨੂੰ ਠੇਸ ਪੁਚਾਉਣ ਵਾਲੀ ਸੀ, ਜਿਨ੍ਹਾਂ ਦੇ ਦਿਲਾਂ ਵਿਚ ਆਪਣੀ ਤਹਿਜ਼ੀਬ ਦੀਆਂ ਸਾਹਕਾਰ ਇਮਾਰਤਾਂ ਲਈ ਕਦਰਦਾਨੀ ਭਰੀ ਹੋਈ ਹੈ। ਇਹ ਮਨੁਖਵਾਦੀ ਜਜ਼ਬੇ ਧਾਰਮਿਕ ਜਜ਼ਬਿਆਂ ਨਾਲੋਂ ਕਿਤੇ ਵਧ ਸਿਹਤਮੰਦ ਤੇ ਉਚੇ ਸੁਚੇ ਹੁੰਦੇ ਹਨ। ਅਜਿਹੇ ਲੋਕਾਂ ਨੂੰ ਧਾਰਮਿਕ ਜਾਂ ਇਤਿਹਾਸਕ ਇਮਾਰਤਾਂ ਦੀ ਤਬਾਹੀ ਨਾਲ ਹੀ ਨਹੀਂ, ਆਮ ਲੋਕਾਂ ਦੇ ਕਤਲਾਂ ਤੇ ਉਨ੍ਹਾਂ ਦੇ ਘਰ ਪਰਵਾਰਾਂ ਦੀ ਤਬਾਹੀ ਨਾਲ ਵੀ ਅੰਤਾਂ ਦਾ ਦੁਖ ਹੁੰਦਾ ਹੈ।

ਅੱਤਵਾਦੀਆਂ ਦੇ ਹਥੋਂ ਅਕਾਲ ਤਖਤ ਦੀ ਤੋੜ ਭੰਨ ਤੋਂ ਵੀ ਵੱਧ ਠੇਸ ਪਹੁੰਚਾਉਣ ਵਾਲੀ ਚੀਜ਼ ਹੈ, ਹਰਿਮੰਦਰ ਸਾਹਿਬ ਦਾ ਭ੍ਰਸ਼ਟ ਤੇ ਪਲੀਤ ਹੋਣਾ, ਜਿਥੋਂ ਕਿ ਪੂਰੀ ਹਿੰਦੂ ਜ਼ਾਤ ਲਈ ਖੁਲ੍ਹੇ ਆਮ ਨਫਰਤ ਫੈਲਾਈ ਜਾ ਰਹੀ ਸੀ, ਆਪਣੇ ਵਿਰੋਧੀਆਂ ਨੂੰ ਕਤਲ ਕਰਨ ਦੇ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਸਨ ਤੇ ਅਤਿਵਾਦੀਆਂ ਵਲੋਂ ਹੀ ਨਹੀਂ ਇਕ ਪੂਜਨੀਕ 'ਸੰਤ' ਵਲੋਂ ਵੀ ਅਜਿਹੀਆਂ ਅਸਭਿਆ ਤੇ ਜ਼ਹਿਰੀਲੀ ਜਬਾਨ ਬੋਲੀ ਜਾ ਰਹੀ ਸੀ, ਜਿਸ ਨੂੰ ਕੋਈ ਵੀ ਸਾਊ ਬੰਦਾ ਬੋਲਣੋਂ ਸ਼ਰਮ ਮਹਿਸੂਸ ਕਰੇ। ਇਸ ਤੋਂ ਵੀ ਵਧ, ਕਾਤਲਾਂ ਦੀ ਪਨਾਹਗਾਹ ਬਣੇ ਹਰਿਮੰਦਰ ਸਮੂਹ ਦੇ ਅੰਦਰ ਹੋਣ ਵਾਲੇ ਕਤਲਾਂ ਤੇ ਹੋਰ ਬਹੁਤ ਸਾਰੀਆਂ ਸ਼ਰਮਨਾਕ ਵਾਰਦਾਤਾਂ ਨੇ ਵੀ ਉਸ ਦੀ ਪਵਿਤਰਤਾ ਨੂੰ ਪਲੀਤ ਕੀਤਾ ਸੀ।

ਏਨਾ ਹੀ ਨਹੀਂ, ਅਤਿਵਾਦੀਆਂ ਦੇ ਕਬਜ਼ੇ ਤੋਂ ਵੀ ਬਹੁਤ ਪਹਿਲਾਂ ਹਰਿਮੰਦਰ-ਸਮੂਹ ਦੀ ਪਵਿੱਤਰਤਾ ਉਦੋਂ ਪਲੀਤ ਹੋਣੀ ਸ਼ੁਰੂ ਹੋਈ ਸੀ, ਜਦ ਉਹ ਇਕ ਰਾਜਸੀ ਪਾਰਟੀ ਦੇ ਹੱਥਾਂ 'ਚ ਰਾਜਨੀਤੀ ਦੇ ਹਥਕੰਡਿਆਂ ਦਾ ਅੱਡਾ ਬਣਿਆ ਹੋਇਆ ਸੀ। ਸਿਰਫ ਸਿੱਖਾਂ ਦਾ ਹੀ ਨਹੀਂ ਬਹੁਤ ਸਾਰੇ ਹਿੰਦੂਆਂ ਅਤੇ ਹੋਰ ਕਈ ਗੈਰ ਸਿਖ ਸ਼ਰਧਾਵਾਨ ਲੋਕਾਂ ਦਾ ਵੀ ਧਰਮ ਅਸਥਾਨ ਆਖਿਰ ਅਜਿਹੀ ਰਾਜਸੀ ਪਾਰਟੀ ਦਾ ਅੱਡਾ ਕਿਉਂ ਬਣੇ, ਜੋ ਕਿ ਸਿੱਖਾਂ ਦੇ ਸਿਰਫ ਇਕ ਵਰਗ ਦੀ ਹੀ ਪ੍ਰਤੀਨਿਧ ਪਾਰਟੀ ਹੈ ਤੇ ਸਿੱਖੀ ਅਤੇ ਪੰਥ ਦੇ ਨਾਂ 'ਤੇ ਉਸ ਖਾਸ ਵਰਗ ਦੇ ਹਿਤਾਂ ਲਈ ਲੜ ਰਹੀ ਹੈ ? ਫੇਰ ਉਥੋਂ ਦਾ (ਤੇ ਕਈ ਹੋਰ ਸਿੱਖ ਧਰਮ-ਅਸਥਾਨਾਂ ਦਾ) ਪੂਜਾ ਧਨ (ਚੜ੍ਹਾਵਾ) ਰਾਜਨੀਤੀ ਲਈ ਕਿਉਂ ਵਰਤਿਆ ਜਾਏ ?

ਹਰ ਧਰਮ ਵਿਚ ਹੀ ਇਹ ਮੰਨਿਆ ਜਾਂਦਾ ਹੈ ਕਿ ਪੂਜਾ ਦਾ ਧਨ ਖਾਣ ਵਾਲੇ ਆਦਮੀ ਦਾ ਮਨ ਮਲੀਨ ਹੁੰਦਾ ਹੈ ਅਤੇ ਬੁੱਧੀ ਭਰਸ਼ਟੀ ਜਾਂਦੀ ਹੈ। ਇਹੋ ਗੱਲ ਕਿਸੇ ਸੰਸਥਾ ਜਾਂ ਪਾਰਟੀ ਤੇ ਵੀ ਲਾਗੂ ਹੁੰਦੀ ਹੈ। ਸਿੱਖਾਂ ਤੇ ਗੈਰ ਸਿੱਖਾਂ ਸਾਰਿਆਂ ਹੀ ਸ਼ਰਧਾਲੂਆਂ ਦਾ ਪੂਜਾ ਦਾ ਧਨ ਆਪਣੇ ਨਿੱਜੀ ਮਨੋਰਥਾਂ ਲਈ ਵਰਤਣ ਸਦਕਾ ਮਲੀਨ ਮਨ ਅਤੇ ਭ੍ਰਸ਼ਟ ਬੁੱਧੀ ਵਾਲੀ ਕੋਈ ਧਾਰਮਿਕ ਸੰਸਥਾ ਜਾਂ ਰਾਜਨੀਤਕ

(ਬਾਕੀ ਪੰਨਾ 5 ਤੇ)

(ਪੰਨਾ 4 ਦੀ ਬਾਕੀ)

ਪਾਰਟੀ ਉਸ ਧਰਮ ਅਸਥਾਨ ਦੀ ਪਵਿਤਰਤਾ ਨੂੰ ਕਿੰਨਾ ਕੁ ਕਾਇਮ ਰੱਖ ਸਕਦੀ ਹੈ ? ਆਪਣੇ ਨਾਲ ਉਹ ਉਸ ਨੂੰ ਵੀ ਲੈ ਡੁਬੇਗੀ ।

ਜਿਨ੍ਹਾਂ ਲੋਕਾਂ ਤੇ ਲੇਖਕਾਂ ਨੇ ਹਰਿਮੰਦਰ ਸਮੂਹ ਦੀ ਉਪਰੋਕਤ ਕਈ ਕਿਸਮ ਦੀ ਭ੍ਰਸ਼ਟਤਾ ਨੂੰ ਨਜ਼ਰ ਅੰਦਾਜ਼ ਕਰਕੇ ਸਿਰਫ ਫੌਜੀ ਕਾਰਵਾਈ ਨਾਲ ਹੋਈ ਭ੍ਰਸ਼ਟਤਾ 'ਤੇ ਹੀ ਹੰਝੂ ਕੇਰੇ ਤੇ ਫਿਰਕੂ ਜ਼ਹਿਰ ਉਗਲਿਆ ਹੈ, ਉਨ੍ਹਾਂ ਦੀ ਦਿਮਾਗੀ ਸੂਝ ਬੂਝ ਤੇ ਜਜ਼ਬਾਤੀ ਪ੍ਰੋੜਤਾ ਦੀ ਪੱਧਰ ਕਿੰਨੀ ਕੁ ਉਚੀ ਹੋ ਸਕਦੀ ਹੈ ।

ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਮੂਰਤੀ ਪੂਜਾ ਅੱਜ ਵੀ ਉਸੇ ਰੂਪ ਵਿਚ ਦੇਖਣ ਵਿਚ ਆਉਂਦੀ ਹੈ — ਦੇਵੀ ਦੇਵਤਿਆਂ ਦੀ ਹੀ ਨਹੀਂ ਮੜ੍ਹੀਆਂ ਮਸਾਣਾਂ, ਨਦੀਆਂ-ਸਰੋਵਰਾਂ, ਵੇਦਾਂ ਕਤੇਬਾਂ (ਧਾਰਮਿਕ ਗ੍ਰੰਥਾਂ), ਤੀਰਥਾਂ-ਮੰਦਰਾਂ, ਸਿੱਲਾਂ-ਵੱਟਿਆਂ ਆਦਿ ਦੀ ਵੀ ! ਧਰਮ ਦੇ ਇਨ੍ਹਾਂ ਪ੍ਰਤੀਕਾਂ ਨਾਲ ਆਦਮੀ ਆਪਣੇ ਦਿਮਾਗ ਦੀ ਪੱਧਰ ਤੋਂ ਬਹੁਤ ਥੱਲੇ ਜਹਾਲਤ ਦੀ ਪੱਧਰ ਤੇ ਆਕੇ ਜਿਸ ਤਰ੍ਹਾਂ ਜੁੜਿਆ-ਚਿਮਟਿਆ ਹੋਇਆ ਹੈ, ਇਹ ਉਸ ਦੇ ਵਿਕਾਰ ਗ੍ਰਸਤ (ਨਿਊਰੌਟਿਕ) ਮਨ ਦੀ ਨਿਸ਼ਾਨੀ ਹੈ। ਅਜਿਹੀ ਮੂਰਤੀ-ਪੂਜਾ ਨੂੰ ਗੁਰਬਾਣੀ ਵਿਚ ਵੀ ਥਾਂ ਥਾਂ ਨਿੰਦਿਆਂ ਗਿਆ ਹੈ ।

ਇਨ੍ਹਾਂ ਪ੍ਰਤੀਕਾਂ ਨਾਲ ਜਨੂੰਨ ਦੀ ਹੱਦ ਤਕ ਜੁੜਿਆ ਹੋਇਆ ਆਦਮੀ ਹਜ਼ਾਰਾਂ ਸਾਲ ਪਹਿਲਾਂ ਦੇ ਜ਼ਾਹਿਲ ਆਦਮੀ ਨਾਲੋਂ ਕਿੰਨਾ ਕੁ ਉਪਰ ਉਠ ਸਕਿਆ ਹੈ ? ਤੇ ਮਾਨਸਿਕ ਵਿਕਾਸ ਦੇ ਰਾਹ 'ਤੇ ਉਹ ਕਿੰਨਾ ਕੁ ਅਗੇ ਵਧ ਸਕਿਆ ਹੈ ? ਇਹ ਗਲ ਵਿਅਕਤੀ ਬਾਰੇ ਹੀ ਨਹੀਂ, ਸਮਾਜ ਬਾਰੇ ਵੀ ਕਹੀ ਜਾ ਸਕਦੀ ਹੈ। ਕਈ ਮੌਕਿਆਂ 'ਤੇ ਸਮਾਜ ਵੀ ਆਦਿ ਕਾਲੀਨ ਜ਼ਹਾਲਤ ਦਾ ਸਬੂਤ ਦਿੰਦਾ ਹੈ। ਆਮ ਲੋਕਾਂ ਦੇ ਵਹਿਸ਼ੀਆਨਾਂ ਕਤਲਾਂ ਦੇ ਮੁਕਾਬਲੇ ਵਿਚ ਕਿਸੇ ਧਾਰਮਿਕ ਪ੍ਰਤੀਕ ਦੇ ਟੁਟਣ-ਭਜਣ ਤੇ ਵਧੇਰੇ ਦੁਖੀ ਹੋਣਾ ਤੇ ਹਾਲ ਪਾਹਰਿਆਂ ਕਰਦਿਆਂ ਆਪਣਾ ਦਿਮਾਗੀ ਤੇ ਮਾਨਸਿਕ ਸੁਤੰਲਨ ਗਵਾ ਬੈਠਣਾ ਮਨੁਖ ਦੀ ਵਿਕਸਿਤ ਹੋਂਦ ਦੀ ਨਿਸ਼ਾਨੀ ਨਹੀਂ ਹੈ ।

ਇਹੋ ਗਲ ਉਨ੍ਹਾਂ ਬਹੁਤ ਸਾਰੇ ਬੰਦਿਆਂ ਬਾਰੇ ਵੀ ਕਹੀ ਜਾ ਸਕਦੀ ਹੈ, ਜੋ ਰੱਬ ਜਾਂ ਧਰਮ ਨੂੰ ਨਹੀਂ ਮੰਨਦੇ ਤੇ ਆਪਣੇ ਆਪ ਨੂੰ ਧਰਮ ਦੀ ਕੈਦ ਤੋਂ ਸੁਤੰਤਰ ਸਮਝਦੇ ਹਨ । ਪਰ ਉਨ੍ਹਾਂ ਦੀਆਂ ਹੋਂਦਾਂ ਦਾ ਇਕ ਹਿਸਾ ਸਹੀ ਅਰਥਾਂ ਵਿਚ ਧਾਰਮਿਕਤਾ ਤੋਂ ਛੁਟਕਾਰਾ ਨਹੀਂ ਪਾ ਸਕਿਆ ਹੁੰਦਾ । ਅਜਿਹੇ ਬੰਦੇ ਧਾਰਮਿਕ ਪ੍ਰਤੀਕਾਂ ਦੀ ਥਾਂ ਗੈਰ ਧਾਰਮਿਕ ਸਮਝੇ ਜਾਣ ਵਾਲੇ ਪ੍ਰਤੀਕਾਂ ਨਾਲ ਉਸੇ ਹੀ ਢੰਗ ਨਾਲ ਜੁੜੇ-ਚਿਮੜੇ ਹੁੰਦੇ ਹਨ — ਕਿਸੇ ਰਾਜਨੀਤਕ ਪਾਰਟੀ ਨਾਲ ਕਿਸੇ ਵਿਚਾਰਧਾਰਾ ਦੀ ਪੁਸਤਕ ਨਾਲ, ਉਸ ਪੁਸਤਕ ਵਿਚੋਂ ਕਢੀਆਂ ਮੰਤਰਾਂ ਵਰਗੀਆਂ ਕੁਝ ਟੂਕਾਂ ਨਾਲ, ਕਿਸੇ ਆਦਰਸ਼ਿਆਏ ਤੇ ਸਰਬ ਕਲਾਂ ਸੰਪੂਰਣ ਸਮਝੇ ਜਾਣ ਵਾਲੇ ਆਗੂ ਦੀ ਤਸਵੀਰ ਨਾਲ । ਤੇ ਇਨ੍ਹਾਂ ਚੀਜ਼ਾਂ ਦੀ ਨੁਕਤਾਚੀਨੀ ਉਹ ਸਹਾਰ ਤਕ ਨਹੀਂ ਸਕਦੇ ਤੇ ਕੱਟੜ ਧਾਰਮਿਕ ਬੰਦਿਆਂ ਵਾਂਗ, ਮਰਨ-ਮਾਰਨ ਲਈ ਤਿਆਰ ਹੋ ਉਠਦੇ ਹਨ । ਅਜਿਹੇ ਬੰਦੇ ਕਿਸੇ ਵਿਗਿਆਨਕ ਵਿਚਾਰਧਾਰਾ ਦੇ ਸ਼ੈਦਾਈ ਹੋਣ ਦੇ ਬਾਵਜੂਦ ਕਈ ਵਾਰ ਹਠਧਰਮੀਆਂ ਵਾਂਗ ਹੀ ਸੋਚਦੇ ਵਿਚਾਰਦੇ ਹਨ । ਧਰਮ ਦੀ ਥਾਂ ਕਿਸੇ ਧਰਮ ਨਿਰਪੇਖ ਖੇਤਰ ਵਿਚ ਆਉਣ 'ਤੇ ਉਸਦੇ ਅਗਿਆਨ ਤੇ ਅੰਧ ਵਿਸ਼ਵਾਸ਼ਾਂ ਦਾ ਹਨੇਰਾ ਦੂਰ ਹੁੰਦਾ ਹੈ, ਪਰ ਜਜ਼ਬਾਤੀ ਤੌਰ ਤੇ ਵੀ ਵੱਡੀ ਤਬਦੀਲੀ ਆਵੇ, ਤੇ ਉਹ ਇੱਜੜ ਦੀ ਮਾਨਸਕਤਾ, ਅਤੇ ਸੁਚੇਤ ਜਾਂ ਅਚੇਤ ਸੰਸਕਾਰਾਂ, ਤਅੱਸਬਾਂ ਆਦਿ ਤੋਂ ਛੁਟਕਾਰਾ ਪਾਕੇ ਸੁਤੰਤਰ ਵਿਚਾਰਾਂ ਅਤੇ ਸੰਤੁਲਤ ਜਜ਼ਬਿਆਂ ਵਾਲਾ ਮਨੁੱਖ ਬਣ ਕੇ ਜੀਵੇ ।

●●●

ANKARS FARMS LTD.
BLUEBERRY FARM & NURSERY

Blue Crop Plants Available
Order 1000 or Over

3"x5" - routed cuttings 60¢ each
6"x12" - 1 Yr. field ready $1.00
12"x18" - 2 Yrs. old $1.50
18"x24" - 3 Yrs old $2.00

For further information Call :

KARAM SINGH
Ph. (604)941-8404 or
465-8440

ਭਾਰਤ ਦਰਪਣ

ਦਹਿਸ਼ਤ-ਵਿਰੋਧੀ ਬਿੱਲ ਪਾਰਲੀਮੈਂਟ ਵਿਚ ਪਾਸ

ਨਵੀਂ ਦਿਲੀ: ਲੋਕ ਸਭਾ ਨੇ ਦਹਿਸ਼ਤ-ਵਿਰੋਧੀ ਬਿਲ ਪਾਸ ਕਰ ਦਿਤਾ ਜਿਸ ਵਿਚ ਦਹਿਸ਼ਤਪਸੰਦ ਕਾਰਵਾਈਆਂ ਕਰਨ ਵਾਲੇ ਵਿਅਕਤੀਆਂ ਨੂੰ ਫਾਂਸੀ ਤੱਕ ਸਜ਼ਾ ਦਿਤੀ ਜਾਵੇਗੀ । ਭਾਰਤ ਵਿਚ ਦਹਿਸ਼ਤਪਸੰਦੀ ਕਾਰਵਾਈਆਂ ਨੂੰ ਰੋਕਣਾ ਇਸ ਬਿਲ ਦਾ ਉਦੇਸ਼ ਦੱਸਿਆ ਗਿਆ ਹੈ ।

ਐਸ. ਬੀ. ਚਵਾਨ ਨੇ ਇਹ ਬਿਲ ਲੋਕ ਸਭਾ ਵਿਚ ਰੱਖਦਿਆਂ ਕਿਹਾ ਕਿ ਦਹਿਸ਼ਤਪਸੰਦੀ ਮੁਲਕ ਲਈ ਖਤਰਾ ਬਣ ਰਹੀ ਹੈ। ਇਸ ਲਈ ਇਕ ਹੋਰ ਕਾਨੂੰਨ ਜਲਦੀ ਹੀ ਲੋਕ ਸਭਾ ਵਿਚ ਲਿਆਂਦਾ ਜਾਵੇਗਾ ।

ਇਸ ਕਾਨੂੰਨ ਅਧੀਨ ਗੜਬੜ ਵਾਲੇ ਇਲਾਕਿਆਂ ਵਿਚ ਦੋਸ਼ੀਆਂ ਨੂੰ ਤਿੰਨ ਤੋਂ ਸੱਤ ਸਾਲ ਤੱਕ ਦੀ ਸਜ਼ਾ ਦਿਤੀ ਜਾ ਸਕੇਗੀ। ਨਾਲ ਹੀ ਜੁਰਮਾਨੇ ਵੀ ਕੀਤੇ ਜਾ ਸਕਣਗੇ । ਘੱਟੋ ਘੱਟ ਸਜ਼ਾ ਇਕ ਸਾਲ ਹੋਵੇਗੀ ।

ਲੋਕ ਸਭਾ ਵਿਚ ਇਸ ਬਿੱਲ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿਤਾ ਗਿਆ ।

ਵਿਰੋਧੀ ਪਾਰਟੀਆਂ ਵਲੋਂ 'ਦੂਰਦਰਸ਼ਨ' ਅਤੇ ਆਲ ਇੰਡੀਆ ਰੇਡੀਓ ਦੀ ਆਲੋਚਨਾ

ਨਵੀਂ ਦਿਲੀ: ਵਿਰੋਧ ਪਾਰਟੀਆਂ ਨੇ ਮੰਗ ਕੀਤੀ ਹੈ ਕਿ 'ਦੂਰਦਰਸ਼ਨ' ਅਤੇ ਆਲ ਇੰਡੀਆ ਰੇਡੀਓ ਸਰਕਾਰੀ ਬੋਲੀ ਬੋਲਦੇ ਹਨ ਇਸ ਲਈ ਇਨ੍ਹਾਂ ਨੂੰ ਇਕ ਖੁਦਮੁਖਤਿਆਰ ਕਾਰਪੋਰੇਸ਼ਨ ਵਿਚ ਬਦਲਿਆ ਜਾਵੇ ਤਾਂ ਕਿ ਸਭ ਰਾਜਸੀ ਪਾਰਟੀਆਂ ਨੂੰ ਇਕੋ ਜਿਹੀ ਵਕਤ ਮਿਲੇ ।

ਸੂਚਨਾ ਅਤੇ ਪ੍ਰਸਾਰਨ ਮੰਤਰੀ ਐਨ. ਵੀ. ਗੈਡਗਿਲ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਨੂੰ ਪਹਿਲਾਂ ਹੀ ਸਰਕਾਰ ਨਾਲੋਂ ਵੱਧ ਕਵਰੇਜ ਮਿਲਦੀ ਹੈ।

ਗੁਜਰਾਤ ਵਿਚ ਹਾਲਤ ਸੁਧਰੀ —ਕਰਫਿਊ ਹਟਾ ਦਿਤਾ ਗਿਆ

ਅਹਿਮਦਾਬਾਦ: ਪਿਛਲੇ ਪੰਜ ਦਿਨ ਤੋਂ ਅਹਿਮਦਾਬਾਦ ਵਿਚ ਰੀਜ਼ਰਵੇਸ਼ਨ ਵਿਰੋਧੀ ਕਾਰਵਾਈਆਂ ਨੂੰ ਠੱਲ੍ਹ ਪਈ ਹੈ ਅਤੇ ਹਾਲਾਤ ਸੁਧਾਰ ਵੱਲ ਤੁਰੇ ਹਨ। ਦਿਨ ਦਾ ਕਰਫਿਊ ਹਟਾ ਦਿਤਾ ਗਿਆ ਹੈ। ਕੇਵਲ ਗੋਮਤੀਪੁਰ, ਸਰਸਪੁਰ ਅਤੇ ਓਬਾਬ ਵਿਚ ਅਜੇ ਵੀ ਕਰਫਿਊ ਜਾਰੀ ਹੈ।

ਬੱਸਾਂ ਅਤੇ ਰੇਲਾਂ ਦੀ ਆਵਾਜਾਈ ਆਮ ਵਾਂਗ ਹੋ ਰਹੀ ਹੈ ।

ਅਗਵਾ ਕਾਂਡ 'ਚ ਸਰਕਾਰੀ ਗਵਾਹਾਂ ਦੀ ਗਵਾਹੀ ਮੁਕੰਮਲ

ਲਾਹੌਰ: ਇੰਡੀਅਨ ਏਅਰ ਲਾਈਨਜ਼ ਦੇ ਹਵਾਈ ਜਹਾਜ਼ ਨੂੰ ਅਗਵਾ ਕਰਨ ਵਾਲੇ ਪੰਜ ਸਿੱਖ ਅਗਵਾਕਾਰਾਂ ਵਿਰੁਧ ਕੇਸ ਦੇ ਮਾਮਲੇ ਵਿਚ ਸਰਕਾਰ ਨੇ ਆਪਣੇ ਗਵਾਹ ਭੁਗਤਾਉਣ ਦਾ ਕੰਮ ਮੁਕੰਮਲ ਕਰ ਲਿਆ ਹੈ। ਆਖਰੀ ਗਵਾਹ ਛਾਉਣੀ ਖੇਤਰ ਦਾ ਸਾਬਕਾ ਡੀ. ਐਸ. ਪੀ. ਆਗਾ ਮੁਹੰਮਦ ਸਫਦਰ ਸੀ ਜੋ ਇਸ ਕੇਸ ਦਾ ਪੜਤਾਲੀਆ ਅਫਸਰ ਵੀ ਹੈ ।

ਉਨ੍ਹਾਂ ਕਿਹਾ ਕਿ ਕਰਨਲ ਤਾਰਿਕ ਮਹਿਮੂਦ ਨੇ ਲਾਹੌਰ ਹਵਾਈ ਅੱਡੇ ਦੇ ਮੁਸਾਫਰਖਾਨੇ ਵਿਚ ਤਿੰਨ ਦੋਸ਼ੀ ਉਸ ਦੇ ਹਵਾਲੇ ਕੀਤੇ ਸਨ। ਇਸ ਤੋਂ ਬਾਅਦ ਐਸ. ਪੀ. ਛਾਉਣੀ ਚੌਧਰੀ ਬਸ਼ੀਰ ਅਹਿਮਦ ਨੇ ਦੋ ਹੋਰ ਦੋਸ਼ੀ ਉਸ ਹਵਾਲੇ ਕੀਤੇ। ਇਨ੍ਹਾਂ ਪੰਜਾਂ ਦੋਸ਼ੀਆਂ ਦੇ ਨਾਂ ਗਜਿੰਦਰ ਸਿੰਘ, ਸਤਿਨਾਮ ਸਿੰਘ, ਜਸਬੀਰ ਸਿੰਘ, ਕਰਨ ਸਿੰਘ ਅਤੇ ਜੋਗਿੰਦਰ ਪਾਲ ਸਿੰਘ ਸਨ ।

ਆਗਾ ਮੁਹੰਮਦ ਸਫਦਰ ਨੇ ਦਸਿਆ ਕਿ ਜਾਮਾ ਤਲਾਸ਼ੀ ਦੌਰਾਨ ਜੋਗਿੰਦਰ ਪਾਲ ਸਿੰਘ ਪਾਸੋਂ ਬੋਰਡਿੰਗ ਕਾਰਡ ਅਤੇ ਟਿਕਟ ਮਿਲੀ । ਦੋ ਕਿਰਪਾਨਾਂ ਵੀ ਕਰਨਲ ਤਾਰਿਕ ਮਹਿਮੂਦ ਨੇ ਉਸ ਨੂੰ ਸੌਂਪੀਆਂ । ਜਸਬਰੀ ਸਿੰਘ, ਸਤਨਾਮ ਸਿੰਘ ਅਤੇ ਕਰਨ ਸਿੰਘ ਜ਼ਖਮੀ ਹਨ । ਬਾਕੀ ਦੋਸ਼ੀਆਂ ਦੀ ਤਲਾਸ਼ੀ ਦੌਰਾਨ ਕੁਝ ਨਹੀਂ ਮਿਲਿਆ ਕਿਉਂਕਿ ਉਹ ਟਿਕਟਾਂ ਵੀ ਜਹਾਜ਼ ਦੇ ਅੰਦਰ ਹੀ ਛੱਡ ਆਏ ਸਨ ।

ਉਸ ਕਿਹਾ ਕਿ ਮੈਜਿਸਟਰੇਟ ਅੱਗੇ ਪੇਸ਼ ਕਰਕੇ ਰਿਮਾਂਡ ਮੰਗਿਆ ਗਿਆ, ਪਰ ਉਨ੍ਹਾਂ ਸਿਰਫ ਗਿਆਰਾਂ ਦਿਨਾਂ ਦਾ ਹੀ ਦਿਤਾ । ਐਸ. ਐਚ. ਓ. ਦੱਖਣੀ ਛਾਉਣੀ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਕਿ ਦੋਸ਼ੀ ਇਕਬਾਲੀਆ ਬਿਆਨ ਦੇਣਾ ਚਾਹੁੰਦੇ ਹਨ। ਇਹਾ ਸੱਤ ਦਸੰਬਰ ਦੀ ਗੱਲ ਹੈ। ਮੈਜਿਸਟਰੇਟ ਨੇ ਉਨ੍ਹਾਂ ਨੂੰ ਸਬ ਜੇਲ੍ਹ ਭੇਜ ਦਿਤਾ । ਚਲਾਨ ਦਸ ਦਸੰਬਰ ਨੂੰ ਮੁਕੰਮਲ ਹੋਇਆ । ਉਹ ਇਹ ਨਹੀਂ ਦਸ ਸਕਿਆ ਕਿ ਕੁੱਲ ਕਿੰਨੇ ਗਵਾਹਾਂ ਦੇ ਬਿਆਨ ਹਵਾਈ ਅੱਡੇ ਉਤੇ ਲਏ ਗਏ ਸਨ।

ਸ੍ਰੀ ਨਗਰ 'ਚ ਪੁਲੀਸ ਗੋਲੀ ਨਾਲ 1 ਮਰਿਆ, 150 ਜ਼ਖਮੀ

ਸ੍ਰੀਨਗਰ: (ਵਿਸ਼ੇਸ਼ ਪ੍ਰਤੀਨਿਧ) — ਸ਼ਹਿਰ ਦੇ ਵਿਚਕਾਰ ਨਾਲਮਾਰ ਏਰੀਏ 'ਚ ਇਕ ਹਿੰਸਕ ਭੀੜ ਨੂੰ ਖਿਡਾਉਣ ਲਈ ਪੁਲੀਸ ਵਲੋਂ ਗੋਲੀ ਚਲਾਏ ਜਾਣ ਨਾਲ ਇਕ ਵਿਅਕਤੀ ਮਾਰਿਆ ਗਿਆ ਤੇ ਇਕ ਹੋਰ ਜ਼ਖਮੀ ਹੋਇਆ ।

ਪੁਲੀਸ ਦੇ ਦਸਣ ਅਨੁਸਾਰ ਪੁਲੀਸ ਨੇ ਲੋਕਪਾਂ ਨੂੰ ਖਿਡਾਉਣ ਲਈ ਪਹਿਲਾਂ ਲਾਠੀਚਾਰਜ ਕੀਤਾ ਤੇ ਅਥਰੂ ਗੈਸ ਛੱਡੀ । ਸਥਿਤੀ ਹੋਰ ਵਿਗੜਦੀ ਵੇਖ ਕੇ ਪੁਲੀਸ ਨੇ ਹਵਾ 'ਚ ਗੋਲੀ ਚਲਾਈ । ਜਦੋਂ ਫਿਰ ਵੀ ਹਿੰਸਾ ਉਤੇ ਉਤਾਰੂ ਭੀੜ ਨੇ ਪੁਲੀਸ ਉਤੇ ਸੋਡੇ ਦੀਆਂ ਬੋਤਲਾਂ ਤੇ ਇਟਾਂ ਵੱਟੇ ਮਾਰਣੇ ਜਾਰੀ ਰੱਖੇ ਤਾਂ ਪੁਲੀਸ ਨੂੰ ਗੋਲੀ ਚਲਾਉਣੀ ਪਈ । ਇਟਾਂ-ਵੱਟੇ ਵੱਜਣ ਕਾਰਨ ਕਈ ਪੁਲੀਸ ਮੁਲਾਜ਼ਮ ਜ਼ਖਮੀ ਹੋਏ ।

ਸ਼ਾਮ ਵੇਲੇ ਸ੍ਰੀਨਗਰ 'ਚ ਸਥਿਤੀ ਕਾਬੂ ਹੇਠ ਦੱਸੀ ਗਈ ।

ਰੋਹ 'ਚ ਆਏ ਮੁਜ਼ਾਹਰਾਕਾਰਾਂ ਨੇ ਕੌਮੀ ਸ਼ਾਹ ਰਾਹ ਉਤੇ ਆਵਾਜਾਈ ਰੋਕੀ । ਪੁਲੀਸ ਨੇ ਆਵਾਜਾਈ ਚਾਲੂ ਕਰਵਾਉਣ ਲਈ ਤਿੰਨ ਥਾਈਂ ਅੱਥਰੂ ਗੈਸ ਦੇ ਗੋਲੇ ਚਲਾਏ । ਇਹ ਮੁਜ਼ਾਹਕਾਰ ਮੰਗ ਕਰ ਰਹੇ ਸਨ ਕਿ ਕਲਕੱਤਾ ਹਾਈ ਕੋਰਟ ਦੇ ਉਨ੍ਹਾਂ ਵਕੀਲਾਂ ਵਿਰੁਧ "ਸਖਤ ਕਾਰਵਾਈ" ਕੀਤੀ ਜਾਵੇ ਜਿਨ੍ਹਾਂ ਨੇ "ਪਵਿੱਤਰ ਕੁਰਾਨ" ਉਤੇ ਪਾਬੰਦੀ ਲਾਏ ਜਾਣ ਦੀ ਮੰਗ ਨੂੰ ਲੈ ਕੇ ਰਿਟ ਪਟੀਸ਼ਨ ਕੀਤੀ ਹੈ ।

ਸ੍ਰੀਨਗਰ ਦੇ ਵੱਖ ਵੱਖ ਭਾਗਾਂ 'ਚ ਹੋਈਆਂ ਇਨ੍ਹਾਂ ਝੜਪਾਂ 'ਚ 100 ਪੁਲੀਸ ਵਾਲਿਆ ਸਮੇਤ 150 ਦੇ ਕਰੀਬ ਵਿਅਕਤੀ ਜ਼ਖਮੀ ਹੋਏ। ਪੁਲੀਸ ਦੇ ਦੋ ਅਫਸਰ ਗੰਭੀਰ ਜ਼ਖਮੀ ਹਾਲਤ 'ਚ ਹਸਪਤਾਲ ਦਾਖਲ ਕਰਾਏ ਗਏ । ਇਨ੍ਹਾਂ 'ਚ ਡੀ. ਐਸ. ਪੀ. (ਉਤਰੀ) ਸ੍ਰੀ ਐਮ. ਵਾਈ. ਰਾਠਰ ਵੀ ਸ਼ਾਮਲ ਹਨ ।

ਮੁਜ਼ਾਹਰਾਕਾਰਾਂ ਨੇ ਕਈ ਥਾਈਂ ਕੋਲ ਦੀ ਲੰਘਦੇ ਵਾਹਨਾਂ, ਨੇੜਲੇ ਘਰਾਂ ਤੇ ਡਿਊਟੀ ਦੇ ਰਹੇ ਪੁਲੀਸ ਮੁਲਾਜ਼ਮਾਂ ਉਤੇ ਇੱਟਾਂ ਵੱਟੇ ਮਾਰੇ ।

ਸ਼ਹਿਰ ਦੇ ਵਿਚਲੇ ਹਿੱਸਿਆਂ 'ਚ ਆਵਾਜਾਈ ਪੂਰੀ ਤਰ੍ਹਾ ਬੰਦ ਰਹੀ ਤੇ ਸਾਰੇ ਵਪਾਰਕ ਅਦਾਰੇ ਬੰਦ ਰਹੇ। ਮੁਜ਼ਾਹਰਾਕਾਰੀ ਨਾਹਰੇ ਆਉਂਦੇ ਹੋਏ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿਚ ਦੀ ਲੰਘੇ ।

ਉਨ੍ਹਾਂ ਨੇ ਅਹਿਮਦਾਬਾਦ ਤੇ ਹੋਰਨੀਂ ਥਾਈਂ ਹੋਏ ਫਿਰਕੂ ਫਸਾਦਾਂ ਵਿਰੁਧ ਵੀ ਆਵਾਜ਼ ਬੁਲੰਦ ਕੀਤੀ ।

ਸ੍ਰੀ ਨਗਰ ਤੋਂ ਰਾਜ ਦੇ ਦੂਜੇ ਜ਼ਿਲਿਆਂ ਲਈ ਬੱਸ ਸੇਵਾ ਪੂਰੀ ਤਰ੍ਹਾਂ ਬੰਦ ਰਹੀ । ਇਸ ਕਾਰਨ ਹਰ ਰੋਜ ਸਫਰ ਕਰਕੇ ਸ੍ਰੀਨਗਰ ਆਉਣ ਵਾਲੇ ਮੁਲਾਜ਼ਮ ਆਪਣੇ ਦਫਤਰਾਂ 'ਚ ਨਾ ਪੁੱਜ ਸਕੇ ।

ਆਂਧਰਾ ਪ੍ਰਦੇਸ਼ ਵਿਚ ਕੌਂਸਲ ਖਤਮ

ਨਵੀਂ ਦਿਲੀ: ਪਾਰਲੀਮੈਂਟ ਨੇ ਆਂਧਰਾ ਪ੍ਰਦੇਸ਼ ਦੀ ਸਰਕਾਰ ਵਲੋਂ ਪੇਸ਼ ਕੀਤਾ ਉਹ ਬਿਲ ਪਾਸ ਕਰ ਦਿਤਾ ਹੈ ਜਿਸ ਅਨੁਸਾਰ ਲੈਜਿਸਲੇਟਿਵ ਕੌਂਸਲ ਖਤਮ ਕਰ ਦਿਤੀ ਗਈ ਹੈ ।

ਅਗਲੇ ਅੰਕ ਵਿਚ ਪੜ੍ਹੋ
ਕਸ਼ਮੀਰਾ ਸਿੰਘ ਪਹਿਲਵਾਨ ਨਾਲ
'ਕੈਨੇਡਾ ਦਰਪਣ' ਵਲੋਂ
ਵਿਸ਼ੇਸ਼ ਮੁਲਾਕਾਤ

DOSANJH & PIRANI Lawyers

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

ਵਿਚਾਰ ਆਪੋ ਆਪਣੇ

ਵੈਰੀ ਦੀ ਠੀਕ ਪਛਾਣ ਕਰੋ

ਮੈਂ ਇਕ ਬੁੱਢਾ ਪੈਨਸ਼ਨਰ ਹਾਂ ਜਿਸਨੇ ਦੁਨੀਆਂ ਦੇ ਅਤੇ ਸਿੱਖ ਪੰਥ ਦੇ ਕਾਫੀ ਉਤਰਾ ਚੜ੍ਹਾ ਦੇਖੇ ਹਨ । ਪਰ ਮੈਂ ਇਹ ਕੁੱਝ ਗੱਲਾਂ ਆਪਣੀ ਪਿਆਰੀ ਸਿੱਖ ਨੌਜਵਾਨ ਪੀਹੜੀ ਨਾਲ ਕਰਨਾ ਚਾਹੁੰਦਾ ਹਾਂ ਜਿਸ ਦੇ ਸਾਹਮਣੇ ਅਜੇ ਲੰਮੀ ਉਮਰ ਜੀਊਣ ਜੋਗੀ ਪਈ ਹੈ। ਹੁਣ ਬੀਤ ਰਿਹਾ ਸਮਾਂ ਪੰਜਾਬ ਲਈ, ਹਿੰਦੁਸਤਾਨ ਲਈ ਅਤੇ ਖਾਸ ਕਰ ਸਿੱਖਾਂ ਲਈ ਬਹੁਤ ਗੰਭੀਰ ਸੰਕਟ ਦਾ ਸਮਾਂ ਹੈ। ਜ਼ਿੰਦਗੀ ਲੜਾਈ ਦਾ ਇਕ ਮੈਦਾਨ ਹੈ ਜਿਥੇ ਭਲੇ ਬੁਰੇ ਦੀ ਜੰਗ ਹੋ ਰਹੀ ਹੈ। ਇਸ ਵਿਚ ਹੌਂਸਲਾ, ਬਹਾਦਰੀ, ਜੋਸ਼ ਬਹੁਤ ਲੋੜੀਂਦੀਆਂ ਅਤੇ ਚੰਗੀਆਂ ਸਿਫਤਾਂ ਹਨ ਪਰ ਇਨ੍ਹਾਂ ਦੇ ਨਾਲ ਨਾਲ ਸਿਆਣਪ ਅਤੇ ਠੀਕ ਦਾਅ ਪੇਚਾਂ ਦੀ ਵੀ ਓਨੀ ਹੀ ਲੋੜ ਹੈ। ਨਹੀਂ ਤਾਂ ਜਿੱਤੀ ਹੋਈ ਬਾਜ਼ੀ ਵੀ ਮਾਤ ਪੈ ਜਾਂਦੀ ਹੈ।

ਸਭ ਤੋਂ ਪਹਿਲਾਂ ਲੋੜ ਇਸ ਗੱਲ ਦੀ ਹੈ ਕਿ ਤੁਹਾਨੂੰ ਆਪਣੇ ਵੈਰੀ ਦੀ ਠੀਕ ਪਛਾਣ ਹੋਵੇ। ਤੁਸੀਂ ਅਜਾਈਂ ਆਪਣੀ ਤਾਕਤ ਪਰਛਾਵਿਆਂ ਨਾਲ ਹੀ ਲੜਦਿਆਂ ਨਾ ਗੁਆ ਦਿਓ ਅਤੇ ਦੁਸ਼ਮਣ ਬਿਨਾਂ ਕੁੱਝ ਕੀਤੇ ਹੀ, ਤੁਹਾਡੀਆਂ ਗਲਤੀਆ ਆਸਰੇ ਹੀ ਜਿੱਤ ਆਵੇ। ਮੇਰੇ ਖਿਆਲ ਵਿਚ ਲੜਾਈ ਦਿਲੀ ਦਰਬਾਰ ਨਾਲ ਹੈ। ਤੁਸੀਂ ਦੇਖਣਾ ਹੈ ਕਿ ਤੁਹਾਡੇ ਕੀਤੇ ਕਿਸੇ ਵੀ ਕੰਮ ਦਾ ਅਸਲੀ ਨਤੀਜਾ ਕੀ ਨਿਕਲਦਾ ਹੈ ? ਦੋ ਚਾਰ ਬੰਦਿਆਂ ਨੂੰ ਕੁੱਟ ਮਾਰ ਕੇ ਤੁਸੀਂ ਕੁਝ ਦਿਨਾਂ ਲਈ ਕੁਝ ਲੋਕਾਂ ਵਿਚ ਦਹਿਸ਼ਤ ਤਾਂ ਪਾ ਸਕਦੇ ਹੋ, ਪਰ ਕੀ ਤੁਹਾਡੀ ਲਹਿਰ ਨੂੰ ਇਸਦਾ ਲਾਭ ਹੋਵੇਗਾ ? ਨਹੀਂ ਇਸ ਨਾਲ ਲੋਕ ਤੁਹਾਥੋਂ ਦੂਰ ਜਾਣਗੇ। ਤੁਸੀਂ ਲੋਕਾਂ ਨੂੰ ਨਾਲ ਲੈਣਾ ਹੈ। ਇਹ ਵੀ ਸੋਚੋ ਕਿ ਇਸ ਕੁੱਟ ਮਾਰ ਦਾ ਹੋਰ ਗੋਰੇ ਲੋਕਾਂ ਉਤੇ ਜਾਂ ਕੈਨੇਡਾ ਦੇ ਸਰਕਾਰੀ ਹਲਕਿਆਂ ਵਿਚ ਸਿੱਖਾਂ ਬਾਰੇ ਕੀ ਅਸਰ ਪਿਆ ਹੈ ਜਾਂ ਅੱਗੋਂ ਪਵੇਗਾ ?

ਤੁਹਾਡੀ ਲੜਾਈ ਗਿਣਤੀ ਦੇ ਕੁੱਝ ਬੰਦਿਆਂ ਨਾਲ ਨਹੀਂ ਹੈ ਜੋ ਸ਼ਾਇਦ ਤੁਹਾਡੇ ਨਾਲ ਪੂਰੀ ਤਰ੍ਹਾਂ ਤਾਂ ਸਹਿਮਤ ਨਾ ਹੋਣ ਪਰ ਉਹ ਦਿਲੀ — ਸਰਕਾਰ ਦੇ ਬੰਦੇ ਨਹੀਂ ਹਨ। ਇਹ ਠੀਕ ਹੈ ਕਿ ਕੁਝ ਖੁਦਗਰਜ਼ ਅਖਬਾਰਾਂ ਵਾਲੇ ਆਪਣੀ ਨਿੱਜੀ ਦੁਸ਼ਮਣੀ ਕੱਢਣ ਲਈ ਉਨ੍ਹਾਂ ਬਾਰੇ ਮੁੜ ਮੁੜ ਇਹ ਝੂਠ ਲਿਖ ਰਹੇ ਹੋਣ। ਕਈ ਅਖਬਾਰਾਂ ਦਾ ਕੰਮ ਹੀ ਇਹ ਹੈ ਕਿ ਅੱਜ ਉਹ ਕਿਸੇ ਨੂੰ ਜ਼ਿੰਦਾ ਸ਼ਹੀਦ ਅਤੇ 'ਪੰਥ ਰਤਨ' ਲਿਖਦੇ ਹਨ, ਫੇਰ ਉਸ ਨੂੰ ਅਨਪੜ੍ਹ, ਗਵਾਰ ਠੱਗ ਤੇ ਹੋਰ ਕਿੰਨਾ ਕੁਝ ਦੇ ਖਿਤਾਬ ਦਿੰਦੇ ਹਨ ਕਦੇ ਕਿਸੇ ਦੀ ਪੱਗ ਉਛਾਲਦੇ ਹਨ । ਫੇਰ ਨਿੱਤ ਮਾਫੀ ਨਾਮੇ ਛਾਪਦੇ ਰਹਿੰਦੇ ਹਨ । ਖਬਰੇ ਕਿਉਂ । ਖਬਰੇ ਡਰ ਕੇ ਸੁਲਾਹ ਕਰ ਲੈਂਦੇ ਹਨ ।ਖਬਰੇ ਗੱਫ ਮਿਲ ਜਾਂਦਾ ਹੈ। ਕਈ ਵਾਰ ਆਪ ਸਹੇੜੇ ਮੁਕਦਮਿਆਂ ਦੇ ਨਾਂ ਉਤੇ ਤੁਹਾਡੇ ਕੋਲੋਂ ਹਜ਼ਾਰਾਂ ਡਾਲਰ ਇਕੱਠੇ ਕਰ ਲੈਂਦੇ ਹਨ, ਹਾਲਾਂ ਕਿ ਲੜਾਈਆਂ ਨਿੱਜੀ ਹਨ। ਅੱਜ ਤੁਹਾਡੀ ਲੜਾਈ ਉਸ ਦਿਲੀ ਦਰਬਾਰ ਨਾਲ ਹੈ ਜੋ ਬੇਅਸੂਲ, ਬੇਰਹਿਮ, ਮੌਕਾ ਪ੍ਰਸਤ, ਬੇਈਮਾਨ ਅਤੇ ਜ਼ੋਰਾਵਰ ਹੈ। ਉਸ ਕੋਲ ਬੇਅੰਤ ਮਾਇਆ ਹੈ ਜਿਸ ਨਾਲ ਉਹ ਤੁਹਾਡੀਆਂ ਸਫਾਂ ਅੰਦਰ ਜਾਸੂਸ ਵਾੜ ਕੇ ਅੰਦਰੋਂ ਵੀ, ਗਲਤ ਨੀਤੀਆਂ ਨਾਲ, ਮਾਰੂ ਨੁਕਸਾਨ ਕਰਾ ਸਕਦਾ ਹੈ।

ਤੁਹਾਨੂੰ ਦੇਖਣਾ ਚਾਹੀਦਾ ਹੈ ਕਿ ਕਿਤੇ ਤੁਹਾਡੀਆਂ ਸਫਾਂ ਵਿਚ ਸਭ ਤੋਂ ਉਚੀ 'ਚੋਰ ਚੋਰ' ਦੀ ਦੁਹਾਈ ਪਾਣ ਵਾਲੇ ਬੰਦਿਆਂ ਚੋਂ ਕੋਈ ਆਪ ਹੀ ਤਾਂ ਚੋਰ ਨਹੀਂ।

ਪੰਥ ਦੀਆਂ ਸਫਾਂ ਵਿਚ ਦਿਲੀ ਸਰਕਾਰ ਨੇ ਬਾਰ ਬਾਰ ਆਪਣੇ ਬੰਦੇ ਵਾੜ ਕੇ ਲਹਿਰ ਦਾ ਭੱਠਾ ਬਹਾ ਦਿਤਾ ਹੈ ਇਹ ਕੰਮ ਸਰਕਾਰ ਲਈ ਅਖਬਾਰਾਂ ਵਾਲੇ ਸਭ ਤੋਂ ਸੌਖਾ ਕਰ ਸਕਦੇ ਹਨ। ਸੋ ਭਰਾਵੋ ! ਸਭ ਤੋਂ ਪਹਿਲਾਂ ਵੈਰੀ ਦੀ ਸਹੀ ਪਛਾਣ ਕਰੋ, ਨਾਲੇ ਅੰਦਰਲੇ ਦੁਸ਼ਮਣ ਦੀ ਵੀ ਤਾਂ ਕਿ ਇਹ ਪੰਥਕ ਲੜਾਈ ਜਿੱਤੀ ਜਾ ਸਕੇ ਅਤੇ ਖਾਲਸੇ ਦਾ ਬੋਲ-ਬਾਲਾ ਹੋਵੇ।

ਆਪ ਦਾ ਹਿਤੂ

ਸਰਵਣ ਸਿੰਘ,

ਆਪਣਾ ਹੀ ਸਾਇਆ ਜਦੋਂ ਛੱਡ ਗਿਆ ਸਾਥ ਸਾਡਾ
ਕਿਸੇ ਉੱਤੇ ਫੇਰ ਕੀ ਗਿਲਾ।

ਸਿਆਸੀ ਘਰੂਟ

● ਅਮਰੀਕਾ ਦੀ ਖੁਫੀਆ ਏਜੰਸੀ ਨੇ ਦਹਿਸ਼ਤ ਪਸੰਦਾਂ ਵਲੋਂ ਰਾਜੀਵ ਗਾਂਧੀ ਨੂੰ ਕਤਲ ਕੀਤੇ ਜਾਣ ਦੀ 'ਸਾਜ਼ਿਸ਼' ਫੜੀ ਹੈ। (ਕੈਨੇਡਾ ਦਰਪਣ - ਮੁਖ ਖਬਰ)

— ਫਿਰ ਅਮਰੀਕਾ ਤੋਂ ਬਿਨਾਂ ਇਹ ਸਾਜ਼ਿਸ਼ ਕਿਸ ਨੇ ਘੜੀ ਹੈ ?

● ਕੁਲਵੰਤ ਸਿੰਘ ਸਿੱਧੂ ਨੇ ਦੱਸਿਆ ਕਿ ਕਤਲ, ਕਮਾਂਡੋ, ਟੈਕਨੀਕ ਅਤੇ ਗੰਨ ਚਲਾਉਣ ਵਿਚ ਉਸਨੂੰ ਟਰੇਨਿੰਗ ਮਿਲੀ ਹੋਈ ਹੈ। (ਪ੍ਰੋਵਿਨਸ)

— ਏਸੇ ਲਈ ਉਹ ਸੱਚਾ ਸੁੱਚਾ ਅਮਨ ਪਸੰਦ ਖਾਲਿਸਤਾਨੀ ਹੈ।

● ਵਿਲੀਅਮਜ਼ਲੇਕ ਵਿਚ ਅਮਨ-ਕਾਇਮੀ ਲਈ ਕੋਸ਼ਿਸ਼ਾਂ (ਕੈਨੇਡਾ ਦਰਪਣ)

— ਜੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਵੱਡੇ ਆਗੂਆਂ ਵਿਘਨ ਨਾ ਪਾਇਆ ਤਾਂ ਜ਼ਰੂਰ ਸਿਰੇ ਚੜ੍ਹਨੀਆਂ ਚਾਹੀਦੀਆਂ ਹਨ।

● ਪ੍ਰਸਿਧ ਵਿਅਕਤੀ ਨੂੰ ਆਪਣੇ ਨਾਮ ਨਾਲੋਂ ਆਪਣੇ ਗੋਤ ਲਿਖਣੇ ਬੰਦ ਕਰਨੇ ਪੈਣਗੇ। (ਗੁਰਨਾਮ ਸਿੰਘ ਤੀਰ)

— ਤੀਰ ਜੀ ! ਤੁਹਾਨੂੰ ਵੀ "ਤੀਰ" ਲਿਖਣਾ ਛੱਡਣਾ ਪਵੇਗਾ ; ਪਰ ਤੁਸੀਂ ਭਿੰਡਰਾਂਵਾਲੇ ਵਾਂਗੂੰ ਹੱਥ ਵਿਚ "ਤੀਰ" ਫੜ ਸਕਦੇ ਹੋ।

● ਤੁਸੀਂ ਜਿਹੜੇ ਬਾਹਰ ਬੈਠੇ ਹੋ, ਕੈਨੇਡਾ ਅਤੇ ਇੰਗਲੈਂਡ ਵਿਚ - ਇਹ ਜਿਹੜੀਆਂ ਤੁਸੀਂ 'ਖਾਲਿਸਤਾਨ' ਦੀਆਂ ਗੱਲਾਂ ਕਰਦੇ ਹੋ, ਇਨ੍ਹਾਂ ਦੀ ਸਾਨੂੰ ਸਜ਼ਾ ਭੁਗਤਣੀ ਪੈਂਦੀ ਹੈ। (ਖੁਸ਼ਵੰਤ ਸਿੰਘ — ਰਾਜਿੰਦਰ ਸਿੰਘ ਪਰਮਾਰ ਨਾਲ ਰੇਡੀਓ ਇੰਟਰਵੀਊ 'ਚੋਂ)

— ਸਰਦਾਰ ਜੀ, ਬਾਹਰਲੇ ਖਾਲਿਸਤਾਨੀਆਂ ਲਈ ਤੁਹਾਡੀ ਇਹ ਸਲਾਹ ਮੰਨਣੀ ਔਖੀ ਹੈ, ਕਿਉਂ ਜੋ ਉਹਨਾਂ ਨੂੰ ਤੁਹਾਡੀ ਸਜ਼ਾ ਭੁਗਤਣ ਵਿਚੋਂ ਆਪਣੀ ਮੂਵਮੈਂਟ ਅੱਗੇ ਤੁਰਦੀ ਨਜ਼ਰ ਆ ਰਹੀ ਹੈ।

● ਪੰਜਾਬ ਦੀ ਸਿਆਸੀ ਸਥਿਤੀ ਗੰਭੀਰ ਦੱਸੀ ਜਾਂਦੀ ਹੈ। (ਕੈਨੇਡਾ ਦਰਪਣ)

— ਅੱਛਾ ਗਿੱਲ ਜੀ ! ਪਰ ਪਿਛਲੇ ਸਾਲ ਤਾਂ ਸ਼ਾਇਦ ਹੁਣ ਨਾਲੋਂ ਨਾਰਮਲ ਨਹੀਂ ਸੀ ?

● ਇਕ ਧਰਮ ਦੇ ਪਿਛਲਗ ਦੂਜੇ ਧਰਮ ਦੇ ਜਾਨੀ ਦੁਸ਼ਮਣ ਹਨ। ਹੁਣ ਤਾਂ ਇਕ ਧਰਮ ਦੇ ਹੋਣਾ ਹੀ ਦੂਜੇ ਧਰਮ ਦੇ ਕੱਟੜ ਵੈਰੀ ਹੋਣਾ ਹੈ। (ਸ਼ਹੀਦ ਸ: ਭਗਤ ਸਿੰਘ — ਕੈਨੇਡਾ ਦਰਪਣ)

— ਸ਼ਹੀਦੇ ਆਜ਼ਮ ਜੀ, ਤੁਹਾਡੀ ਆਖੀ ਹਕੀਕਤ, ਤੁਹਾਡੇ ਸਮੇਂ ਨਾਲੋਂ ਹੁਣ ਹੋਰ ਵੀ ਦਰੁਸਤ ਨਜ਼ਰ ਆਂਦੀ ਪਈ ਐ, ਘਰੂਟਾਂ ਵਾਲੇ ਨੂੰ। ਧਾਰਮਿਕ ਜਨੂੰਨੀਆਂ ਨੂੰ ਸ਼ਾਇਦ ਇਹ ਸਚਾਈ ਚੰਗੀ ਨਾ ਲੱਗੇ।

● ਵਿਦੇਸ਼ੀ ਖਾਲਿਸਤਾਨੀਆਂ ਦੇ ਦਿਮਾਗ ਦਾ ਦਿਮਾਗੀ ਤਿਵਾਜ਼ਨ ਗਾਇਬ ਹੋ ਗਿਆ ਹੈ ! (ਹਰਭਜਨ ਹਾਂਸ - ਕੈਨੇਡਾ ਦਰਪਣ)

— ਹਾਂਸ ਸਾਹਿਬ, ਤੁਹਾਡਾ ਨਿਰਨਾ ਵੀ ਦਰੁਸਤ ਹੈ ਅਤੇ ਵੈਸੇ ਹੈ ਵੀ ਹਕੀਕਤ। ਫੇਰ ਵਾਕ ਦੇ ਅੰਤ ਉਤੇ ਵਿਸਮਕ ਚਿੰਨ ਲਾਉਣ ਦੀ ਕੀ ਲੋੜ ਪੈ ਗਈ ?

ਘਰੂਟਾਂ ਵਾਲੇ ਦੀ ਕਲਮ ਤੋਂ

● ਜ਼ੋਰ ਲਗਾਓ ਕਿ ਆਪਣੇ ਸਾਰੇ ਭਾਰਤੀਆਂ ਦੀਆਂ ਜ਼ਿੰਦਗੀਆਂ ਚੋਂ ਕੁੜੱਤਣਾਂ ਆਪਾਂ ਪੀ ਜਾਈਏ। (ਉਜੱਲ ਦੁਸਾਂਝ)

— ਉਜੱਲ ਜੀ ਉਨੀ ਕੀ ਛਾਲ ਮਾਰੀਏ ਜਿੰਨੀ ਕੁ ਜਾਨ ਹੋਵੇ। ਫੋਕੀਆਂ ਫੜਫੂਲੀਆਂ ਨਾਲ ਮਜ਼ਾਕ ਹੀ ਉਡਦਾ ਹੈ। ਸਾਰੇ ਭਾਰਤੀਆਂ ਦੀਆਂ ਜ਼ਿੰਦਗੀਆਂ ਦੀਆਂ ਕੁੜੱਤਣਾਂ ਪੀਣੀਆਂ ਨਾ ਤੁਹਾਡੇ ਨਾ ਪਰਮਜੀਤ ਸਿੰਘ ਦੇ ਵੱਸ ਦਾ ਰੋਗ ਹੈ, ਤੁਸੀਂ ਹਾਲੇ ਆਪਣੀਆਂ ਹੀ ਸੱਟਾਂ ਨੂੰ ਸੇਕ ਦੇ ਲਿਆ ਕਰੋ।

● ਸਾਡੇ ਵਿਚ 'ਮਨ ਨੀਵਾਂ ਮੱਤ ਉਚੀ ਵਾਲੀ ਗੱਲ ਨਹੀਂ, ਸਗੋਂ ਮਨ ਉਚਾ ਮੱਤ ਨੀਵੀ ਦੀ ਗੱਲ ਹੈ। (ਸੰਪਾਦਕੀ - ਸਿੱਖ ਸਮਾਚਾਰ)

— ਏਸ ਤਰਾਂ ਕਰੋ ਪੂਰਨ ਸਿੰਘ ਜੀ, ਮਨ ਉਪਰ ਨਿਰਮਾਣਤਾ ਦਾ ਦਸੇਰਾ ਰੱਖ ਕੇ ਨੀਵਾਂ ਕਰ ਦੇਵੋ, ਮੱਤ ਹੇਠਾਂ ਪ੍ਰੇਮ ਦੇ ਸਹਾਰੇ ਸੱਚ ਦਾ ਫਾਨਾ ਠੋਕ ਕੇ ਗਿਆਨ ਦੀ ਥੰਮੀ ਦੇ ਦੇਵੋ।

● ਵਿਦੇਸ਼ਾਂ ਵਿਚ ਵੀ ਹਿੰਦ ਸਰਕਾਰ ਨੇ ਸਿੱਖਾਂ ਦੀਆਂ ਸੂਹਾਂ ਦੇਣ ਲਈ ਕੁਝ ਬੰਦੇ ਖਰੀਦੇ ਹੋਏ ਹਨ। (ਇੰਡੋ-ਕਨੇ: ਟਾਈ:)

— ਉਨ੍ਹਾਂ ਵਿਚ ਕੁਝ ਸਾਬਕਾ ਫੌਜੀ ਵੀ ਹਨ ?

● ਹਿੰਦੁਸਤਾਨ 'ਚ ਬੰਬ ਧਮਾਕੇ ਕੇ. ਜੀ. ਬੀ. ਦੀ ਪਲੈਨ ਹੋ ਸਕਦੀ ਹੈ। (ਜਨਰਲ ਭੁੱਲਰ)

— ਸੀ. ਆਈ. ਏ. ਦੀ ਗੋਦ ਵਿਚ ਬੈਠ ਕੇ ਜਨਰਲ ਭੁਲਰ ਨੂੰ ਬੜੀ ਦੂਰ ਦੀ ਸੁੱਝੀ।

● ਕੀ ਹਿੰਦੋਸਤਾਨ ਤੇ ਕੀ ਵਿਦੇਸ਼ ਸਾਰੇ ਲੋਕ ਮਿੱਤਰ ਭਾਵਨਾ ਨਾਲ ਰਹਿਣਾ ਚਾਹੁੰਦੇ ਹਨ। (ਸੰਪਾਦਕੀ - ਇੰਡੋ-ਕਨੇ: ਟਾਈ:)

— ਤੁਹਾਡੀ ਕਿਸਮ ਦੇ ਸੰਪਾਦਕ ਤੇ ਤੁਹਾਡੇ ਮਨ ਭਾਉਂਦੇ ਲੀਡਰ-ਕਿਸਮ ਦੇ ਲੋਕਾਂ ਨੂੰ ਇਹ 'ਮਿੱਤਰ ਭਾਵਨਾ' ਹੀ ਕੰਡੇ ਵਾਂਗੂੰ ਚੁਭਦੀ ਹੈ।

● ਐਹੋ ਜਿਹੀ ਹਾਲਤ ਵਿਚ ਕੋਈ ਕਿੰਨੀ ਦੇਰ ਤਕ ਛਾਤੀ ਡਾਹੀ ਰੱਖੇਗਾ (ਸੰਪਾਦਕੀ — ਤਾਰਾ ਸਿੰਘ ਹੇਅਰ)

— ਬੱਸ ! ਇਨਾ ਹੀ ਦਮ ਸੀ। ਮਾਰ ਗਿਆ ਮੋਕ।

● ਸਦ ਭਾਵਨਾ / ਅਮਨ ਕਿਵੇਂ ਹੋਵੇ। (ਸੰਪਾਦਕੀ ਦਾ ਹੈਡਿੰਗ - ਇੰਡੋ-ਕਨੇ: ਟਾਈਮਜ਼)

— ਫਤੂਰ ਪਾਉਣ ਵਾਲੇ ਨੂੰ ਇਨ੍ਹਾਂ ਦੀ ਸਮਝ ਨਹੀਂ ਹੁੰਦੀ।

● ਗਿਆਨੀ ਜ਼ੈਲ ਸਿੰਘ ਵਿਚ ਭਾਰੀ ਤਬਦੀਲੀ ਆਈ। (ਇੰਡੋ-ਕਨੇ: ਟਾਈ: — ਤਸਵੀਰ ਹੇਠਾਂ ਨੋਟ)

— ਜਿਵੇਂ 17 ਮਈ 1985 ਦੇ ਤੁਹਾਡੇ ਪਰਚੇ ਤੋਂ ਜਾਪਦਾ ਤੁਹਾਡੇ ਵਿਚ ਆ ਰਹੀ ਹੈ।

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਆਗੂ ਪਿਆਰਾ ਸਿੰਘ ਬਾਸੀ ਨੂੰ ਸਦਮਾ

ਸੁਖਵਿੰਦਰ ਸਿੰਘ ਦੁਸਾਂਝ ਸਪੁੱਤਰ ਸਰਦਾਰ ਪਾਖਰ ਸਿੰਘ ਦੁਸਾਂਝ ਪਿੰਡ ਦੁਸਾਂਝ ਕਲਾਂ ਉਮਰ 34 ਸਾਲ ਟਰੋਂਟੋ ਵਿਚ ਐਕਸੀਡੈਂਟਲ ਮੌਤ ਹੋ ਗਈ ਹੈ। ਸੁਖਵਿੰਦਰ ਆਪਣੇ ਪਿਛੇ 3 ਬੱਚੇ ਤੇ ਪਤਨੀ ਛੱਡ ਗਿਆ ਹੈ। ਦੋ ਭਰਾ ਮਹਿੰਦਰ ਸਿੰਘ ਦੋਸਾਂਝ, ਸਰਬਜੀਤ ਸਿੰਘ ਦੁਸਾਂਝ ਤੇ ਤਿੰਨ ਭੈਣਾਂ ਮਹਿੰਦਰ ਕੌਰ ਭੁੱਲਰ, ਪਤਨੀ ਗੁਪਾਲ ਸਿੰਘ ਭੁੱਲਰ , ਸੁਵਿੰਦਰ ਕੌਰ ਬਾਸੀ ਪਤਨੀ ਪਿਆਰਾ ਸਿੰਘ ਬਾਸੀ, ਸੁਖਦੇਵ ਕੌਰ ਢੱਡੇ ਪਤਨੀ ਜਗਤਾਰ ਸਿੰਘ ਢੱਡੇ ਹਨ।

ਫਿਊਨਰਲ ਸਰਵਿਸ਼ਿਸ ਐਵੇਲਨ ਚੈਪਲ
108th Ave. & 132 St. at 9:45 AM.
Saturday May 25th
King George Highway in White Rock
ਕੈਨੇਡਾ ਦਰਪਣ ਇਨ੍ਹਾਂ ਪ੍ਰਵਾਰਾਂ ਦੇ ਦੁੱਖ ਵਿਚ ਸ਼ਰੀਕ ਹੁੰਦਾ ਹੈ।

ਦੁਮਛੱਲਾ

ਪਹਿਲਵਾਨ-ਅਭਿਨੇਤਾ ਦਾਰਾ ਸਿੰਘ ਨੇ ਜਦੋਂ ਦੀਆਂ ਕੁਸ਼ਤੀਆਂ ਛੱਡੀਆਂ, ਆਪਣਾ ਭਾਰ ਹੋਰ ਵੀ ਘੱਟ ਕਰ ਲਿਆ ਹੈ। ਦੂਜੇ ਪਾਸੇ ਸੱਤ-ਅੱਠ ਪੰਜਾਬੀ ਫਿਲਮਾਂ 'ਚ ਹੀਰੋ ਦਾ ਰੋਲ ਨਿਭਾ ਕੇ ਵਿਜੇ ਟੰਡਨ ਜਦੋਂ ਦਾ ਬੰਬਈ ਤੇ ਚੰਡੀਗੜ੍ਹ ਆ ਕੇ ਟਿਕਿਆ ਹੈ, ਦਿਨੋ ਦਿਨ ਮੋਟਾ ਹੁੰਦਾ ਜਾ ਰਿਹਾ ਹੈ। ਦੋਵੇਂ ਐਕਟਰ ਜਦ ਪਿਛਲੇ ਦਿਨੀਂ ਇਕ ਦੂਜੇ ਨੂੰ ਮਿਲੇ ਤਾਂ ਦਾਰਾ ਸਿੰਘ ਨੇ ਵਿਜੇ ਟੰਡਨ ਦੀ ਗੋਗੜ 'ਚ ਉਂਗਲੀ ਚਭੋਂਦਿਆਂ ਕਿਹਾ, "ਭਾਊ, ਮੈਂ ਤਾਂ ਪਹਿਲਵਾਨੀ ਤੇ ਫਿਲਮਾਂ ਵੱਲ ਨੂੰ ਸਫਰ ਕੀਤਾ ਸੀ ਜਾਪਦੈ ਤੂੰ ਫਿਲਮਾਂ ਤੋਂ ਪਹਿਲਵਾਨੀ ਵਲ ਨੂੰ ਸਫਰ ਕਰ ਰਿਹੈ !"

ਐਬਟਸਫੋਰਡ ਵਿੱਚ

ਹਰ ਤਰ੍ਹਾਂ ਦੀ ਨਵੀਂ ਜਾਂ ਪੁਰਾਣੀ ਕਾਰ ਖਰੀਦਣੀ ਜਾਂ ਬਦਲਣੀ ਹੋਵੇ, ਸਪੋਰਟਸ ਕਾਰ, ਵੈਨ ਜਾਂ ਪਿਕਅੱਪ ਲੈਣਾ ਹੋਵੇ ਤਾਂ ਮਿਲੋ ਜਾਂ ਫੂਨ ਕਰੋ।

ਲਖਬੀਰ (ਲੱਕੀ) ਗੱਖੜ



ਸ਼ਿਵਰਲੈਟ, ਓਲਡਜ਼ ਮੋਬਾਈਲ, ਕੈਡਲਿਕ, ਸ਼ੈਵੀ ਟਰੱਕ

OFF: 859-5271
Toll free: 530-0254
RES: 853-1928
Financing is available (O.A.C.)

motorcade
"THE PEOPLE"
(SUPER VALU ਦੇ ਨੇੜੇ)
McCALLUM RD., At South Fraser Way, ABBOTSFORD, B.C.

TICKETS TO ANYWHERE
GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

6612, MAIN ST.
VANCOUVER, B. C.

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (Fareedkot)

PHONE: 324-3336

ਲੌਂਗੋਵਾਲ ਵਲੋਂ ਭਜਨ ਲਾਲ ਦੀ ਚੁਣੌਤੀ ਪ੍ਰਵਾਨ

ਚੰਡੀਗੜ੍ਹ: (ਯੂ. ਐਨ. ਆਈ.) — ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਵਲੋਂ ਅਕਾਲੀ ਨੇਤਾਵਾਂ ਨੂੰ ਦਿਤੀ ਗਈ ਧਮਕੀ ਦਾ ਗੰਭੀਰ ਨੋਟਿਸ ਲਿਆ ਹੈ।

ਸੰਤ ਲੌਂਗੋਵਾਲ ਵਲੋਂ ਇਥੇ ਜਾਰੀ ਕੀਤੇ ਗਏ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਸਾਰਾ ਭਾਰਤ ਹੀ ਸਿੱਖਾਂ ਦਾ ਦੇਸ਼ ਹੈ ਅਤੇ ਸ੍ਰੀ ਭਜਨ ਲਾਲ ਵਲੋਂ ਅਕਾਲੀ ਨੇਤਾਵਾਂ ਨੂੰ ਧਮਕੀਆਂ ਦੇਣ ਦਾ ਕੋਈ ਅਰਥ ਨਹੀਂ ਹੈ।

ਸੰਤ ਲੌਂਗੋਵਾਲ ਨੇ ਕਿਹਾ ਕਿ ਉਨ੍ਹਾਂ ਨੇ ਮੁਖ ਮੰਤਰੀ ਭਜਨ ਲਾਲ ਦੀ ਚੁਣੌਤੀ ਪਰਵਾਨ ਕਰ ਲਈ ਹੈ ਤੇ ਉਹ ਛੇਤੀ ਹੀ ਹਰਿਆਣਾ ਵਿਚ ਸਿਖ ਸੰਗਤਾਂ ਨੂੰ ਸੰਬੋਧਨ ਕਰਨ ਲਈ ਪੁਜਣਗੇ।

ਉਨ੍ਹਾਂ ਨੇ ਸ੍ਰੀ ਭਜਨ ਲਾਲ ਨੂੰ ਸਿੱਖਾਂ ਉਤੇ ਵਧੀਕੀਆਂ ਲਈ ਜਿਜ਼ਮੇਵਾਰ ਠਹਿਰਾਇਆ ਅਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਕਿਹਾ ਕਿ ਉਹ ਮੁਖ ਮੰਤਰੀ ਦੀਆਂ ਸਰਗਰਮੀਆਂ ਤੇ ਰੋਕ ਲਾਉਣ ਅਤੇ ਹਾਲਤ ਨੂੰ ਵਿਗੜਨ ਤੋਂ ਬਚਾਉਣ।

ਇਹ ਵਰਨਣਯੋਗ ਹੈ ਕਿ ਸ੍ਰੀ ਭਜਨ ਲਾਲ ਨੇ ਬੀਤੇ ਦਿਨ ਕਿਹਾ ਸੀ ਕਿ ਉਹ ਅਕਾਲੀ ਨੇਤਾਵਾਂ ਨੂੰ ਰਾਜ ਵਿਚ ਕਾਨਫਰੰਸਾਂ ਨਹੀਂ ਕਰਨ ਦੇਣਗੇ।

ਪਾਕਿਸਤਾਨੀ ਫੌਜੀਆਂ ਨੇ ਭਾਰਤੀ ਫੌਜੀਆਂ 'ਤੇ ਗੋਲੀ ਚਲਾਈ

ਜੰਮੂ: (ਪੀ. ਟੀ. ਆਈ.) — ਪਾਕਿਸਤਾਨੀ ਸੁਰੱਖਿਆ ਫੋਰਸਾਂ ਨੇ ਜੰਮੂ ਡਵੀਜ਼ਨ ਦੇ ਕਠੂਆ ਜ਼ਿਲੇ 'ਚ ਹੀਰਾ ਨਗਰ ਸੈਕਟਰ 'ਚ ਬੀਤੀ ਰਾਤ ਭਾਰਤੀ ਠਿਕਾਣਿਆਂ ਉਤੇ "ਬਿਨਾਂ ਕਿਸੇ ਕਾਰਨੋਂ" ਗੋਲੀ ਚਲਾਈ। ਇਥੇ ਦਿਤੀ ਗਈ ਸਰਕਾਰੀ ਸੂਚਨਾ ਅਨੁਸਾਰ ਭਾਰਤੀ ਸੁਰੱਖਿਆ ਫੋਰਸਾਂ ਨੇ ਵੀ ਜਵਾਬ 'ਚ ਗੋਲੀ ਚਲਾਈ।

ਝਗੜਾ ਸ਼ਾਮੀਂ ਸ਼ੁਰੂ ਹੋਇਆ ਜਦੋਂ ਪਾਕਿਸਤਾਨੀਆਂ ਨੇ ਦੋਵੇਂ ਦੇਸ਼ਾਂ ਵਿਚਕਾਰਲੀ ਸਾਂਝੀ ਸਰਹੱਦੀ ਪੱਟੀ ਉਤੇ ਮੋਰਚੇ ਪੁੱਟਣੇ ਸ਼ੁਰੂ ਕਰ ਦਿਤੇ ਜਿਸ ਉਤੇ ਭਾਰਤੀ ਜਵਾਨਾਂ ਨੇ ਇਤਰਾਜ਼ ਕੀਤਾ। ਇਸ 'ਤੇ ਪਾਕਿਸਤਾਨ ਦੇ ਜਵਾਨਾਂ ਨੇ ਬਿਨਾਂ ਕਿਸੇ ਕਾਰਨੋਂ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ।

ਦਹਿਸ਼ਤਪਸੰਦਾਂ ਦੇ ਦੋ ਸਕੁਐਂਡ

ਨਵੀਂ ਦਿਲੀ: (ਵਿਸ਼ੇਸ਼ ਪ੍ਰਤੀਨਿਧ) — ਇਸ ਗੱਲ ਦੇ ਸੰਕੇਤ ਮਿਲੇ ਹਨ ਕਿ ਦਹਿਸ਼ਤਪਸੰਦਾਂ ਨੇ ਆਪਣੇ ਆਪ ਨੂੰ ਦੋ ਸਕੁਐਡਾਂ ਵਿਚ ਵੰਡ ਲਿਆ ਹੈ। ਇਕ ਸਕੁਐਡ ਦੇ ਜ਼ਿਮੇ ਟਰਾਂਜਿਸਟਰ ਬੰਬ ਰੱਖਣ ਦੀ ਜ਼ਿਮੇਂਵਾਰੀ ਲਾਈ ਗਈ ਸੀ ਦੂਜਾ ਹੈਂਡ ਗ੍ਰਨੇਡਾਂ ਨਾਲ ਲੈਸ ਹੈ।

ਦਹਿਸ਼ਤਪਸੰਦਾਂ ਨੂੰ ਟਰਾਂਜਿਸਟਰ ਬੰਬਾਂ ਦੀ ਕਾਰਗੁਜਾਰੀ ਬਾਰੇ ਕੋਈ ਬਹੁਤਾ ਵਿਸ਼ਵਾਸ ਨਹੀਂ ਸੀ ਇਸ ਲਈ ਉਹ ਬੰਬ ਨਾ ਚਲਣ ਦੀ ਸੂਰਤ ਵਿਚ ਹੈਂਡ ਗ੍ਰਨੇਡਾਂ ਨਾਲ ਲੈਸ ਸਕੁਐਂਡ ਨੂੰ ਕਾਰਵਾਈ ਲਈ ਹਰੀ ਝੰਡੀ ਵਿਖਾਈ ਜਾਣੀ ਸੀ। ਉਨ੍ਹਾਂ ਵਲੋਂ ਇਹ ਗ੍ਰਨੇਡ ਦਫਤਰਾਂ ਅਤੇ ਭੀੜ ਵਾਲੀਆਂ ਥਾਵਾਂ ਤੇ ਸੁਟੇ ਜਾਣੇ ਸਨ। ਹੁਣ ਜਦ ਕਿ ਟਰਾਂਜ਼ਿਸਟਰ ਬੰਬ ਕਾਫੀ ਜਾਨੀ ਨੁਕਸਾਨ ਕਰ ਚੁਕੇ ਹਨ ਇਸ ਲਈ ਦਹਿਸ਼ਤਪਸੰਦਾਂ ਨੇ ਲੋਕਾਂ ਵਿਚ ਦਹਿਸ਼ਤ ਫੈਲਾਈ ਰੱਖਣ ਲਈ ਪਾਰਕ ਆਦਿ ਵਿਚ ਇਕਾ ਦੁਕਾ ਗ੍ਰਨੇਡ ਰੱਖਣੇ ਸ਼ੁਰੂ ਕਰ ਦਿਤੇ ਹਨ।

ਟਰਾਂਜਿਸਟਰ ਬੰਬਾਂ ਅਤੇ ਹੈਂਡ ਗਰਨੇਡਾਂ ਦੇ ਮਿਲਣ ਤੋਂ ਇਸ ਗਲ ਦੀ ਪੁਸ਼ਟੀ ਹੋ ਗਈ ਹੈ ਕਿ ਦਹਿਸ਼ਤਪਸੰਦਾਂ ਦਾ ਉਦੇਸ਼ ਜਿਥੇ ਜਾਨੀ ਨੁਕਸਾਨ ਤੇ ਹੋਰ ਤਬਾਹੀ ਮਚਾਉਣਾ ਹੈ ਉਥੇ ਉਹ ਦਹਿਸ਼ਤ ਦਾ ਮਾਹੌਲ ਵੀ ਕਾਇਮ ਰੱਖਣਾ ਚਾਹੁੰਦੇ ਹਨ।

ਚਲ ਜਿੰਦੇ ਮੇਰੀਏ ਨੀ, ਛੱਡ ਕੇ ਗਰਾਂ ਏਹੋ
ਲਈਏ ਹੋਰ ਦੁਨੀਆਂ ਵਸਾ।
ਕਾਲੇ-ਕਾਲੇ ਦਿਲਾਂ ਵਾਲੇ, ਇਸ਼ਕੇ ਦੀ ਗੱਲ ਚਿੱਟੀ
ਅਜੇ ਨਹੀਓਂ ਸਕਦੇ ਪਚਾ।

ਦੋ ਸਾਜ਼ਸ਼ੀਆਂ ਨੂੰ ਫੜਨ ਲਹੀ ਅਮਰੀਕਾ ਨੇ ਵਿਦੇਸ਼ੀ ਮਦਦ ਮੰਗੀ

ਵਾਸ਼ਿੰਗਟਨ: ਅਮਰੀਕਾ ਨੇ ਵਿਦੇਸ਼ੀ ਮੁਲਕਾਂ ਦੀਆਂ ਪੁਲੀਸ ਤੇ ਸੁਰੱਖਿਆ ਏਜੰਸੀਆਂ ਨੂੰ ਕਿਹਾ ਕਿ ਉਹ ਉਨ੍ਹਾਂ ਦੋ ਭਾਰਤੀ ਸਿੱਖਾਂ ਨੂੰ ਕਾਬੂ ਕਰਨ ਵਿਚ ਅਮਰੀਕੀ ਖੁਫੀਆ ਏਜੰਸੀ "ਐਫ. ਬੀ. ਆਈ." ਦੀ ਮਦਦ ਕਰਨ, ਜਿਨ੍ਹਾਂ ਦੀ ਅਮਰੀਕਾ ਵਿਚ ਭਾਰਤੀ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਦੇ ਸਿਲਸਿਲੇ ਵਿਚ ਐਫ. ਬੀ. ਆਈ. ਨੂੰ ਲੋੜ ਹੈ।

ਐਫ. ਬੀ. ਆਈ. ਦੇ ਸਹਾਇਕ ਡਾਇਰੈਕਟਰ ਓਲੀਵਰ ਰਾਵੇਲ ਨੇ ਦਸਿਆ ਕਿ ਇਨ੍ਹਾਂ ਦੋ ਵਿਅਕਤੀਆਂ ਦੇ ਨਾਂ ਲਾਲ ਸਿੰਘ ਤੇ ਆਨੰਦ ਸਿੰਘ ਹਨ ਅਤੇ ਏਜੰਸੀ ਨੂੰ ਸ਼ੱਕ ਹੈ ਕਿ ਇਹ ਦੋਵੇਂ ਅਮਰੀਕਾ ਤੋਂ ਬਾਹਰ ਚਲੇ ਗਏ ਹਨ।

ਸ੍ਰੀ ਓਲੀਵਰ ਨੇ ਦਸਿਆ ਕਿ ਸਾਜ਼ਸ਼ ਦੇ ਸਬੰਧ ਵਿਚ ਗ੍ਰਿਫਤਾਰ ਕੀਤੇ ਪੰਜ ਵਿਅਕਤੀਆਂ ਅਤੇ ਉਨ੍ਹਾਂ ਵਿਰੁਧ ਇਕੱਤਰ ਸਬੂਤਾਂ ਤੇ ਗਵਾਹੀਆਂ ਨੂੰ ਨਿਊਯਾਰਕ ਦੀ ਇਕ ਜ਼ਿਲਾ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

ਭਾਰਤੀ ਵਿਦਿਆਰਥੀਆਂ ਤੇ ਹਮਲਾ ਕਰਨ ਵਾਲੇ ਚੀਨੇ ਵਿਦਿਆਰਥੀ ਨੂੰ ਸਜ਼ਾ

ਵੈਨਕੂਵਰ — ਡੇਵਿਡ ਥਾਮਸਨ ਸੈਕੰਡਰੀ ਸਕੂਲ ਵਿਚ ਹਮਲਾ ਕਰਨ ਵਾਲੇ ਚੀਨੇ ਜੌਹਨ ਸ਼ੀ ਚੁੰਗ ਫੌਂਗ ਨੂੰ ਜਿਊਰੀ ਨੇ ਸਵਾ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ।

ਘਟਨਾ ਇਸ ਤਰ੍ਹਾਂ ਦੱਸੀ ਜਾਂਦੀ ਹੈ ਕਿ ਹਾਂਗਕਾਂਗ ਤੋਂ ਆਏ ਨਵੇਂ ਵਿਦਿਆਰਥੀ ਅਤੇ ਭਾਰਤੀ ਮੂਲ ਦੇ ਵਿਦਿਆਰਥੀਆਂ ਵਿਚਕਾਰ ਸਕੂਲ ਵਿਚ ਝਗੜਾ ਹੋ ਗਿਆ। ਅਗਲੇ ਦਿਨ ਚੀਨੇ ਵਿਦਿਆਰਥੀ ਸਕੂਲ ਵਿਚ ਬਾਹਰੋਂ ਬੰਦੇ ਲੈ ਆਏ। ਉਨ੍ਹਾਂ ਨੇ ਭਾਰਤੀ ਵਿਦਿਆਰਥੀਆਂ ਦਾ ਪਿਛਾ ਕੀਤਾ। ਪਿਛਾ ਕਰਨ ਸਮੇਂ ਇਕ ਵਿਦਿਆਰਥੀ ਮਕਸੰਦ ਨਾਰੀਮਨ ਥੱਲੇ ਡਿੱਗ ਪਿਆ ਅਤੇ ਚੀਨੇ ਵਿਦਿਆਰਥੀਆਂ ਨੇ ਉਸਦੇ ਛੁਰੇ ਮਾਰੇ। ਇਕ ਗੋਰੇ ਵਿਦਿਆਰਥੀ ਨੇ ਲੜਾਈ ਬੰਦ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਉਸਦੇ ਵੀ ਛੁਰੇ ਮਾਰੇ ਗਏ। ਦੋਵੇਂ ਵਿਦਿਆਰਥੀਆਂ ਨੂੰ ਵੈਨਕੂਵਰ ਜਨਰਲ ਹਸਪਤਾਲ ਵਿਚ ਇਲਾਜ ਕਰਵਾਉਣਾ ਪਿਆ ਸੀ।

ਗ਼ਜ਼ਲ

● ਹਰਭਜਨ ਸਿੰਘ ਹੁੰਦਲ

ਹਿਰਦੇ ਹਿਰਦੇ ਉਸਰੀ, ਘਿਰਣਾ ਦੀ ਦੀਵਾਰ।
ਦੱਸੀਂ ਕਾਹਦੇ ਵਾਸਤੇ, ਲਿਸ਼ਕਦੀ ਹੈ ਤਲਵਾਰ?

ਉਹ ਨਾ ਰਹੀਆਂ ਰੌਣਕਾਂ, ਸੌਂ ਗਈ ਘੂਕ ਸਿਤਾਰ,
ਸਾਜ਼ਿੰਦੇ ਨੂੰ ਰਿਹਾ ਨਾ, ਗੀਤਾਂ ਤੇ ਇਤਬਾਰ।

ਪੱਗ ਵਟਾ ਕੇ ਤੁਰ ਗਏ, ਸਾਰੇ ਮਿੱਤਰ ਯਾਰ,
ਲਾਏ ਬੂਹੇ ਵੱਖਰੇ, ਕੰਧ ਕਰੀ ਵਿਚਕਾਰ!

ਆਓ ਰਲ ਕੇ ਸੋਚੀਏ, ਬਹਿ ਕਰੀਏ ਵੀਚਾਰ,
ਕਿਹੜਾ ਦੇਵੇ ਤੁੱਖਣਾ, ਕੌਣ ਦਵੇ ਅੰਗਿਆਰ?

ਰਾਤੋ-ਰਾਤੀ ਬਣ ਗਏ, ਸੱਪ ਅਸਾਡੇ ਯਾਰ,
ਜਿਹਨਾਂ ਉਤੇ ਕਰ ਲਿਆ, ਕਿਵੇਂ ਅਸਾਂ ਇਤਬਾਰ!

ਪਹਿਲਾਂ ਆਇਤਾਂ ਵੰਡੀਆਂ, ਹੁਣ ਆਸਾ ਦੀ ਵਾਰ,
ਕਿਥੇ ਜਾ ਕੇ ਮੁੱਕਣੀ, ਇਹ ਵੰਡਣ ਦੀ ਕਾਰ?

ਮਰਦਾਨੇ ਨੂੰ ਟੁੱਕਿਆ, ਕਰ ਦਿੱਤਾ ਦੋਫਾੜ,
ਅੱਧਾ ਇਥੇ ਰਹਿ ਗਿਆ, ਅੱਧਾ ਰਾਵੀ ਪਾਰ।

ਇਹ ਲਹੂਆਂ ਦੀ ਦੋਸਤੀ, ਸੰਘਰਸ਼ਾਂ ਦੀ ਤਾਰ,
ਪਲਾਂ ਛਿਣਾਂ ਵਿਚ ਟੁੱਟਣੀ, ਨਹੀਂ ਹੁੰਦੀ ਸਰਕਾਰ!

ਤੇਰੇ ਵੀ ਹੁਣ ਹੁੰਦਲਾ,
ਰਹਿੰਦੇ ਦਿਨ ਦੋ ਚਾਰ,
ਕਿਹੜੀ ਰੁੱਤੇ ਕਰ ਰਿਹਾਂ,
ਖੁਸ਼ਬੂ ਦਾ ਪਰਚਾਰ?

ਸ੍ਰੀ ਲੰਕਾ ਦੇ ਸ਼ਹਿਰ ਵਿਚ 40 ਤਾਮਿਲ ਕੁੱਟ ਕੁੱਟ ਕੇ ਮਾਰ ਦਿਤੇ

ਕੋਲੰਬੋ: (ਯੂ. ਐਨ. ਆਈ.) — ਸ੍ਰੀ ਲੰਕਾ ਦੇ ਉਤਰ ਕੇਂਦਰੀ ਕਸਬੇ ਅਨੁਰਾਧਪੁਰ ਵਿਚ, ਤਾਮਿਲ ਗੁਰੀਲਿਆਂ ਨੇ ਹਮਲਾ ਕਰਕੇ 150 ਦੇ ਕਰੀਬ ਸਿਨਹਾਲੀ ਲੋਕ ਮਾਰ ਦਿਤੇ ਸਨ, ਹਿੰਸਕ ਘਟਨਾਵਾਂ ਭੜਕਣ ਮਗਰੋਂ ਕਰਫਿਊ ਲਾ ਦਿਤਾ ਗਿਆ ਹੈ।

ਗੈਰ ਸਰਕਾਰੀ ਸੂਤਰਾਂ ਅਨੁਸਾਰ 40 ਦੇ ਕਰੀਬ ਤਾਮਿਲ ਨਾਗਰਿਕਾਂ ਨੂੰ ਸਿਨਹਾਲੀ ਲੋਕਾਂ ਨੇ ਕੁੱਟ ਕੁੱਟ ਮਾਰ ਦਿਤਾ, ਉਨ੍ਹਾਂ ਦੇ ਮਕਾਨਾਂ ਅਤੇ ਦੁਕਾਨਾਂ ਨੂੰ ਅੱਗ ਲਾ ਦਿਤੀ। ਇਸ ਕਸਬੇ ਵਿਚ ਸਿਨਹਾਲੀਆਂ ਦੀ ਬਹੁਗਿਣਤੀ ਹੈ। ਕਈ ਤਾਮਿਲ 48 ਕਿਲੋਮੀਟਰ ਦੂਰ ਸਥਿਤ ਸ਼ਹਿਰ ਵਾਯੂਨੀਆਂ ਵਲ ਦੌੜ ਰਹੇ ਹਨ। ਪੁਲੀਸ ਨੇ 25 ਦੇ ਕਰੀਬ ਵਿਅਕਤੀਆਂ ਨੂੰ ਲੁੱਟ ਮਾਰ ਕਰਨ ਦੇ ਦੋਸ਼ ਹੇਠ ਹਿਰਾਸਤ ਵਿਚ ਲਿਆ ਹੈ।

ਰਾਇਟਰ ਦੀ ਖਬਰ ਅਨੁਸਾਰ ਸ੍ਰੀ ਲੰਕਾ ਦੀ ਫੌਜ ਨੇ ਗੁਰੀਲਿਆਂ ਨੂੰ ਫੜਨ ਲਈ ਵੱਡੀ ਪੱਧਰ ਤੇ ਕਾਰਵਾਈ ਸ਼ੁਰੂ ਕੀਤੀ ਹੈ। ਗੁਰੀਲੇ ਕਾਰਵਾਈ ਕਰਨ ਤੋਂ ਬਾਅਦ ਜੰਗਲ ਵਿਚ ਲੁਕ ਗਏ ਹਨ।

ਚੇਤੇ ਰਹੇ ਕਿ ਗੁਰੀਲਿਆਂ ਨੇ ਅਨੁਰਾਧਾਪੁਰ ਦੇ ਬਸ ਅੱਡੇ ਉਤੇ ਅਚਨਚੇਤ ਗੋਲੀਆਂ ਚਲਾ ਕੇ ਸੌ ਦੇ ਕਰੀਬ ਬੰਦੇ ਮਾਰ ਦਿਤੇ ਸਨ। ਉਸ ਤੋਂ ਬਾਅਦ ਉਨ੍ਹਾਂ ਇਕ ਬੋਧੀ ਮੱਠ 'ਤੇ ਗੋਲੀਆਂ ਚਲਾਈਆ ਸਨ ਜਿਸ ਨਾਲ ਉਥੇ ਵੀ ਕਈ ਬੰਦੇ ਹਾਲਾਕ ਹੋਏ। ਮਗਰੋਂ ਇਕ 18 ਕਮਾਂਡੋ ਕਤਲ ਕਰ ਦਿਤੇ ਸਨ।

ਸੁਰੱਖਿਆ ਸੈਨਿਕਾਂ ਨੂੰ ਕਿਸ਼ਤੀਆਂ ਰਾਹੀਂ ਸ੍ਰੀ ਲੰਕਾ ਤੋਂ ਭੱਜਣੋਂ ਰੋਕਣ ਲਹੀ ਦੋਹਰੀ ਮਾਰ ਵਾਲੀ ਕਾਰਵਾਈ ਸ਼ੁਰੂ ਕੀਤੀ ਹੈ। ਕੌਮੀ ਸੁਰੱਖਿਆ ਮੰਤਰੀ ਲਲਿਥ ਅਥੁਲਾਥਮੁਦਾਲੀ ਨੇ ਦਸਿਆ ਕਿ 78 ਬੰਦੇ ਤਾਂ ਬਸ ਅੱਡੇ ਤੇ ਹੀ ਮਾਰੇ। ਤਾਮਿਲ ਗੁਰੀਲੇ ਸੈਨਿਕਾਂ ਦੇ ਭੇਸ ਵਿਚ ਸਨ

ਨਿਰੰਕਾਰੀ ਗੋਲੀ ਨਾਲ ਫੱਟੜ

ਲੁਧਿਆਣਾ: (ਵਿਸ਼ੇਸ਼ ਪ੍ਰਤੀਨਿਧ) — ਸੀਨੀਅਰ ਸੁਪਰਡੈਂਟ ਪੁਲੀਸ ਸ੍ਰੀ ਏ. ਪੀ. ਪਾਂਡੇ ਨੇ ਦਸਿਆ ਕਿ ਬੀਤੀ ਰਾਤ ਤਿੰਨ ਮੋਟਰ ਸਾਈਕਲ ਸਵਾਰਾਂ ਵਲੋਂ ਮੁਲਾਪੁਰ ਦੇ ਨਿਰੰਕਾਰੀ ਜਗਜੀਤ ਸਿੰਘ ਟਿੱਕਾ ਨੂੰ ਗੋਲੀ ਮਾਰ ਕੇ ਫੱਟੜ ਕਰ ਦਿਤਾ ਗਿਆ।

ਭਾਰਤ ਜਾਣ ਦੀ ਤਿਆਰੀ ਹੈ?

East West Travel Ltd.

ਹਵਾਈ ਟਿਕਟਾਂ
ਸਾਥੋਂ ਹਰ ਏਅਰਲਾਈਨ ਦੀਆਂ
ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.

Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ

Ph.(403)235-3661

#206-3517, 17 Ave. S.E. Calgary, Alta

T2A 0R5

Real Plumbing & Electrical Supply

7211 Main St.(at 56th Ave.)
VANCOUVER, B.C. V5X 3J3



- ਸੇਲਜ਼ ਐਂਡ ਸਰਵਿਸ
- ਪਲਬਿੰਗ
- ਹੀਟਿੰਗ




- ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
- ਸਰਮਿਕ ਟਾਈਲਜ ਇਨਸਟਾਲੇਸ਼ਨ

Do-It- Yourself

- ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ

Satwinder Reehal ਸਤਵਿੰਦਰ ਰੀਹਲ

Ph. 324 - 7066



AMIN LADHA

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

dueck
CHEVROLET-OLDSMOBILE-CADILLAC LTD
86 SE Marine Dr., [between Main & Cambie]

Ph: 324-7222
Res.: 433-1681
Pager 687-7711 Pager #2122
DUECK CHEVROLET OLDSMOBILE CADILLAC LTD.

ਭਾਰਤੀ ਅਤਵਾਦੀਆਂ ਨੂੰ ਵਿਦੇਸ਼ਾਂ ਤੋਂ ਸਹਾਇਤਾ — ਪ੍ਰਧਾਨ

ਲੰਡਨ: (ਏ. ਪੀ.) — ਕੇਂਦਰੀ ਗ੍ਰਹਿ ਸਕੱਤਰ ਸ੍ਰੀ ਆਰ. ਡੀ. ਪ੍ਰਧਾਨ ਨੇ ਦੋਸ਼ ਲਾਇਆ ਹੈ ਕਿ ਕੁਝ ਵਿਦੇਸ਼ੀ ਤਾਕਤਾਂ ਭਾਰਤ ਵਿਚ ਦਹਿਸ਼ਤਪਸੰਦਾਂ ਦੀ ਮਦਦ ਕਰ ਰਹੀਆਂ ਹਨ।

ਬਰਤਾਨਵੀ ਟੈਲੀਵੀਜ਼ਨ ਵਲੋਂ ਬੀਤੀ ਰਾਤ ਪ੍ਰਸਾਰਿਤ ਕੀਤੇ ਗਏ ਪ੍ਰੋਗਰਾਮ ਵਿਚ ਸ੍ਰੀ ਪਰਧਾਨ ਨੇ ਕਿਹਾ ਕਿ ਵਿਦੇਸ਼ੀ ਤਾਕਤਾਂ ਦਾ ਹੱਥ ਹੋਣ ਬਾਰੇ ਪੱਕੇ ਸਬੂਤ ਮਿਲੇ ਹਨ ਅਤੇ ਦਹਿਸ਼ਤਪਸੰਦਾਂ ਕੋਲੋਂ ਵਿਦੇਸ਼ੀ ਮਾਰਕੇ ਵਾਲੇ ਹਥਿਆਰ ਵੀ ਮਿਲੇ ਹਨ ਅਤੇ ਦਹਿਸ਼ਤਪਸੰਦਾਂ ਨੂੰ ਵਿਦੇਸ਼ਾਂ ਵਿਚ ਸਿਖਲਾਈ ਦਿਤੇ ਜਾਣ ਦੀ ਵੀ ਪੁਸ਼ਟੀ ਹੋਈ ਹੈ ਪਰ ਉਨ੍ਹਾਂ ਨੇ ਦਹਿਸ਼ਤਪਸੰਦਾਂ ਦੀ ਮਦਦ ਕਰਨ ਵਾਲੇ ਦੇਸ਼ ਦਾ ਨਾਂ ਨਹੀਂ ਲਿਆ। ਉਨ੍ਹਾਂ ਕਿਹਾ ਕਿ ਕਿਸੇ ਦੇਸ਼ ਦਾ ਨਾਂ ਲੈਣਾ ਠੀਕ ਨਹੀਂ ਹੈ।

ਸ੍ਰੀ ਪ੍ਰਧਾਨ ਨੇ ਨਰਮ ਖਿਆਲੀਏ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਗੱਲਬਾਤ ਸ਼ੁਰੂ ਕਰਨ ਵਿਚ ਆਪਣਾ ਯੋਗਦਾਨ ਪਾਉਣ।

ਨਰਮ ਦਲੀਏ ਮੰਨੇ ਜਾਂਦੇ ਅਕਾਲੀ ਨੇਤਾਵਾਂ ਦੇ ਅਸਤੀਫਿਆਂ ਦਾ ਜ਼ਿਕਰ ਕਰਦਿਆਂ ਗ੍ਰਹਿ ਸਕੱਤਰ ਨੇ ਕਿਹਾ ਕਿ ਇਹ ਅਕਾਲੀ ਦਲ ਦਾ ਆਪਣਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵੀ ਇਸ ਬਾਰੇ ਸਪੱਸ਼ਟ ਤੌਰ ਉਤੇ ਵਿਚਾਰ ਪ੍ਰਗਟ ਕਰ ਚੁੱਕੇ ਹਨ।

ਪੰਜਾਬ ਮਸਲੇ ਨੂੰ ਹੱਲ ਕਰਨ ਲਈ ਕੇਂਦਰ ਯਤਨ ਜਾਰੀ ਰੱਖੇ ਜਾਣ ਬਾਰੇ ਪੁੱਛੇ ਜਾਣ ਉਤੇ ਸ੍ਰੀ ਪਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਪਾਰਲੀਮੈਂਟ ਵਿਚ ਵੀ ਐਲਾਨ ਕੀਤਾ ਹੈ ਕਿ ਸੰਵਿਧਾਨ ਦੇ ਅੰਦਰ ਰਹਿੰਦਿਆਂ ਹਿੰਦ ਸਰਕਾਰ ਪੰਜਾਬ ਮਸਲੇ ਨੂੰ ਨਜਿਠਣ ਲਈ ਕਿਸੇ ਵੀ ਹੱਦ ਤਕ ਜਾਣ ਲਈ ਤਿਆਰ ਹੈ।

ਵਿਜੀਲੈਂਸ ਨੇ ਭ੍ਰਿਸ਼ਟਾਚਾਰ ਲਈ 11 ਸਰਕਾਰੀ ਕਰਮਚਾਰੀ ਫੜੇ

ਚੰਡੀਗੜ੍ਹ: (ਪੱਤਰ ਪ੍ਰੇਰਕ) — ਪੰਜਾਬ ਵਿਜੀਲੈਂਸ ਬਿਊਰੋ ਵਲੋਂ ਭ੍ਰਿਸ਼ਟਾਚਾਰ ਵਿਰੁਧ ਚਲਾਈ ਗਈ ਮੁਹਿਮ ਵਿਚ ਇਕ ਮਹੀਨੇ ਦੌਰਾਨ 11 ਸਰਕਾਰੀ ਕਰਮਚਾਰੀ ਅਤੇ ਇਕ ਗਜ਼ਟਿਡ ਅਧਿਕਾਰੀ ਰੰਗੇ ਹੱਥੀਂ ਫੜੇ ਗਏ ਹਨ। ਇਹ ਗਜ਼ਟਿਡ ਅਧਿਕਾਰੀ ਸਹਿਕਾਰਤਾ ਵਿਭਾਗ ਦਾ ਸਹਾਇਕ-ਰਜਿਸਟਰਾਰ ਹੈ।

ਮਹੀਨੇ ਦੌਰਾਨ ਫੜੇ ਗਏ ਨਾਨ-ਗਜ਼ਟਿਡ ਕਰਮਚਾਰੀਆਂ ਵਿਚ ਇਕ ਪੁਲੀਸ ਦਾ ਇੰਸਪੈਕਟਰ, ਇਕ ਖੁਰਕਾ ਤੇ ਸਪਲਾਈ ਦਾ ਸਹਾਇਕੀ ਅਧਿਕਾਰੀ, ਇਕ ਨਾਇਬ ਤਹਿਸੀਲਦਾਰ, ਚਾਰ ਪਟਵਾਰੀ, ਇਕ ਜੰਗਲਾਤ ਵਿਭਾਗ ਦਾ ਗਾਰਡ ਅਤੇ ਇਕ ਸਟੇਟ ਬੈਂਕ ਆਫ ਅਟਿਆਲਾ ਦਾ ਬਰਾਂਚ ਮੈਨੇਜਰ ਸ਼ਾਮਲ ਹਨ।

ਤਿੰਨ ਸਰਕਾਰੀ ਕਰਮਚਾਰੀਆਂ ਨੂੰ ਰਿਪੋਰਟ ਉਪਰੰਤ ਫੜਿਆ ਗਿਆ ਤੇ ਉਨ੍ਹਾਂ ਨੂੰ ਇਕ ਸਾਲ ਦੀ ਸਖਤ ਸਜ਼ਾ ਅਤੇ 1700 ਰੁਪਏ ਜੁਰਮਾਨਾ ਕੀਤਾ ਗਿਆ ਹੈ। ਦੋ ਸਰਕਾਰੀ ਕਰਮਚਾਰੀਆਂ ਨੂੰ ਵਿਭਾਗੀ ਸਜ਼ਾ ਦਿਤੀ ਗਈ ਹੈ, ਜਿਸ ਵਿਚ ਇਕ ਗਜ਼ਟਿਡ ਅਫਸਰ ਵੀ ਸ਼ਾਮਲ ਹੈ। ਇਹ ਗਜ਼ਟਿਡ ਅਧਿਕਾਰੀ, ਜਿਸ ਨੂੰ ਸਜ਼ਾ ਮਿਲੀ ਹੈ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦਾ ਡਾਕਟਰ ਹੈ

ਵਿਜੀਲੈਂਸ ਬਿਊਰੋ ਨੇ ਪੰਜ ਗਜ਼ਟਿਡ ਅਧਿਕਾਰੀਆਂ ਅਤੇ ਇਕ ਨਾਨ-ਗਜ਼ਟਿਡ ਕਰਮਚਾਰੀਆਂ ਵਿਰੁਧ ਵਿਭਾਗੀ ਕਾਰਵਾਈ ਕਰਨ ਅਤੇ ਉਨ੍ਹਾਂ ਨੂੰ ਸਖਤ ਸਜ਼ਾ ਦੇਣ ਦੀ ਸਿਫਾਰਸ਼ ਕੀਤੀ ਹੈ। ਇਸ ਤੋਂ ਇਲਾਵਾ ਬਿਊਰੋ ਨੇ ਪੜਤਾਲ ਕਰਨ ਤੋਂ ਬਾਅਦ ਤਿੰਨ ਗਜ਼ਟਿਡ ਅਧਿਕਾਰੀਆਂ ਅਤੇ ਇਕ ਨਾਨ ਗਜ਼ਟਿਡ ਕਰਮਚਾਰੀ ਵਿਰੁਧ ਬੇਨਿਯਮੀਆਂ ਤੇ ਦੇਰੀ ਕਾਰਨ ਯੋਗ ਕਾਰਵਾਈ ਕਰਨ ਲਈ ਵੀ ਕਿਹਾ ਹੈ।

ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਕਾਇਮ

ਅੰਮ੍ਰਿਤਸਰ: (ਪੀ. ਟੀ. ਆਈ.) — ਅਕਾਲੀ ਦਲ (ਲੌਂਗੋਵਾਲ) ਦੇ ਇਕ ਬੁਲਾਰੇ ਨੇ ਇਥੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਉਦੋਂ ਤਕ ਪਾਰਟੀ ਦੇ ਪ੍ਰਧਾਨ ਦੇ ਅਹੁਦੇ 'ਤੇ ਕਾਇਮ ਰਹਿਣਗੇ ਜਦੋਂ ਤਕ ਜ਼ਿਲਾ ਅਤੇ ਸਟੇਟ ਪ੍ਰਧਾਨਾਂ ਦੀ ਮੀਟਿੰਗ ਉਨ੍ਹਾ ਦੇ ਅਸਤੀਫੇ ਬਾਰੇ ਕੋਈ ਫੈਸਲਾ ਨਹੀਂ ਕਰ ਲੈਂਦੀ।

ਅਕਾਲੀ ਦਲ (ਲ) ਵਲੋਂ ਇਹ ਸਪਸ਼ਟੀਕਰਨ 'ਸਾਂਝੇ' ਅਕਾਲੀ ਦਲ ਦੇ ਨੇਤਾਵਾਂ ਵਲੋਂ ਕੀਤੇ ਗਏ ਉਸ ਐਲਾਨ ਦੀ ਰੋਸ਼ਨੀ ਵਿਚ ਦਿਤਾ ਗਿਆ ਜਿਸ ਵਿਚ ਕਿਹਾ ਗਿਆ ਸੀ ਕਿ ਸੰਤ ਲੌਂਗੋਵਾਲ ਵਲੋਂ ਪ੍ਰਧਾਨਗੀ ਤੋਂ ਅਸਤੀਫਾ ਦੇਣ ਤੋਂ ਬਾਅਦ ਅਕਾਲੀ ਦਲ (ਲੌਂਗੋਵਾਲ) ਦੀ ਕੋਈ ਹਸਤੀ ਨਹੀਂ ਰਹੀ ਅਤੇ ਇਸ ਲਈ ਜ਼ਿਲਾ ਪ੍ਰਧਾਨਾਂ ਦੀ ਮੀਟਿੰਗ ਸੱਦਣਾ "ਗੈਰਕਾਨੂੰਨੀ" ਹੈ।

ਦਲ ਦੇ ਸਕੱਤਰ ਗੁਰੇਵ ਸਿੰਘ ਨੇ ਇਕ ਪ੍ਰੈਸ ਰਿਲੀਜ਼ ਵਿਚ ਕਿਹਾ ਕਿ ਸੰਤ ਲੌਂਗੋਵਾਲ ਨੇ ਆਪਣੇ ਅਸਤੀਫੇ ਵਿਚ ਸਪਸ਼ਟ ਤੌਰ 'ਤੇ ਜ਼ਿਲਾ ਪ੍ਰਧਾਨਾਂ ਨੂੰ ਅਪੀਲ ਕੀਤੀ ਸੀ ਕਿ ਉਹ ਅਸਤੀਫਾ ਪ੍ਰਵਾਨ ਕਰਨ ਅਤੇ ਜਿੰਨੀ ਦੇਰ ਤਕ ਉਹ ਕੋਈ ਫੈਸਲਾ ਨਹੀਂ ਕਰਦੇ ਸੰਤ ਲੌਂਗੋਵਾਲ ਪ੍ਰਧਾਨ ਬਣੇ ਰਹਿਣਗੇ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅਸਤੀਫੇ ਦੀਆਂ ਫੋਟੋਸਟੇਟ ਨਕਲਾਂ ਅਖਬਾਰਾਂ ਨੂੰ ਜਾਰੀ ਕੀਤੀਆਂ ਗਈਆਂ ਸਨ ਜਿਸ ਵਿਚ ਜ਼ਿਲਾ ਜਥੇਦਾਰਾਂ ਨੂੰ ਅਸਤੀਫੇ ਬਾਰੇ ਵਿਚਾਰ ਕਰਨ ਦਾ ਹੱਕ ਦਿਤਾ ਗਿਆ ਸੀ।

ਕੇਂਦਰ ਸਰਕਾਰ ਮਸਲੇ ਨੂੰ ਨਿਬੇੜਨਾ ਨਹੀਂ ਚਾਹੁੰਦੀ — ਟੌਹੜਾ

ਰਾਜਪੁਰਾ: (ਪੱਤਰ ਪ੍ਰੇਰਕ) — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਕਿਹਾ ਹੈ ਕਿ ਸਰਕਾਰ ਮਸਲੇ ਦਾ ਹੱਲ ਨਹੀਂ ਚਾਹੁੰਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਸਿੱਖਾਂ ਉਤੇ ਕਥਿਤ ਤਸ਼ੱਦਦ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਸ੍ਰੀ ਟੌਹੜਾ ਇਥੇ ਇਕ ਸ਼ੋਕ ਸਮਾਗਮ ਵਿਚ ਹਿੱਸਾ ਲੈਣ ਆਏ ਸਨ।

ਸ੍ਰੀ ਟੌਹੜਾ ਨੇ ਕਿਹਾ ਕਿ ਅਕਾਲ ਤਖਤ ਨੂੰ ਢਾਹ ਕੇ ਨਵਾਂ ਉਸਾਰਨ ਦਾ ਸੁਝਾਅ ਸਿੱਖਾਂ ਨੇ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਸਿਖ ਕਾਂਗਰਸੀ ਆਗੂਆਂ ਨੇ ਉਦੋਂ ਕੋਈ ਆਵਾਜ਼ ਨਹੀਂ ਉਠਾਈ ਜਦੋਂ ਅਕਾਲ ਤਖਤ ਨੂੰ ਢਾਹਿਆ ਜਾ ਰਿਹਾ ਸੀ।

ਸ੍ਰੀ ਟੌਹੜਾ ਨੇ ਕਿਹਾ ਕਿ ਕੁਝ ਲੋਕ ਪੰਥਕ ਏਕਤਾ ਦੇ ਨਾਂ ਹੇਠ ਸਰਕਾਰ ਦੀ ਬੋਲੀ ਬੋਲ ਰਹੇ ਹਨ। ਉਨ੍ਹਾਂ ਵਰਕਰਾਂ ਨੂੰ ਸਲਾਹ ਦਿਤੀ ਕਿ ਪੰਥਕ ਏਕਤਾ ਦੇ ਨਾਂ ਉਤੇ ਕੋਈ ਬਹਿਸ ਨਾ ਛੇੜਨ। ਉਨ੍ਹਾਂ ਕਿਹਾ ਕਿ ਇਸ ਵੇਲੇ ਫੋਕੇ ਨਾਅਰਿਆਂ ਦੀ ਥਾਂ ਸਿੱਖਾਂ ਨੂੰ ਬੜਾ ਸੰਭਲ ਕੇ ਚਲਣ ਦੀ ਲੋੜ ਹੈ।

ਇਸ ਸਮਾਗਮ ਵਿਚ ਤਲਵੰਡੀ ਅਕਾਲੀ ਦਲ ਦੇ ਜਥੇਦਾਰ ਰਣਧੀਰ ਸਿੰਘ ਚੀਮਾ ਨੇ ਬੋਲਦੇ ਹੋਏ ਕਿਹਾ ਕਿ ਸਿੱਖਾਂ ਨੂੰ ਚਾਹੀਦਾ ਹੈ ਕਿ ਆਪਣੇ ਆਗੂਆਂ ਨੂੰ ਏਕਤਾ ਲਈ ਮਜਬੂਰ ਕਰਨ। ਬੀਬੀ ਸਤਵੰਤ ਕੌਰ ਨੇ ਵੀ ਪ੍ਰਬੰਧਕ ਏਕਤਾ ਉਤੇ ਜ਼ੋਰ ਦਿਤਾ। ਹਰਿਆਣਾ ਅਕਾਲੀ ਦਲ ਦੇ ਜਨਰਲ ਸਕੱਤਰ ਸ੍ਰੀ ਰਾਮ ਸਿੰਘ ਜੱਟ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਰਾਜਿੰਦਰ ਸਿੰਘ ਧਾਲੀਵਾਲ ਨੇ ਵੀ ਸੰਬੋਧਨ ਕੀਤਾ।

ਹੁਸ਼ਿਆਰਪੁਰ'ਚ ਛਾਉਣੀ ਬਣੇਗੀ

ਨਵੀਂ ਦਿੱਲੀ, (ਪੀ. ਟੀ. ਆਈ.)—ਰਖਿਆ ਮੰਤਰੀ ਸ੍ਰੀ ਪੀ. ਵੀ. ਨਰਸਿਮਹਾ ਰਾਓ ਨੇ ਅੱਜ ਲੋਕ ਸਭਾ ਵਿਚ ਦਸਿਆ ਕਿ ਪੰਜਾਬ ਵਿਚ ਹੁਸ਼ਿਆਰਪੁਰ ਫੌਜੀ ਛਾਉਣੀ ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿਤੀ ਗਈ ਹੈ।

ਸ੍ਰੀ ਰਾਓ ਨੇ ਇਕ ਸੁਆਲ ਦੇ ਜੁਆਬ ਵਿਚ ਕਿਹਾ ਕਿ ਹਮੀਰਪੁਰ ਅਤੇ ਉਨਾ ਵਿਚ ਵੀ ਛਾਉਣੀਆਂ ਸਥਾਪਤ ਕਰਨ ਦੇ ਮਾਮਲੇ ਉਤੇ ਵਿਚਾਰ ਹੋ ਰਹੀ ਹੈ।

ਸ੍ਰੀ ਰਾਓ ਨੇ ਦਸਿਆ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਹੁਸ਼ਿਆਰਪੁਰ ਵਿਚ ਫੌਜੀ ਛਾਉਣੀ ਬਣਾਉਣ ਲਈ ਕਈ ਥਾਵਾਂ ਵੇਖੀਆਂ ਗਈਆਂ ਹਨ।

ਤਖ਼ਤ ਹਜ਼ਾਰਾ ਅਸੀਂ ਜੀਹਦੇ ਪਿੱਛੇ ਛੱਡਿਆ ਸੀ
ਉਹ ਵੀ ਗਈ ਅੱਖੀਆਂ ਫਿਰਾ।
ਦੇਖਿਆ ਮੈਂ ਏਸ ਪਿੰਡ ਮਿਰਜ਼ੇ ਬੇ-ਦੋਸਿਆਂ ਨੂੰ
ਸਹਿਬਾਂ ਦੇਣ ਹੱਥੀਂ ਮਰਵਾ।

ਹੱਕ ਦੀ ਜੇ ਗੱਲ ਕਰੋ ਸੂਲੀਆਂ ਤੇ ਟੰਗ ਦਿੰਦੇ
ਖੱਲਾਂ ਦੇਣ ਪੁੱਠੀਆਂ ਲੁਹਾ।
ਬੰਦ-ਬੰਦ ਕਟ ਕੇ ਤੇ ਦੇਗਾਂ 'ਚ ਉਬਾਲ ਦਿੰਦੇ
ਤਵੀਆਂ ਤੇ ਦਿੰਦੇ ਨੇ ਬਹਾ।

ਇਮੀਗਰੇਸ਼ਨ ਦਾ ਮਸਲਾ ਹੈ?

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ। ਸਾਡੇ ਕੋਲੋਂ ਸਲਾਹ ਲੈ ਸਕਦੇ ਹੋ
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ
- ਆਰਫਨ (ਯਤੀਮ) ਬੱਚੇ ਨੂੰ ਮੰਗਵਾਉਣਾ ਹੋਵੇ, ਉਸ ਬਾਰੇ ਜਾਣਕਾਰੀ।
- ਜੇ ਤੁਸੀਂ ਕੈਨੇਡਾ ਜਾਂ ਯੂ. ਐਸ. ਏ. ਵਿੱਚ ਰਿਫਊਜੀ ਲਈ ਅਪਲਾਈ ਕਰਨਾ ਹੋਵੇ।
- ਬਿਜਨਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇਮੀਗਰੇਸ਼ਨ ਲੈਣੀ ਹੋਵੇ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ
- ਇਮੀਗਰੇਸ਼ਨ ਇਨਕੁਆਰੀ ਜਾਂ ਅਪੀਲ ਕਰਨ ਬਾਰੇ ਜਾਣਕਾਰੀ ਲੈਣੀ ਹੋਵੇ।
- ਟੈਮਪਰੇਰੀ ਵਰਕ ਪਰਮਿਟ ਲੈਣਾ ਹੋਵੇ।



ਮਲਕੀਤ ਸਿੰਘ ਪਰਹਾਰ

- ਰੀਟਰਨਿੰਗ ਰੈਜ਼ੀਡੈਂਟ ਪਰਮਿਟ ਲੈਣ ਬਾਰੇ ਜਾਣਕਾਰੀ।
- ਲੁਕੇ ਹੋਏ ਵਿਜ਼ਟਰ, ਕੈਨੇਡਾ ਅਤੇ ਯੂ. ਐਸ. ਏ. ਵਿੱਚ ਕਿਵੇਂ ਰਹਿਣ ਲਈ ਅਪਲਾਈ ਕਰ ਸਕਦੇ ਹਨ - ਉਸ ਬਾਰੇ ਜਾਣਕਾਰੀ।
- ਇੰਡੀਆ ਕੈਨੇਡਾ ਵਿੱਚ ਡਾਈਵੋਰਸ ਬਾਰੇ ਜਾਣਕਾਰੀ।
- ਇੰਡੀਆ ਦੇ ਵਿੱਚ ਜਾਇਦਾਦ ਦੇ ਕਾਨੂੰਨ ਬਾਰੇ ਜਾਣਕਾਰੀ।
- ਮੌਰਟਗੇਜ਼ ਬਾਰੇ ਜਾਣਕਾਰੀ।
- ਵਸੀਅਤ ਕਰਨ ਲਈ ਜਾਣਕਾਰੀ।
- ਸਿਟੀਜਨ ਤੇ ਪਾਸਪੋਰਟ ਬਣਾਉਣ ਲਈ ਜਾਣਕਾਰੀ।

ਹੋਰ ਜਾਣਕਾਰੀ ਲਈ ਮਿਲੋ

ਜਾਂ ਫੂਨ ਕਰੋ

ਮਲਕੀਤ ਸਿੰਘ ਪਰਹਾਰ

ਘਰ (604) 228-0452
(604) 733-5611
ਟੈਲੇਕਸ 04-508746

Malkit Singh Parhar
#201-1275 W. 6th Avenue,
Vancouver, B.C. V6H1A6

NORTH AMERICAN LIFE ASSURANCE COMPANY

- Life Insurance
- Mortgage Insurance
- Children's educational Plans
- R R S P

NORTH AMERICAN LIFE

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

- **BUYING**
- **SELLING**

Free Evaluation For Your Property Call Any Time Without Any Obligation

Bus. 736-3831 or Res. 434-8548
Pager— 524-8581, #2229

ਵਿਸ਼ੇਸ਼ ਅਦਾਲਤਾਂ ਨਾਲ ਪੰਜਾਬ ਮਸਲਾ ਹੋਰ ਉਲਝਿਆ

ਚੰਡੀਗੜ੍ਹ: (ਜਗਤਾਰ ਸਿੰਘ ਸਿੱਧੂ) — ਕੇਂਦਰ ਵਲੋਂ ਸਥਾਪਤ ਕੀਤੀਆਂ ਗਈਆਂ ਵਿਸ਼ੇਸ਼ ਅਦਾਲਤਾਂ ਨੇ ਆਮ ਸ਼ਹਿਰੀ ਨੂੰ ਵੀ ਉਸ ਦੇ ਕਈ ਬੁਨਿਆਦੀ ਹੱਕਾਂ ਤੋਂ ਵਾਂਝਾ ਰਖਿਆ ਹੋਇਆ ਹੈ। ਇਸ ਦਾ ਘੇਰਾ ਵੀ ਕੇਵਲ ਅਤਿਵਾਦੀਆ ਤਕ ਹੀ ਸੀਮਤ ਨਹੀਂ ਹੈ। ਇਸ ਨਾਲ ਪੁਲੀਸ ਨੂੰ ਏਨੇ ਅਸੀਮਤ ਅਧਿਕਾਰ ਮਿਲੇ ਹੋਏ ਹਨ ਕਿ ਉਹ ਕਿਸੇ ਵੀ ਸ਼ਹਿਰੀ ਨੂੰ ਵਿਸ਼ੇਸ਼ ਅਦਾਲਤਾਂ ਦੇ ਬੂਹੇ ਉਤੇ ਖੜ੍ਹਾ ਕਰ ਸਕਦੀ ਹੈ।

ਪੁਲੀਸ ਦਾ ਕੰਮ ਕਿਸੇ ਨੂੰ ਇਕ ਵਾਰ ਕਟਹਿਰੇ ਵਿਚ ਖੜ੍ਹਾ ਕਰਨਾ ਹੈ। ਉਸ ਤੋਂ ਬਾਅਦ ਸਿਲਸਲਾ ਮਹੀਨਿਆਂ ਦਾ ਨਹੀਂ ਸਗੋਂ ਸਾਲਾਂ ਦਾ ਤੁਰ ਪੈਂਦਾ ਹੈ। ਉਸ ਲਈ ਵਕੀਲ, ਦਲੀਲਾਂ ਜਾਂ ਅਪੀਲ ਦੀ ਘੱਟ ਹੀ ਗੁੰਜਾਇਸ਼ ਰਹਿ ਜਾਂਦੀ ਹੈ। ਅਨੇਕਾਂ ਹੀ ਅਜਿਹੇ ਕੇਸ ਹਨ ਕਿ ਜੇ ਉਨ੍ਹਾਂ ਉਪਰ ਸਧਾਰਨ ਅਦਾਲਤਾਂ ਵਿਚ ਮੁਕਦਮੇ ਚਲਦੇ ਤਾਂ ਕਥਿਤ ਦੋਸ਼ੀ ਸਜ਼ਾ ਪੂਰੀ ਕਰਕੇ ਵੀ ਘਰ ਚਲੇ ਜਾਂਦੇ।

ਵਿਸ਼ੇਸ਼ ਅਦਾਲਤਾਂ ਪਿਛੋਂ ਪੰਜਾਬ ਦੀ ਸਥਿਤੀ ਸੁਧਰਨ ਦੀ ਥਾਂ ਵਿਗੜੀ ਹੈ ਪੰਜਾਬ ਦੇ ਬਹੁਤੇ ਪਿੰਡਾਂ ਵਿਚੋਂ ਕੋਈ ਨਾ ਕੋਈ ਵਿਸ਼ੇਸ਼ ਅਦਾਲਤ ਦੇ ਫੈਸਲੇ ਦੀ ਉਡੀਕ ਵਿਚ ਜੇਲ੍ਹ ਬੈਠਾ ਹੈ। ਪੇਸ਼ੀ ਦੀ ਤਰੀਕ ਪੈਂਦੀ ਹੈ ਪਿੰਡ ਵਾਲੇ ਆਪਣੇ ਮੁੰਡਿਆਂ ਦੀ ਸ਼ਕਲ ਵੇਖਣ ਲਈ ਬੱਸਾਂ ਵਿਚ ਧੱਕੇ ਖਾਂਦੇ ਰੋਟੀਆਂ ਲੜ ਬੰਨ੍ਹੀ ਸਾਰਾ ਸਾਰਾ ਦਿਨ ਕਚਹਿਰੀਆ ਵਿਚ ਖੱਜਲ ਖੁਆਰ ਹੁੰਦੇ ਹਨ। ਕਰੜੇ ਪੁਲੀਸ ਪਹਿਰੇ ਹੇਠ ਕਥਿਤ ਦੋਸ਼ੀ ਆਉਂਦੇ ਹਨ। ਅਗਲੀ ਤਰੀਕ ਪੈ ਜਾਂਦੀ ਹੈ। ਫਿਰ ਉਸ ਤੋਂ ਅਗਲੀ...। ਅਮੁਕ ਤਰੀਕਾਂ ਦਾ ਸਿਲਸਿਲਾ ਜਾਰੀ ਹੈ।

ਇਹ ਰਾਇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲਾਂ ਨਾਲ ਗੱਲਬਾਤ ਕਰਨ ਸਮੇਂ ਸਾਹਮਣੇ ਆਈ ਹੈ। ਇਨ੍ਹਾਂ ਵਿਚ ਮੁੱਖ ਤੌਰ ਉਤੇ ਸ. ਗੁਰਦਰਸ਼ਨ ਸਿੰਘ ਗਰੇਵਾਲ, ਸ. ਦਾਰਾ ਸਿੰਘ, ਸ੍ਰੀ ਧਰਮਵੀਰ ਸਹਿਗਲ, ਸ. ਗੁਰਨਾਮ ਸਿੰਘ ਤੀਰ, ਸ. ਰਜਿੰਦਰ ਸਿੰਘ ਚੀਮਾ ਅਤੇ ਕਈ ਨੌਜਵਾਨ ਵਕੀਲ ਸ਼ਾਮਲ ਹਨ। ਇਨ੍ਹਾਂ ਵਿਚੋਂ ਕਈਆਂ ਦੀ ਇਹ ਟਿੱਪਣੀ ਹੈ ਕਿ ਦੁਨੀਆਂ ਭਰ ਦੇ ਮਾੜੇ ਕਾਨੂੰਨਾਂ ਵਿਚੋਂ ਇਕ ਹੈ। ਇਸ ਅਧੀਨ ਸ਼ੁਰੂ ਵਿਚ ਹੀ ਇਹ ਮੰਨ ਕੇ ਤੁਰਿਆ ਜਾਂਦਾ ਹੈ ਕਿ ਕਟਹਿਰੇ ਵਿਚ ਖੜ੍ਹਾ ਆਦਮੀ ਦੋਸ਼ੀ ਹੈ। ਉਸ ਨੇ ਇਹ ਸਾਬਤ ਕਰਨਾ ਹੈ ਕਿ ਉਹ ਦੋਸ਼ੀ ਨਹੀਂ ਹੈ।

ਵਿਸ਼ੇਸ਼ ਅਦਾਲਤਾਂ ਵਿਚ ਕੇਸਾਂ ਦੀ ਵੀ ਭਰਮਾਰ ਹੈ। ਪਹਿਲਾਂ ਜਿਹੜੇ ਕੇਸ ਹੇਠਾਂ 37 ਜਾਂ 38 ਸੈਸ਼ਨ ਜੱਜ ਅਤੇ ਉਨ੍ਹਾਂ ਤੋਂ ਇਲਾਵਾ ਮੈਜਿਸਟਰੇਟ ਸੁਣਦੇ ਸਨ ਹੁਣ ਉਨ੍ਹਾਂ ਦੀ ਸੁਣਵਾਈ ਕੇਵਲ ਸੱਤ ਜਾਂ ਅੱਠ ਵਿਸ਼ੇਸ਼ ਅਦਾਲਤਾਂ ਕਰਦੀਆਂ ਹਨ। ਇਨ੍ਹਾਂ ਵਿਚੋਂ ਮੁਖ ਅਦਾਲਤਾਂ ਪਟਿਆਲਾ, ਜਲੰਧਰ, ਫਿਰੋਜ਼ਪੁਰ, ਲੁਧਿਆਣਾ, ਚੰਡੀਗੜ੍ਹ ਅਤੇ ਜੈਪੁਰ (ਰਾਜਸਥਾਨ) ਵਿਚ ਸਥਾਪਤ ਹਨ।

ਇਨ੍ਹਾਂ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਆਮ ਸ਼ਹਿਰੀ ਦੇ ਮਨ ਵਿਚ ਏਨਾ ਭੈ ਹੈ ਕਿ ਕਥਿਤ ਦੋਸ਼ੀ ਪੇਸ਼ ਹੀ ਨਹੀਂ ਹੋਣਾ ਚਾਹੁੰਦੇ। ਪਹਿਲਾਂ ਪੁਲੀਸ ਦੀ ਕੁੱਟਮਾਰ ਦਾ ਡਰ ਅਤੇ ਫਿਰ ਇਨਸਾਫ ਦੀ ਲੰਮੀ ਇੰਤਜ਼ਾਰ। ਇਸ ਤਰ੍ਹਾਂ ਕਈ ਲੋਕ ਭਗੌੜੇ ਹੀ ਚਲੇ ਆ ਰਹੇ ਹਨ ਜਿਸ ਦੇ ਸਿੱਟੇ ਵਜੋਂ ਅਤਿਵਾਦ ਹੋਰ ਵਧਿਆ ਹੈ। ਜੇ ਕੇਸ ਵਿਚ ਇਕ ਮੈਂਬਰ ਚਾਹੀਦਾ ਹੈ ਤਾਂ ਉਸ ਦਾ ਪੂਰਾ ਪਰਿਵਾਰ ਹੀ ਫੜ ਕੇ ਥਾਣੇ ਬਿਠਾ ਲਿਆ ਜਾਂਦਾ ਹੈ। ਕੇਵਲ ਭਾਰਤੀ ਸੰਵਿਧਾਨ ਵਿਚ ਹੀ ਨਹੀਂ ਸਗੋਂ ਵਿਸ਼ਵ ਦੇ ਸਭਿਅਕ ਕਾਨੂੰਨ ਦੀ ਇਹ ਧਾਰਨਾ ਹੈ ਕਿ ਜੇਕਰ ਕੇਸ ਦੇ ਦਸ ਵਿਅਕਤੀਆਂ 'ਚੋਂ ਇਕ ਵਿਅਕਤੀ ਵੀ ਬੇਕਸੂਰ ਹੈ ਤਾਂ ਬਾਕੀ ਨੌਂ ਦੇ ਵੀ ਬਚ ਜਾਣ ਦੀ ਸੰਭਾਵਨਾ ਹੁੰਦੀ ਹੈ। ਪਰ ਇਥੇ ਉਲਟ ਹੈ ਕਿ ਜੇਕਰ ਦਸ ਵਿਚ ਇਕ ਕਸੂਰਵਾਰ ਹੈ ਤਾਂ ਬਾਕੀ ਨੌਂ ਨੂੰ ਵੀ ਬੇਕਸੂਰ ਹੋਣਾ ਸਾਬਤ ਕਰਨਾ ਹੋਵੇਗਾ।

ਹਾਈਕੋਰਟ ਦੇ ਵਕੀਲਾਂ ਦੀ ਇਕ ਸਭਾ ਨੂੰ ਪਿਛਲੇ ਦਿਨੀਂ ਸੰਬੋਧਨ ਕਰਦੇ ਹੋਏ ਸੁਪਰੀਮ ਕੋਰਟ ਦੇ ਸਾਬਕਾ ਜੱਜ ਅਤੇ ਕਾਨੂੰਨ ਦੇ ਮਾਹਿਰ ਸ੍ਰੀ ਕ੍ਰਿਸ਼ਨਾ ਆਇਰ ਨੇ ਕਿਹਾ ਸੀ, "ਇਹ ਰੋਲਟ ਐਕਟ ਨਾਲੋਂ ਵੀ ਮਾੜਾ ਕਾਨੂੰਨ ਹੈ।"

ਸ. ਗੁਰਦਰਸ਼ਨ ਸਿੰਘ ਗਰੇਵਾਲ ਦਾ ਕਹਿਣਾ ਹੈ ਕਿ ਹੁਣ ਸਥਿਤੀ ਇਹ ਹੈ ਕਿ ਥਾਣੇਦਾਰ ਦਾ ਬੰਨ੍ਹਿਆ ਵੀ ਛੇਤੀ ਕੀਤੇ ਕੋਈ ਨਹੀਂ ਛੁਡਾ ਸਕਦਾ।

ਅਸਲਾ ਐਕਟ ਅਧੀਨ ਬੇਸ਼ਕ ਕਿਸੇ ਕੋਲ ਚਾਕੂ ਮਿਲ ਜਾਵੇ ਪਰ ਉਸ ਦਾ ਫੈਸਲਾ ਵਿਸ਼ੇਸ਼ ਅਦਾਲਤ ਹੀ ਕਰੇਗੀ। ਕਚਹਿਰੀ ਵਿਚ ਉਸ ਦੀ ਜ਼ਮਾਨਤ ਨਹੀਂ ਹੋ ਸਕਦੀ। ਜੇ ਜੱਜ ਉਸ ਦੀ ਜ਼ਮਾਨਤ ਦੀ ਅਰਜ਼ੀ ਪ੍ਰਵਾਨ ਕਰ ਲਵੇ ਤਾਂ ਇਹ ਜ਼ਾਮਨੀ ਦੇਣੀ ਪੈਂਦੀ ਹੈ ਕਿ ਕਥਿਤ ਦੋਸ਼ੀ ਹੋਰ ਅਪਰਾਧ ਨਹੀਂ ਕਰੇਗਾ। ਇਹ ਜ਼ਾਮਨੀ ਕੋਈ ਨਹੀਂ ਦੇ ਸਕਦਾ। ਕਿਸੇ ਨੂੰ ਵੀ ਮਾਰਨ ਦੀ ਧਮਕੀ ਦੇਣ ਨਾਲ ਧਾਰਾ 506 ਲਾਗੂ ਹੋ ਜਾਂਦੀ ਹੈ। ਇਹ ਅਜਿਹੀ ਧਾਰਾ ਹੈ ਜਿਸ ਨੂੰ ਕੋਈ ਵੀ ਥਾਣੇਦਾਰ ਨੂੰ ਰਿਸ਼ਵਤ ਦੇ ਕੇ ਆਪਣੇ ਵਿਰੋਧੀ ਉਤੇ ਲੁਆ ਸਕਦਾ ਹੈ ਫਿਰ ਨਿਬੇੜਾ ਵਿਸ਼ੇਸ਼ ਅਦਾਲਤ ਹੀ ਕਰੇਗੀ।

ਅਸਲਾ ਐਕਟ ਅਧੀਨ ਪੁਲੀਸ ਬਹੁਤ ਕੁਝ ਪਾ ਸਕਦੀ ਹੈ। ਸਾਧਾਰਨ ਹਾਲਤ ਵਿਚ ਇਸ ਕੇਸ ਅਧੀਨ ਸਜ਼ਾ ਛੇ ਮਹੀਨੇ ਹੁੰਦੀ ਹੈ ਪਰ ਵਿਸ਼ੇਸ਼ ਅਦਾਲਤਾਂ ਵਿਚ ਇਕ ਸਾਲ ਤਕ ਚਲਾਨ ਹੀ ਪੇਸ਼ ਨਹੀਂ ਹੁੰਦਾ। ਉਸ ਨੂੰ ਸਜ਼ਾ ਤਾਂ ਪਹਿਲਾਂ ਹੀ ਮਿਲ ਜਾਂਦੀ ਹੈ।

ਉਨ੍ਹਾਂ ਨੇ ਪੁਲੀਸ ਵਲੋਂ ਕੇਸ ਪਾਉਣ ਦੀਆ ਕੁਝ ਦਿਲਚਸਪ ਉਦਾਹਰਣਾਂ ਵੀ ਦਿਤੀਆਂ ਹਨ। ਕੁਝ ਵਿਅਕਤੀਆਂ ਉਤੇ ਧਾਰਾ 124 ਅਤੇ 153 ਏ ਲਾ ਕੇ ਇਕ ਫਿਰਕੇ ਨੂੰ ਦੂਜੇ ਫਿਰਕੇ ਵਿਰੁਧ ਭੜਕਾਉਣ ਦਾ ਦੋਸ਼ ਲਾ ਦਿਤਾ। ਐਫ. ਆਈ. ਆਰ. ਵਿਚ ਕਿਹਾ ਗਿਆ ਕਿ ਉਨ੍ਹਾਂ ਨੇ ਗੁਰਦੁਆਰੇ ਵਿਚ ਭੜਕਾਊ ਭਾਸ਼ਨ ਦਿਤੇ। ਪਰ ਜਿਸ ਦਿਨ ਦਾ ਇਹ ਕੇਸ ਬਣਾਇਆ ਗਿਆ ਹੈ ਉਸ ਦਿਨ ਕਰਫਿਊ ਲੱਗਾ ਹੋਇਆ ਸੀ।

ਪਿੰਡ ਮਲੋਅ ਦੀ ਬੀਬੀ ਹਰਜੀਤ ਕੌਰ ਵਿਰੁਧ ਦੋਸ਼ ਹੈ ਕਿ ਉਸ ਨੇ ਬੇਅੰਤ ਸਿੰਘ ਨੂੰ ਸ਼ਹੀਦ ਕਿਹਾ। ਉਹ ਕੋਈ 16 ਜਾਂ 17 ਸਾਲਾਂ ਦੀ ਕੁੜੀ ਹੈ। ਉਸ ਦੀ ਜ਼ਮਾਨਤ ਵੀ ਨਹੀਂ ਹੋ ਰਹੀ। ਸਧਾਰਨ ਕਾਨੂੰਨ ਅਧੀਨ ਕਤਲ ਦੇ ਕੇਸਾਂ ਵਿਚ ਵੀ ਔਰਤ ਦੀ ਜ਼ਮਾਨਤ ਹੋ ਜਾਂਦੀ ਹੈ। 16 ਸਾਲ ਦੇ ਤਾਂ ਲੜਕੇ ਦੀ ਵੀ ਅਜਿਹੇ ਕੇਸ ਵਿਚ ਜ਼ਮਾਨਤ ਹੋ ਜਾਂਦੀ ਹੈ।

ਇਕ ਹੋਰ ਕੇਸ ਇਸਤਰੀ ਅਕਾਲੀ ਆਗੂ ਬੀਬੀ ਰਜਿੰਦਰ ਕੌਰ ਨੇ ਇਕ ਥਾਂ ਭਾਸ਼ਨ ਦਿਤਾ ਸੀ ਕਿ "ਸਿੱਖਾਂ ਲਈ ਵੀ ਅਜਿਹੀ ਥਾਂ ਹੋਣੀ ਚਾਹੀਦੀ ਹੈ ਜਿਥੇ ਉਹ ਅਜ਼ਾਦੀ ਨਾਲ ਸਾਹ ਲੈ ਸਕਣ।" ਉਸ ਨੇ ਸਹਿਮਤੀ ਲਈ ਸਰੋਤਿਆਂ ਦੇ ਹੱਥ ਖੜੇ ਕਰਵਾਏ। ਇਕ ਬੀਬੀ ਹਰਭਜਨ ਕੌਰ ਉਤੇ ਕੇਸ ਹੈ ਕਿ ਉਸ ਨੇ ਸਹਿਮਤੀ ਲਈ ਹੱਥ ਖੜਾ ਕੀਤਾ ਸੀ। ਉਸ ਉਤੇ ਹਿੰਸਾ ਨਾਲ ਸਰਕਾਰ ਬਦਲਣ ਵਿਰੁਧ ਧਾਰਾ 124 ਏ ਲਾ ਦਿਤੀ। ਪਰ ਰਜਿੰਦਰ ਕੌਰ ਵਿਰੁਧ ਕੋਈ ਕੇਸ ਨਹੀਂ ਹੈ। ਪਾਬੰਦੀਸ਼ੁਦਾ ਸਟੂਡੈਂਟਸ ਫੈਡਰੇਸ਼ਨ ਦੇ ਇਕ ਆਗੂ ਇੰਦਰਬੀਰ ਸਿੰਘ ਦਾ ਕੇਸ ਵੀ ਅਦਾਲਤ ਵਿਚ ਹੈ। ਉਸ ਉਤੇ ਲੁਧਿਆਣਾ ਦੇ ਇਕ ਗੁਰਦੁਆਰੇ ਵਿਚ ਸੰਤ ਭਿੰਡਰਾਂਵਾਲਾ ਦੇ ਹੱਕ ਵਿਚ ਭਾਸ਼ਨ ਦੇਣ ਦਾ ਦੋਸ਼ ਹੈ।

ਵਿਸ਼ੇਸ਼ ਅਦਾਲਤਾਂ ਵਿਚ ਜ਼ਮਾਨਤ ਦੀ ਅਰਜ਼ੀ ਰੱਦ ਹੋਣ ਵਿਚ ਹੀ ਦੋ ਮਹੀਨੇ ਲਗ ਜਾਂਦੇ ਹਨ।

ਕਈ ਅਜਿਹੇ ਕੇਸ ਹਨ ਕਿ ਕੁਝ ਵਿਅਕਤੀ ਗੁਰਦੁਆਰਿਆਂ ਵਿਚੋਂ ਫੜੇ ਗਏ। ਉਥੋਂ ਅਸਲਾ ਵੀ ਮਿਲਿਆ ਹੈ। ਇਨ੍ਹਾਂ ਵਿਅਕਤੀਆਂ ਨੂੰ ਸਾਬਤ ਕਰਨਾ ਪੈਣਾ ਹੈ ਕਿ ਉਨ੍ਹਾਂ ਦਾ ਕੋਈ ਕਸੂਰ ਨਹੀਂ ਸੀ। ਸਫਾਈ ਦੇ ਵਕੀਲ ਨੂੰ ਸਰਕਾਰੀ ਗੁਆਹਾਂ ਦੀ ਸ਼ਨਾਖਤ ਨਹੀਂ ਕਾਰਵਾਈ ਜਾਂਦੀ। ਗੁਆਹਾਂ ਬਾਰੇ ਮੌਕੇ ਉਤੇ ਹੀ ਪਤਾ ਲੱਗਦਾ ਹੈ। ਉਹ ਵਧੇਰੇ ਕਰਕੇ ਪੁਲੀਸ ਦੇ "ਟਾਊਟ" ਹੁੰਦੇ ਹਨ। ਵਕੀਲ ਮਜ਼ਬੂਤੀ ਨਾਲ ਕੇਸ ਨਹੀਂ ਲੜ ਸਕਦਾ। ਕਿਉਂ ਜੋ ਕੇਸ ਦੀ ਸੁਣਵਾਈ ਬੰਦ ਕਮਰੇ ਵਿਚ ਹੁੰਦੀ ਹੈ। ਕਥਿਤ ਦੋਸ਼ੀ ਦਾ ਰਿਸ਼ਤੇਦਾਰ ਜਾਂ ਹਮਾਇਤੀ ਹਾਜ਼ਰ ਨਹੀਂ ਹੋ ਸਕਦਾ।

ਸ੍ਰੀ ਰਜਿੰਦਰ ਸਿੰਘ ਚੀਮਾ ਦਾ ਕਹਿਣਾ ਹੈ ਕਿ ਵਿਸ਼ੇਸ਼ ਅਦਾਲਤਾਂ ਕੋਈ ਮਸਲਾ ਹੱਲ ਨਹੀਂ ਕਰਦੀਆਂ। ਉਨ੍ਹਾਂ ਕਿਹਾ ਕਿ ਇਕੱਲੇ ਚੰਡੀਗੜ੍ਹ ਵਿਚ ਪੰਜ ਅਜਿਹੇ ਕੇਸ ਹਨ ਜਿਨ੍ਹਾਂ ਵਿਚ ਕਥਿਤ ਦੋਸ਼ੀਆਂ ਕੋਲੋਂ ਕੇਵਲ ਕਾਰਤੂਸ ਨਿਕਲੇ ਹਨ। ਜ਼ਮਾਨਤ ਦੀ ਧਾਰਾ ਸੈਕਸ਼ਨ 15 (5) ਦਾ ਲਾਭ ਤਾਂ ਸ਼ੱਕੀ ਦੋਸ਼ੀ ਘੱਟ ਹੀ ਲੈ ਸਕਦਾ ਹੈ। ਕਪੂਰਥਲਾ ਦੇ ਛੇ ਵਿਅਕਤੀਆਂ ਦੇ ਕੇਸ ਵਿਸ਼ੇਸ਼ ਅਦਾਲਤ ਵਿਚ ਇਸ ਕਰਕੇ ਚਲੇ ਗਏ ਕਿਉਂ ਜੋ ਉਨ੍ਹਾਂ ਨੇ ਲਲਕਾਰੇ ਮਾਰੇ ਸਨ।

ਸ੍ਰੀ ਚੀਮਾ ਦਾ ਕਹਿਣਾ ਹੈ ਕਿ ਵਿਸ਼ੇਸ਼ ਅਦਾਲਤ ਦੇ ਫੈਸਲੇ ਪਿਛੋ ਸੁਪਰੀਮ ਕੋਰਟ ਲਈ ਕੇਵਲ 30 ਦਿਨ ਅਪੀਲ ਦੇ ਹੁੰਦੇ ਹਨ। ਆਮ ਤੌਰ ਉਤੇ ਇਹ 60 ਦਿਨ ਮਿਲਦੇ ਹਨ। ਹਾਈਕੋਰਟ ਵਿਚ ਅਪੀਲ ਹੀ ਨਹੀਂ ਹੋ ਸਕਦੀ। ਸਧਾਰਨ ਆਦਮੀ ਲਈ ਸੁਪਰੀਮ ਕੋਰਟ ਵਿਚ ਕੇਸ ਲੜਨਾ ਸੌਖਾ ਨਹੀਂ।

ਬਜ਼ੁਰਗ ਵਕੀਲ ਸ. ਦਾਰਾ ਸਿੰਘ ਦੇ ਵਿਚਾਰ ਹਨ ਕਿ ਇਸ ਕਾਨੂੰਨ ਦੇ ਹੱਥ ਏਨੇ ਲੰਮੇ ਹਨ ਕਿ ਮੁਲਕ ਦੇ ਇਤਿਹਾਸ ਵਿਚ ਪਹਿਲਾਂ ਕਦੇ ਅਜਿਹਾ ਕਾਨੂੰਨ ਨਹੀਂ ਆਇਆ। 90 ਪ੍ਰਤੀਸ਼ਤ ਕੇਸ ਤਾ ਅਸਲਾ ਐਕਟ ਨਾਲ ਸਬੰਧਤ ਹਨ।

ਸ. ਗੁਰਨਾਮ ਸਿੰਘ ਤੀਰ ਦਾ ਕਹਿਣਾ ਹੈ ਕਿ ਇਹ ਰਾਜਸੀ ਮਨੋਰਥ ਤੋਂ ਪ੍ਰੇਰਤ ਕਦਮ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਇਕ ਫਿਰਕੇ ਦੇ ਲੋਕਾਂ ਵਿਰੁਧ ਪ੍ਰੇਸ਼ਾਨੀ ਵਧੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਕਤਲ ਤੋਂ ਲੈ ਕੇ ਚੌਧਰੀ ਬਲਬੀਰ ਸਿੰਘ ਦੇ ਕਤਲ ਤਕ ਦੀ ਹਿੰਸਾ ਦੀ ਜਾਂਚ ਕਰਵਾਈ ਜਾਵੇ ਤਾਂ ਦੋਸ਼ੀਆ ਦੇ ਚੇਹਰੇ ਨੰਗੇ ਹੋ ਜਾਣਗੇ। ਉਨ੍ਹਾਂ ਕਿਹਾ ਕਿ ਇਹ ਕਦਮ ਭਾਰਤੀ ਸੰਵਿਧਾਨ ਦੇ ਵੀ ਵਿਰੁਧ ਹੈ। ਉਨ੍ਹਾਂ ਕਿਹਾ ਕਿ ਬਹੁਤੇ ਕੇਸ ਕੇਵਲ ਸ਼ਬਦਯੁੱਧ ਹੀ ਹਨ।

ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਧਰਮਵੀਰ ਸਹਿਗਲ ਨੇ ਕਿਹਾ ਕਿ ਉਨ੍ਹਾਂ ਨੇ ਇਕ ਮੰਗ ਪੱਤਰ ਇਸ ਬਾਰੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਐਕਟਿੰਗ ਚੀਫ ਜਸਟਿਸ ਤੇ ਹੋਰਨਾਂ ਉਚ ਅਧਿਕਾਰੀਆਂ ਨੂੰ ਭੇਜਿਆ ਸੀ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਅਦਾਲਤਾਂ ਦੇ ਐਕਟ ਵਿਚ ਅਤਿਵਾਦੀਆਂ ਦੀ ਪ੍ਰਭਾਸ਼ਾ ਤਾਂ ਠੀਕ ਸੀ ਪ੍ਰੰਤੂ ਸੈਕਸ਼ਨ ਸੱਤ ਵਿਚ ਆਰਥਿਕ ਅਪਰਾਧਾਂ ਨੂੰ ਛੱਡ ਕੇ ਬਾਕੀ ਸਾਰੇ ਹੀ ਕਿਸਮ ਦੇ ਅਪਰਾਧਾਂ ਨੂੰ ਸ਼ਾਮਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਹਰ ਦੋਸ਼ੀ ਅਤਿਵਾਦੀ ਨਹੀਂ ਹੋ ਸਕਦਾ।

ਇੰਦਰਾ ਕਤਲ ਕਾਂਡ: ਪੱਤਰਕਾਰਾਂ ਨੂੰ ਖੁਲ੍ਹ

ਨਵੀਂ ਦਿਲੀ: (ਯੂ. ਐਨ. ਆਈ.) — ਸਮਾਚਾਰ ਨੁਮਾਇੰਦਿਆਂ ਨੂੰ ਤਿਹਾੜ ਜੇਲ੍ਹ ਅੰਦਰ ਇੰਦਰਾ ਗਾਂਧੀ ਕਤਲ ਕੇਸ ਦੀ ਕਾਰਵਾਈ ਵੇਖਣ ਤੇ ਖਬਰਾਂ ਦੇਣ ਦੀ ਖੁਲ੍ਹ ਹੋਵੇਗੀ। ਇਸ ਸਬੰਧੀ ਤਿਹਾੜ ਜੇਲ੍ਹ ਦੇ ਸੁਪਰਡੈਂਟ ਨਾਲ ਮਸ਼ਵਰੇ ਪਿਛੋਂ ਐਡੀਸ਼ਨਲ ਸੈਸ਼ਨ ਜੱਜ ਮਹੇਸ਼ ਚੰਦਰ ਵਲੋਂ ਹੁਕਮ ਪਾਸ ਕੀਤੇ ਜਾਣ ਦੀ ਆਸ ਹੈ ਸ੍ਰੀ ਮਹੇਸ ਚੰਦਰ ਨੇ ਵਿਸ਼ੇਸ਼ ਸਰਕਾਰੀ ਵਕੀਲ ਕੇ. ਐਲ. ਅਰੋੜਾ ਨਾਲ ਇਸ ਮਸਲੇ ਤੇ ਵਿਚਾਰਾਂ ਕੀਤੀਆਂ ਤੇ ਉਹ ਇਸ ਪੱਖ ਉਪਰ ਖੁਲ੍ਹ ਦਿਤੇ ਜਾਣ ਨਾਲ ਸਹਿਮਤ ਸਨ।

ਰਾਸ਼ਟਰੀ ਸੁਰਖਸ਼ਾ ਸੰਮਤੀ ਦਾ ਓਮ ਪ੍ਰਕਾਸ਼ ਹਲਾਕ

ਅੰਮ੍ਰਿਤਸਰ: ਇਥੇ ਰਾਸ਼ਟਰੀ ਸੁਰੱਖਸ਼ਾ ਸੰਮਤੀ ਦਾ ਇਕ ਲੀਡਰ ਓਮ ਪ੍ਰਕਾਸ਼ ਵੈਦ ਉਸ ਸਮੇਂ ਹਲਾਕ ਹੋ ਗਿਆ ਜਦ ਉਸਦਾ ਆਪਣਾ ਪਿਸਤੌਲ ਹੀ ਚਲ ਗਿਆ।



ਸੁਰਜੀਤ ਸਿੰਘ ਬੈਂਸ

ਕਿਸ਼ਤਾਂ ਦਾ ਵੀ ਬੰਦੋਬਸਤ ਕੀਤਾ ਜਾਵੇਗਾ

ਕਿਸੇ ਵੀ ਕੰਪਨੀ ਦੀ ਕਾਰ ਕਿਸੇ ਵੀ ਡੀਲਰ ਤੋਂ ਖ੍ਰੀਦਣੀ ਹੋਵੇ

To Buy Any Car From Any Dealer
Contact
Surjit S. Bains
Ph. 324-1527

ਸੁਰਜੀਤ ਸਿੰਘ ਬੈਂਸ ਬੀ. ਸੀ. ਦੇ ਲਾਇਸੈਂਸਡ ਮਕੈਨਿਕ ਹਨ

ਜਿੰਨ੍ਹਾਂ ਦਾ 15 ਸਾਲਾਂ ਦਾ ਤਜਰਬਾ ਹੈ

ਜੀ. ਐਮ. ਸੀ. ਫੋਰਡ, ਕ੍ਰਾਂਈਸਲਰ, ਅਮੈਰਿਕਨ ਮੋਟਰਜ਼ ਜਾਂ ਬਦੇਸ਼ੀ ਕਾਰਾਂ

ਕਾਰਾਂ, ਵੈਨਾਂ, ਪਿਕਅੱਪ ਖ੍ਰੀਦਣ ਜਾਂ ਵੇਚਣ ਲਈ

ਸੁਰਜੀਤ ਸਿੰਘ ਬੈਂਸ ਨੂੰ ਮਿਲੋ ਜਾਂ
ਫੋਨ ਕਰੋ : 324-1527

ਖ੍ਰੀਦਣ ਜਾਂ ਵੇਚਣ ਵਾਲੇ ਤੋਂ ਕੋਈ ਕਮਿਸ਼ਨ ਨਹੀਂ ਲਿਆ ਜਾਵੇਗਾ।

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S

PLUMBING & ELECTRICAL SUPPLY



4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS

Interested in knowing how much your property is worth?
Call me for Free market evaluation

BEST CHOICE REALTY LTD.
1331 Kingsway, Vancouver, B.C. V5V 3E3
PHONE: 877-1138 (24 HRS)

KULDIP [KAL] RANGI

RES: 278-8320, 270-7100

Direct Pager: 667-0868

ਪੰਜਾਬ ਦਾ ਦੁਖਾਂਤ

(ਇਸ ਇਤਿਹਾਸਕ ਦਸਤਾਵੇਜ ਬਾਰੇ ਪਾਠਕਾਂ ਦੇ ਏਨੇ ਫੋਨ ਆਏ ਹਨ ਕਿ ਅਸੀਂ ਇਸਨੂੰ ਚਾਲੂ ਰੱਖਣ ਦਾ ਫੈਸਲਾ ਕੀਤਾ ਹੈ। ਇਹ ਪੁਸਤਕ ਦੋ ਪ੍ਰਸਿੱਧ ਪੰਜਾਬੀਆਂ ਦੀ ਲਿਖੀ ਹੋਣ ਕਾਰਨ ਹੋਰ ਵੀ ਮਹੱਤਵਪੂਰਨ ਬਣ ਗਈ ਹੈ।

ਖੁਸ਼ਵੰਤ ਸਿੰਘ ਤੇ ਕੁਲਦੀਪ ਨਈਅਰ

(ਲੜੀ ਜੋੜਨ ਲਈ 'ਕੈਨੇਡਾ ਦਰਪਣ' ਦਾ ਪਿਛਲਾ ਅੰਕ ਦੇਖੋ)

ਚੌਥਾ ਅਧਿਆਇ

ਫੱਟਾਂ ਤੇ ਮਲ੍ਹਮ

ਚੰਗੇ ਆਗੂ ਦੀ ਪਹਿਲੀ ਮੁਢਲੀ ਲੋੜ ਘਟਨਾਵਾਂ ਨੂੰ ਅਗਾਊਂ ਵੇਖ ਸਕਣ ਦੀ ਯੋਗਤਾ ਹੁੰਦੀ ਹੈ, ਘਟਨਾਵਾਂ ਉਹਨੂੰ ਛੱਡ ਕੇ ਅਗਾਂਹ ਨਹੀਂ ਲੰਘ ਜਾਂਦੀਆਂ। ਉਹਦਾ ਦੂਜਾ ਗੁਣ ਇਹ ਹੁੰਦਾ ਹੈ ਕਿ ਉਹ ਸਬੰਧਤ ਕਰਮ, ਦੇ ਨਤੀਜਿਆਂ ਨੂੰ ਵੀ ਅਗਾਊਂ ਵੇਖ ਸਕਦਾ ਹੈ, ਅਤੇ ਇਹ ਕਰਮ ਤਦ ਹੀ ਕਰਦਾ ਹੈ ਜਦੋਂ ਹੋਰ ਕੋਈ ਬਦਲ ਉਹਦੇ ਸਾਹਮਣੇ ਹੋਣ ਹੀ ਨਾ। ਇਨ੍ਹਾਂ ਦੋ ਗੱਲਾਂ ਨੂੰ ਮੁਖ ਰੱਖੀਏ ਤਾਂ ਨਾ ਹੀ ਅਕਾਲੀ ਲੀਡਰ ਤੇ ਨਾ ਹੀ ਸ਼੍ਰੀਮਤੀ ਗਾਂਧੀ ਤੇ ਉਹਦੇ ਸਲਾਹਕਾਰ ਮਿਆਰ ਤੇ ਪੂਰੇ ਉਤਰਦੇ ਹਨ।

ਅਸੀਂ ਅਕਾਲੀਆਂ ਤੇ ਸਰਕਾਰ ਵਿਚਕਾਰ ਹੋਈਆਂ ਗੱਲਬਾਤਾਂ ਦਾ ਜ਼ਿਕਰ ਕਾਫੀ ਵੇਰਵੇ ਵਿਚ ਕਰ ਆਏ ਹਾਂ ਅਤੇ ਦੱਸ ਚੁੱਕੇ ਹਾਂ ਕਿ ਝਗੜੇ ਦੇ ਕਰੀਬ-ਕਰੀਬ ਸਭਨਾਂ ਨੁਕਤਿਆਂ ਉਤੇ ਨਿਰਣਾ ਹੋ ਚੁਕਿਆ ਹੋਇਆ ਸੀ, ਕਿ ਅਕਾਲੀ ਜਾਂ ਸਰਕਾਰ ਕੀਤੇ ਇਕਰਾਰਾਂ ਤੋਂ ਪਿਛਾਂਹ ਹਟ ਗਏ ਅਤੇ ਰਾਜ ਤੇ ਦੇਸ ਨੂੰ ਖਡ ਦੇ ਕੰਢੇ ਉਤੇ ਲੈ ਗਏ। ਆਖਰੀ ਗਲਤੀ ਸੈਂਟਰਲ ਗੌਰਮਿਟ ਵਲੋਂ ਹੋਈ ਜਦੋਂ ਉਹਨੇ ਟੈਂਕਾਂ, ਬਕਤਰਬੰਦ ਗਡੀਆਂ (ਆਰਮਰਡ ਪਰਸਾਨਲ ਕੈਰੀਅਰਜ਼) ਮਾਊਂਟੇਨ ਗੰਨਾਂ ਤੇ ਹੋਰ ਹਥਿਆਰ ਨਾਲ ਲੈਸ ਫੌਜ ਨੂੰ ਭਿੰਡਰਾਂਵਾਲੇ ਤੇ ਉਹਦੇ ਆਦਮੀਆਂ ਨੂੰ ਬਾਹਰ ਕਢਣ ਲਈ ਭੇਜਣ ਦਾ ਫੈਸਲਾ ਕੀਤਾ, ਜਿਨ੍ਹਾਂ ਦੀ ਗਿਣਤੀ 350 ਤੋਂ ਵੱਧ ਨਹੀਂ ਸੀ ਤੇ ਜਿਹੜੇ ਕੁਝ ਲਾਈਟ ਮਸ਼ੀਨਗੰਨਾਂ ਤੇ ਦਸਤੀ ਬੰਬਾਂ ਨਾਲ, ਪਹਿਲੀ ਸੰਸਾਰ ਜੰਗ ਦੀਆਂ 303 ਰਫਲਾਂ ਨਾਲ ਤੇ ਪੁਰਾਣੀ ਬਾਜ਼ੂਕਾ ਨਾਲ ਲੈਸ ਸਨ। ਠੀਕ ਹੀ ਕਿਹਾ ਗਿਆ ਹੈ:

ਬਰਬਾਦੀ-ਇ-ਖਾਰੋ ਖਸ ਕੇ ਲੀਏ
ਕਿਉਂ ਬਰਕ ਕੋ ਦਾਹਵਤ ਦੇਤੇ ਹੋ ?
ਕਯਾ ਲਾਲਾ ਓ ਗੁਲ ਬਚ ਜਾਏਂਗੇ,
ਜਬ ਆਗ ਲਗੇਗੀ ਗੁਲਸ਼ਨ ਕੋ ?

ਪੁਲਸ ਤੇ ਆਰਮੀ ਦੇ ਏਜੰਟਾਂ ਵਲੋਂ ਮਿਲੀ ਸੂਚਨਾ ਦੇ ਵਿਸ਼ਲੇਸ਼ਣ ਪਿਛੋਂ ਕਮਾਂਡਰਾਂ ਨੇ ਇਹ ਨਿਰਣਾ ਕੀਤਾ ਕਿ ਦਹਿਸ਼ਤਪਸੰਦਾਂ ਨੂੰ ਬਾਹਰ ਕੱਢਣ ਦਾ ਕਾਰਜ ਵੱਧ ਤੋਂ ਵੱਧ ਦੋ ਘੰਟੇ ਵਿਚ ਪੂਰਾ ਹੋ ਜਾਵੇਗਾ। ਓਪਰੇਸ਼ਨ ਬਲਿਊ-ਸਟਾਰ ਨੂੰ ਸਿਰੇ ਚੜ੍ਹਨ ਵਿਚ ਤਿੰਨ ਦਿਨ ਲੱਗੇ, ਜਾਨ ਮਾਲ ਦਾ ਨੁਕਸਾਨ ਅੰਦਾਜ਼ੇ ਤੋਂ ਕਿਤੇ ਬਹੁਤਾ ਹੋਇਆ। ਤੇ ਸਿਖ ਭਾਈਚਾਰੇ ਦੇ ਪ੍ਰਤਿਕਰਮ ਕੀ ਹੋਣਗੇ, ਇਸ ਵਲ ਤਾਂ ਗਹੁ ਕੀਤਾ ਹੀ ਨਹੀਂ ਗਿਆ।

ਕਿਸੇ ਸ਼ਾਇਰ ਨੇ ਠੀਕ ਹੀ ਆਖਿਆ ਹੈ :
ਵੋਹ ਵਕਤ ਭੀ ਦੇਖਾ ਤਾਰੀਖ ਕੀ ਗੜ੍ਹੀਉਂ ਨੇ
ਲਮਹੋਂ ਨੇ ਖਤਾ ਕੀ ਥੀ, ਸਦੀਉਂ ਨੇ ਸਜ਼ਾ ਪਾਈ।

ਸਿੱਖਾਂ ਤੇ ਜੋ ਪ੍ਰਤਿਕਰਮ ਹੋਏ ਉਹਨਾਂ ਤੋਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਸਿੱਖਾਂ ਦੀ ਭਾਰੀ ਬਹੁਗਿਣਤੀ ਦਾ ਭਿੰਡਰਾਂਵਾਲੇ ਨਾਲ ਦੂਰ ਦਾ ਵੀ ਵਾਸਤਾ ਨਹੀਂ, ਨਾ ਹੀ ਅਕਾਲੀਆਂ, ਸਰਕਾਰ ਜਾਂ ਰਾਜਨੀਤੀ ਨਾਲ ਕੋਈ ਵਾਸਤਾ ਹੈ। ਉਹਨਾਂ ਵਿਚੋਂ ਬਹੁਤਿਆਂ ਨੂੰ ਅਕਾਲ ਤਖਤ ਵਿਚ ਭਿੰਡਰਾਂਵਾਲੇ ਦੀ ਹਥਿਆਰਬੰਦ ਮੌਜੂਦਗੀ ਦਾ ਇਲਮ ਸੀ, ਪਰ ਕਿਉਂਕਿ ਉਹ ਪੂਜਾ ਪਾਠ ਦੇ ਉਹਨਾਂ ਦੀਆਂ ਰੋਜ਼ਾਨਾ ਰਹੁ-ਰੀਤਾਂ ਵਿਚ ਦਖਲ ਨਹੀਂ ਸੀ ਦਿੰਦਾ, ਉਹਨਾਂ ਨੇ ਉਹਦੇ ਵੱਲ ਕੋਈ ਖਾਸ ਧਿਆਨ ਨਹੀਂ ਦਿਤਾ। ਉਹ ਇੰਦਰਾ ਗਾਂਧੀ ਵਿਰੁਧ(ਪੰਡਤਾਂ ਦੀ ਕੁੜੀ—ਬਾਹਮਣੀ ਆਦਿ) ਜਾਂ ਹਿੰਦੂਆਂ ਵਿਰੁੱਧ (ਧੋਤੀਆਂ ਵਾਲੇ, ਟੋਪੀਆਂ ਵਾਲੇ) ਜੋ ਜ਼ਹਿਰ ਉਗਲਦਾ ਸੀ, ਉਸ ਨੂੰ ਉਹ ਪਰਵਾਨਗੀ ਨਹੀਂ ਸੀ ਦਿੰਦੇ ਤੇ ਨਾ ਹੀ ਗੁੰਡਾਗਰਦੀ ਦੇ ਉਹਨਾਂ ਕਾਰਿਆਂ ਨੂੰ ਠੀਕ ਕਹਿੰਦੇ ਸਨ ਜਿਹੜੇ ਉਹਨਾਂ ਆਦਮੀਆਂ ਵਲੋਂ ਹੁੰਦੇ ਸਨ ਜਿਨ੍ਹਾਂ ਨੂੰ ਭਿੰਡਰਾਂਵਾਲੇ ਦੇ ਆਦਮੀ ਦਸਿਆ ਜਾਂਦਾ ਹੈ; ਉਹ ਇਹਨੂੰ ਉਹਦੇ ਤੇ ਸਰਕਾਰ ਵਿਚਕਾਰ ਕੋਈ ਚੀਜ਼ ਸਮਝਦੇ ਹਨ ਜਿਸ ਦਾ ਉਹਨਾਂ ਨਾਲ ਕੋਈ ਸੰਬੰਧ ਨਹੀਂ ਸੀ। ਹਰਿਮੰਦਰ ਤੇ ਅਕਾਲ ਤਖਤ ਦਾ ਉਹਨਾਂ ਨਾਲ ਸੰਬੰਧ ਸੀ, ਇਹ ਉਹਨਾਂ ਦੇ ਅੱਤ ਪਵਿੱਤਰ ਧਰਮ-ਅਸਥਾਨ ਸਨ। ਸਾਦ-ਮੁਰਾਦੇ ਤੇ ਸਾਧਾਰਨ ਸਿਖ ਕਿਸਾਨ ਲਈ ਫੌਜ ਹੀ ਹਮਲਾਵਰ ਸੀ। ਭਿੰਡਰਾਂਵਾਲਾ ਤੇ ਉਹਦੇ ਆਦਮੀ ਇਹਦੇ 'ਰਖਿਅਕ' ਸਨ। ਜਦੋਂ ਉਹਨਾਂ ਨੂੰ ਮਲੂਮ ਹੋਇਆ ਕਿ ਹਰਿਮੰਦਰ ਸਾਹਿਬ ਵਿਚ ਗੁਰੂ ਗਰੰਥ ਸਾਹਿਬ ਦੀ ਬੀੜ ਨੂੰ ਗੋਲੀ ਵੱਜੀ ਹੈ ਅਤੇ ਹੁਕਮਨਾਮਿਆਂ ਦੀਆਂ 1,000 ਹੱਥ-ਲਿਖਤ ਨਕਲਾਂ ਤੇ ਮੌਲਿਕ ਰੂਪ ਸੁਆਹ ਦਾ ਢੇਰ ਬਣ ਗਏ ਹਨ, ਕੀਰਤਨ ਕਰ ਰਹੇ ਇਕ ਰਾਗੀ ਨੂੰ ਗੋਲੀ ਵੱਜੀ ਹੈ ਅਤੇ ਹਜ਼ਾਰਾਂ ਨਿਰਦੋਸ਼ ਸ਼ਰਧਾਲੂ ਲੋਕ ਮਾਰੇ ਗਏ ਹਨ ਜਿਨ੍ਹਾਂ ਵਿਚ ਇਸਤਰੀਆਂ ਤੇ ਬੱਚੇ ਵੀ ਸ਼ਾਮਿਲ ਸਨ, ਤਾਂ ਉਹਨਾਂ ਨੂੰ ਰੋਹ ਚੜ੍ਹ ਗਿਆ।

ਇਕ ਕਰੋੜ ਚਾਲੀ ਲੱਖ ਦੀ ਕਮਿਊਨਿਟੀ ਨੇ, ਇਕ ਆਦਮੀ ਦੇ ਰੂਪ ਵਿਚ, ਮਹਿਸੂਸ ਕੀਤਾ ਕਿ ਉਹਨੂੰ ਚਪੇੜ ਕੱਢ ਮਾਰੀ ਗਈ ਹੈ। ਤੇ ਹਿੰਦੂਆਂ ਨੇ ਜਿਵੇਂ ਭਿੰਡਰਾਂਵਾਲੇ ਤੇ ਉਹਦੇ ਆਦਮੀਆਂ ਦੇ ਮਾਰੇ ਜਾਣ ਉਤੇ ਜੋ ਖੁਸ਼ੀ ਮਨਾਈ ਉਹਨੇ ਸਿੱਖਾਂ ਨੂੰ ਹੋਰ ਵੀ ਬਹੁਤਾ ਕਰੋਧ ਚੜ੍ਹਾਇਆ, ਅੰਮ੍ਰਿਤਸਰ ਵਿਚ ਹਿੰਦੂਆਂ ਨੇ ਫੌਜੀਆਂ ਨੂੰ ਚਾਹ, ਸਿਗਰਟਾਂ, ਏਅਰੇਟਿਡ ਵਾਟਰ, ਮਿਠਾਈ ਤੇ ਸ਼ਰਾਬ ਪੇਸ਼ ਕੀਤੇ। ਉਤਰੀ ਭਾਰਤ ਦੇ ਬਹੁਤੇ ਭਾਗਾਂ ਵਿਚ ਵੀ ਹਿੰਦੂ ਇਵੇਂ ਹੀ ਖੁਸ਼ ਹੋਏ। ਸਰਕਾਰੀ ਕੰਟਰੋਲ ਹੇਠਲੇ ਪਰਚਾਰ ਸਾਧਨਾਂ— ਆਲ ਇੰਡੀਆ ਰੇਡੀਓ ਤੇ ਦੂਰ ਦਰਸ਼ਨ—ਨੇ ਆਰਮੀ ਵਲੋਂ ਵਿਖਾਈ ਗਈ ਸੂਰਬੀਰਤਾ ਉਤੇ ਜ਼ੋਰ ਦੇ ਕੇ ਅਤੇ ਦੋ ਨਿਊਜ਼-ਏਜੰਸੀਆਂ (ਪੀ ਟੀ ਆਈ ਅਤੇ ਯੂ ਐਨ ਆਈ) ਦੀ ਮਦਦ ਨਾਲ ਮਨ-ਘੜਤ ਗੱਲਾਂ ਫੈਲਾਅ ਕੇ ਅਤੇ ਦਾਸ ਪ੍ਰੈਸ ਵਿਚ ਵਾਰਤਾਵਾਂ ਛਪਵਾ ਕੇ ਸਿੱਖਾਂ ਦੇ ਦੁਖ ਵਿਚ ਵਾਧਾ ਕੀਤਾ। ਭਿੰਡਰਾਂਵਾਲੇ ਤੇ ਅਕਾਲੀਆਂ ਦੇ ਦਾਗੀ ਬਿੰਬਾਂ ਰਾਹੀਂ ਇਸ ਪ੍ਰੈਸ ਨੇ ਸਮੁੱਚੀ ਕਮਿਊਨਿਟੀ ਦੇ ਚਿਹਰੇ ਤੇ ਹੀ ਕਾਲਖ ਲਾਉਣ ਦੀ ਕੋਸ਼ਿਸ਼ ਕੀਤੀ। ਇਹ ਪਰਚਾਰ ਕੀਤਾ ਗਿਆ ਕਿ ਫੌਜੀਆਂ ਦੀਆਂ ਬਹੁਤੀਆਂ ਮੌਤਾਂ ਇਸ ਕਰਕੇ ਹੋਈਆਂ ਜਾਂ ਬਹੁਤੇ ਫਟੜ ਇਸ ਕਰਕੇ ਹੋਏ ਕਿਉਂਜ ਉਹਨਾਂ ਨੂੰ ਸਖਤ ਹੁਕਮ ਦਿਤੇ ਗਏ ਸਨ ਕਿ ਉਹ ਹਰਿਮੰਦਰ ਉਤੇ ਗੋਲੀ ਬਿਲਕੁਲ ਨਾ ਚਲਾਉਣ ਉਥੋਂ ਭਾਵੇਂ ਗੋਲੀਆਂ ਹੀ ਕਿਉਂ ਨਾ ਚਲਦੀਆਂ ਹੋਣ, ਏਸੇ ਕਾਰਨ ਹੀ ਹਰਿਮੰਦਰ ਨੂੰ ਬਿਲਕੁਲ ਹੀ ਕੋਈ ਹਾਨੀ ਨਹੀਂ ਪੁੱਜੀ ਅਤੇ ਇਸ ਅੰਦਰ ਟਿਕੇ ਹੋਏ ਆਦਮੀਆਂ ਵਿਚੋਂ ਕਿਸੇ ਨੂੰ ਵੀ ਸੱਟ ਨਹੀਂ ਵੱਜੀ। ਪਰ ਉਸ ਸਮੇਂ ਉਥੇ ਹਾਜ਼ਰ ਲੋਕ ਬਿਲਕੁਲ ਹੀ ਵਖਰੀ ਤਰ੍ਹਾਂ ਦੀ ਵਾਰਤਾ ਸੁਣਾਉਂਦੇ ਹਨ, ਤੇ ਉਹਨਾਂ ਦੀਆਂ ਗਲਾਂ ਦੀ ਅੱਗੇ ਚੱਲ ਕੇ ਉਹਨਾਂ ਲੋਕਾਂ ਨੇ ਵੀ ਪੁਸ਼ਟੀ ਕੀਤੀ ਜਿਹੜੇ ਗੋਲਡਨ ਟੈਂਪਲ ਦੇ ਦਰਸ਼ਨਾਂ ਨੂੰ ਗਏ। ਭਿੰਡਰਾਂਵਾਲੇ ਨੇ ਆਪਣੇ ਆਦਮੀਆਂ ਨੂੰ ਹਰਿਮੰਦਰ ਵਿਚ ਦਾਖਲ ਹੋਣੋਂ ਮਨਾਹ ਕਰ ਛਡਿਆ ਸੀ ਤੇ ਹਰਿਮੰਦਰ ਤੋਂ ਫੌਜ ਉਤੇ ਕੋਈ ਗੋਲੀ ਨਹੀਂ ਚੱਲੀ। ਫਿਰ ਵੀ ਹਰਿਮੰਦਰ ਉਤੇ ਗੋਲੀਆਂ ਦੇ ਤਾਜ਼ਾ ਨਿਸ਼ਾਨ 200 ਤੋਂ ਉਪਰ ਸਨ, ਇਹ ਨਿਸ਼ਾਨ ਫੌਜੀਆਂ ਦੀਆਂ ਗੋਲੀਆਂ ਦੇ ਹਨ ਜਾਂ ਭਿੰਡਰਾਂਵਾਲੇ ਦੇ ਆਦਮੀਆਂ ਦੀਆਂ ਗੋਲੀਆਂ ਦੇ, ਇਹ ਕੋਈ ਕਦੇ ਵੀ ਜਾਣ ਨਹੀਂ ਸਕੇਗਾ। ਹਰਿਮੰਦਰ ਵਿਚ ਗੁਰਬਾਣੀ ਦਾ ਕੀਰਤਨ ਕਰ ਰਹੇ ਇਕ ਅੰਨ੍ਹੇ ਰਾਗੀ, ਅਮਰੀਕ ਸਿੰਘ, ਨੂੰ ਗੋਲੀ ਵਜੀ ਤੇ ਉਹ ਉਥੇ ਹੀ ਮਰ ਗਿਆ ਤੇ ਉਹਦਾ ਲਹੂ ਉਸ ਗਲੀਚੇ ਉਤੇ ਡੁਲ੍ਹਿਆ ਜਿਸ ਤੇ ਉਹ ਡਿਗਿਆ ਸੀ। ਲਹੂ ਗਲੀਚੇ ਵਿਚ ਰਚ ਗਿਆ ਤੇ ਅਦਿਖ ਸੀ, ਪਰ ਗਲੀਚੇ ਉਤੇ ਮੱਖੀਆਂ ਦੀ ਵਡੀ ਗਿਣਤੀ ਭੀਂ ਭੀਂ ਕਰਦੀ ਰਹੀ ਜਿਹੜੀ ਰਾਗੀ ਦੀ ਮੌਤ ਨੂੰ ਮੰਨਣ-ਯੋਗ ਬਣਾਉਂਦੀ ਸੀ। ਇਸ ਗਲੀਚੇ ਨੂੰ ਜਲਦੀ ਹੀ ਬਦਲ ਦਿਤਾ ਗਿਆ। ਪਹਿਲੀਆਂ ਰਿਪੋਰਟਾਂ ਵਿਚ, ਜੋ ਸਭੇ ਹੀ ਸਰਕਾਰੀ ਏਜੰਸੀਆਂ ਨੇ ਜਾਰੀ ਕੀਤੀਆਂ ਸਨ, ਤੇਰਾਂ ਇਸਤਰੀਆਂ ਤੇ ਕੁਝ ਬੱਚਿਆਂ ਦੀਆਂ ਮੌਤਾਂ ਨੂੰ ਮੰਨਿਆ, ਫੇਰ ਇਹਨਾਂ ਹੀ ਏਜੰਸੀਆਂ ਨੇ ਇਸ ਤੋਂ ਇਨਕਾਰ ਕੀਤਾ ਕਿ ਕੋਈ ਤੀਵੀਆਂ ਜਾਂ ਬੱਚੇ ਮਰੇ ਹਨ। ਪਰ ਜਦੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ, ਤਾਂ ਇਹਨਾਂ ਏਜੰਸੀਆਂ ਨੇ ਕਿਹਾ ਕਿ ਹਾਂ ਤੀਵੀਆਂ ਤੇ ਬੱਚੇ ਮਰੇ ਹਨ ਪਰ ਉਹ ਭਿੰਡਰਾਂਵਾਲੇ ਦੇ ਆਦਮੀਆਂ ਵਲੋਂ ਸੁਟੇ ਗਏ ਦਸਤੀ ਬੰਬ ਫਟਣ ਨਾਲ ਮਰੇ ਹਨ।

ਸਰਕਾਰੀ ਏਜੰਸੀਆਂ ਨੇ ਦਸਿਆ ਕਿ ਟੈਂਪਲ ਕਾਂਪਲੈਕਸ ਵਿਚ ਬਹੁਤ ਸਾਰੀਆਂ ਵੇਸਵਾਵਾਂ ਅਤੇ ਯੂਰਪੀਅਨ ਹਿਪੀਆਂ ਸਮੇਤ ਤੀਵੀਆਂ ਮਿਲੀਆਂ। ਕੁਝ ਇਸਤਰੀਆਂ ਗਰਭਵਤੀ ਸਨ — ਦੂਜੀਆਂ ਗਰਭ-ਰੋਕ ਸਾਧਨਾਂ ਕਰਕੇ ਗਰਭਵਤੀ ਹੋਣੋਂ ਬਚ ਰਹੀਆਂ, ਸਾਧਨ ਜੋ ਮਲਬੇ ਵਿਚੋਂ ਮਿਲੇ ਹਨ। ਇਸ ਪਿਛੋਂ ਇਕ ਹੋਰ ਮਨ-ਘੜਤ ਗੱਲ ਫੈਲਾਈ ਗਈ ਕਿ ਅਫੀਮ, ਹੇਰੋਇਨ ਤੇ ਹਸ਼ੀਸ ਵੀ ਫੌਜੀਆਂ ਨੂੰ ਲੱਭੀਆਂ ਹਨ। ਇਹ ਕਹਾਣੀ ਸਭਨਾਂ ਅਖਬਾਰਾਂ ਦੇ ਪਹਿਲੇ ਸਫਿਆਂ ਉਤੇ ਛਪੀ। ਦੋ ਦਿਨ ਪਿਛੋਂ ਤਰਮੀਮ-ਸ਼ੁਦਾ ਬਿਆਨ ਪ੍ਰਕਾਸ਼ਤ ਕੀਤਾ ਗਿਆ ਕਿ ਨਸ਼ੀਲੇ ਪਦਾਰਥ, ਹਸ਼ੀਸ, ਆਦਿ ਟੈਂਪਲ ਕਾਂਪਲੈਕਸ ਤੋਂ ਬਾਹਰ ਕਿਸੇ ਮਕਾਨ ਵਿਚੋਂ ਮਿਲੇ ਸਨ, ਇਹ ਖਬਰ ਅੰਦਰਲੇ ਪੰਨਿਆਂ ਉਤੇ ਛਾਪੀ ਗਈ ਜਿਸ ਉਤੇ ਬਹੁਤੇ ਪਾਠਕਾਂ ਦੀ ਨਜ਼ਰ ਹੀ ਨਹੀਂ ਪੈਂਦੀ ਜਿਹੜੇ ਸਿਰਫ ਸੁਰਖੀਆਂ ਹੀ ਪੜ੍ਹਦੇ ਹਨ। ਭਿੰਡਰਾਂਵਾਲੇ ਦੀ ਪ੍ਰਸਿਧੀ ਨੂੰ ਕਾਲਾ ਕਰਨ ਦੇ ਇਸ ਤੋਂ ਵੀ ਭੈੜੇ ਜਤਨ ਕੀਤੇ ਗਏ। ਪਹਿਲਾਂ ਸੁਝਾਉ ਦਿਤਾ ਗਿਆ ਕਿ ਉਹਨੇ ਖੁਦਕਸ਼ੀ ਕੀਤੀ ਹੈ, ਫੇਰ ਹਿੰਦੁਸਤਾਨ ਟਾਈਮਜ਼ ਦੇ ਐਮ. ਕੇ. ਧਰ ਨੇ 'ਅੱਤ ਭਰੋਸੇਯੋਗ ਸੋਮਿਆਂ ਤੋਂ (ਇਹ ਸੋਮਾ ਨਿਸਚਿਤ ਹੀ ਨੰਬਰ 1 ਸਫਦਰਜੰਗ ਰੋਡ ਹੈ) ਪ੍ਰਾਪਤ ਇਹ ਖਬਰ ਛਾਪੀ ਕਿ ਭਿੰਡਰਾਂਵਾਲੇ ਨੂੰ ਖੁਦ ਉਹਦੇ ਹੀ ਆਦਮੀਆਂ ਨੇ ਮਾਰ ਦਿਤਾ ਹੈ। ਇਹ ਖਬਰ ਉਹਦੇ ਅਖਬਾਰ ਦੇ ਪਹਿਲੇ ਸਫੇ ਉਤੇ ਬੈਨਰ ਹੈਡਲਾਈਨ ਦੇ ਕੇ ਛਾਪੀ ਗਈ ਜਦੋਂ ਪੋਸਟ-ਮਾਰਟਮ ਰਿਪੋਰਟ ਵਿਚ ਦਸਿਆ ਗਿਆ ਕਿ ਭਿੰਡਰਾਂਵਾਲੇ ਦੀ ਦੇਹ ਸਿਰ ਤੋਂ ਪੈਰਾਂ ਤੱਕ ਗੋਲੀਆਂ ਨਾਲ ਛਲਣੀ ਹੈ, ਫੇਰ ਕਿਸੇ ਨੇ ਨਾ ਆਤਮਘਾਤ ਦੀ ਤੇ ਨਾ ਹੀ ਖੁਦ ਉਹਦੇ ਆਪਣੇ ਆਦਮੀਆਂ ਹਥੋਂ ਮਰਨ ਬਾਰੇ ਕੁਝ ਨਾ ਛਾਪਿਆ।

ਕਿਉਂਜ ਕੋਈ ਵੀ ਸਤਿਕਾਰਯੋਗ ਸਿੱਖ ਸਰਕਾਰ ਨੂੰ ਪੂਰੀ ਤਰ੍ਹਾਂ ਨਿਰਦੋਸ਼ ਠਹਿਰਾਉਣ ਨੂੰ ਤਿਆਰ ਨਹੀਂ, ਸੋ ਡਰੇ ਹੋਏ ਪੇਂਡੂਆਂ ਤੇ ਗੰਵਾਰ ਲੋਕਾਂ ਨੂੰ ਟੈਲੀਵੀਜਨ ਕੈਮਰਿਆਂ ਦੇ ਸਾਹਮਣੇ ਖੜਾ ਕੀਤਾ ਜਾਂਦਾ ਅਤੇ ਸਰਕਾਰੀ ਕਰਮਚਾਰੀਆਂ ਵਲੋਂ ਤਿਆਰ ਕੀਤੇ ਹੋਏ ਬਿਆਨ ਉਹਨਾਂ ਤੋਂ ਦਿਵਾਏ ਜਾਂਦੇ ਜੋ ਇਸ ਬਾਰੇ ਹੁੰਦੇ ਕਿ ਫੌਜੀ ਕਾਰਵਾਈ ਨਾਲ ਪੰਜਾਬ ਵਿਚ ਸ਼ਾਂਤੀ ਕਾਇਮ ਹੋਈ ਹੈ। ਇਹ ਗੱਲ ਉਦੋਂ ਸਪਸ਼ਟ ਹੋ ਗਈ ਜਦੋਂ ਅਭਾਗੇ ਕਿਰਪਾਲ ਸਿੰਘ, ਅਕਾਲ ਤਖਤ ਦੇ ਜਥੇਦਾਰ, ਨੂੰ ਉਹਦੇ ਹੱਥਾਂ ਵਿਚ ਫੜਾਏ ਗਏ ਇਕ ਕਾਗਜ਼ ਨੂੰ ਘਬਰਾਹਟ ਵਿਚ ਪੜ੍ਹ ਕੇ ਸੁਣਾਉਂਦਿਆਂ ਵਿਖਾਇਆ ਗਿਆ। ਜਿਨ੍ਹਾਂ ਸਿੱਖਾਂ ਨੇ ਅੱਗੇ ਆ ਕੇ ਖੁਲ੍ਹਮਖੁਲ੍ਹਾ ਆਖਿਆ ਕਿ ਸਰਕਾਰ ਦੀ ਕਾਰਵਾਈ ਉਚਿਤ ਹੈ, ਉਹ ਅਸਲੋਂ ਹੀ ਸ਼੍ਰੀਮਤੀ ਗਾਂਧੀ ਦੀ ਕਾਂਗਰਸ ਪਾਰਟੀ ਦੇ ਮੈਂਬਰ ਅਤੇ ਗਵਰਨਰਾਂ ਦੀਆਂ ਪਦਵੀਆਂ ਦੇ ਚਾਹਵਾਨ ਸਨ ਜਿਵੇਂ ਕਿ ਪ੍ਰੋਫੈਸਰ ਹਰਬੰਸ ਸਿੰਘ ਤੇ ਡਾ: ਗੋਪਾਲ ਸਿੰਘ ਦਰਦੀ ਜਿਹੜਾ ਆਖਰਕਾਰ ਗੋਆ, ਦਮਨ ਤੇ ਦੇਓ ਦਾ ਲੈਫਟੀਨੈਂਟ ਗਵਰਨਰ ਲਗ ਗਿਆ। ਇਹ ਆਮ ਲੋਕ ਜਾਣਦੇ ਸਨ ਕਿ ਪਰਧਾਨ ਮੰਤਰੀ ਦੇ ਸਕਤਰੇਤ ਨੇ ਸੰਭਾਵੀ ਹਿਮਾਇਤੀਆਂ ਨੂੰ ਸਦਿਆ ਅਤੇ ਟੈਲੀਵੀਯਨ ਦੀ ਸਕਰੀਨ ਉਤੇ ਪ੍ਰਗਟ ਹੋਣ ਲਈ ਜਾਂ ਪ੍ਰੈਸ ਨੂੰ ਬਿਆਨ ਦੇਣ ਲਈ ਹੁਕਮ ਦਿਤਾ।

ਇਸ ਸਮੇਂ ਤੱਕ ਡੌਰ-ਭੌਰ ਹੋਈ ਕਮਿਊਨਿਟੀ ਨੇ ਜਿਸ ਢੰਗ ਨਾਲ ਵੀ ਹੋ ਸਕਿਆ, ਆਪਣੀ ਨਾਰਾਜ਼ਗੀ ਪ੍ਰਗਟਾਈ। ਦੇਸ ਭਰ ਵਿਚ ਅਠ ਵਖ ਵਖ ਛੌਣੀਆਂ ਵਿਚ, 4,000 ਤੋਂ ਉਪਰ ਸਿੱਖ ਫੌਜੀਆਂ ਨੇ ਆਪਣੀਆਂ ਰਜਮੰਟਾਂ ਵਿਚੋਂ ਭੱਜ ਕੇ ਅੰਮ੍ਰਿਤਸਰ ਪਹੁੰਚਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੂੰ ਸਥਾਨਕ ਪੁਲਸ ਨੇ ਤੇ ਫੌਜ ਨੇ ਰੋਕਿਆ ; ਝੜਪਾਂ ਵਿਚ ਦੋਹਾਂ ਪਾਸਿਆਂ ਦੇ ਦਰਜਨਾਂ ਹੀ ਆਦਮੀ ਮਾਰੇ ਗਏ ; ਦਿੱਲੀ ਦੇ ਗੁਰਦਵਾਰਾ ਬੰਗਲਾ ਸਾਹਿਬ ਵਿਚ, ਐਜੀਟੇਸ਼ਨ ਕਰ ਰਹੇ ਗਭਰੂਆਂ ਨੂੰ ਪੁਲਸ ਨੇ ਗੋਲੀਆਂ ਮਾਰ ਕੇ ਮਾਰ ਦਿਤਾ। ਲੋਕ ਸਭਾ ਦੇ ਦੋ ਸਿੱਖ ਮੈਂਬਰਾਂ ਨੇ, ਤੇ ਦੋਵੇਂ ਹੀ ਸ਼੍ਰੀਮਤੀ ਗਾਂਧੀ ਦੀ ਪਾਰਟੀ ਦੇ ਮੈਂਬਰ ਸਨ, ਆਪਣੀਆਂ ਸੀਟਾਂ ਤੋਂ ਤੇ ਪਾਰਟੀ ਮੈਂਬਰੀ ਤੋਂ ਅਸਤੀਫੇ ਦੇ ਦਿਤੇ। ਪੰਜਾਬ ਵਿਧਾਨ ਸਭਾ ਦੇ ਕਈ ਮੈਂਬਰਾਂ ਨੇ ਵੀ ਇਵੇਂ ਹੀ ਕੀਤਾ। ਨਾਰਵੇ ਲਗੇ ਇਕ ਸਿਖ ਡਿਪਲੋਮੇਟ ਨੇ ਉਸ ਦੇਸ ਵਿਚ ਪੁਲੀਟੀਕਲ ਅਸਾਈਲਮ ਲੈ ਲਿਆ, ਮਹਾਂਰਾਸ਼ਟਰ ਵਿਚ ਲਗੇ ਇਕ ਸੀਨੀਅਰ ਪੁਲਸ ਅਫਸਰ ਨੇ ਆਪਣਾ ਗੁਸੇ-ਭਰਿਆ ਪਤਰ ਰਾਸ਼ਟਰਪਤੀ ਨੂੰ ਭੇਜਿਆ, ਤੇ ਇਸ ਤੋਂ ਪਹਿਲਾਂ ਕਿ ਅਧਿਕਾਰੀ ਉਹਨੂੰ ਜਾ ਨੱਪਦੇ ਉਹ ਅੰਡਰਗਰਾਊਂਡ ਹੋ ਗਿਆ। ਉਘਾ ਇਤਿਹਾਸਕਾਰ, ਡਾ: ਗੰਡਾ ਸਿੰਘ, ਅਤੇ ਅਜੀਤ ਦੇ ਸਾਧੂ ਸਿੰਘ ਹਮਦਰਦ, ਵਰਗੇ ਪ੍ਰਸਿਧ ਵਿਦਵਾਨਾਂ ਨੇ ਪਦਮ ਭੂਸ਼ਨ ਅਵਾਰਡ ਵਾਪਸ ਕਰ ਦਿਤਾ ਜਿਹੜੇ ਕੁਝ ਮਹੀਨੇ ਹੀ ਪਹਿਲਾਂ ਉਹਨਾਂ ਨੂੰ ਦਿਤੇ ਗਏ ਸਨ। ਪੰਜਾਬ ਦੀ ਅੱਤ ਸਨਮਾਨਯੋਗ ਹਸਤੀ ਭਗਤ ਪੂਰਨ ਸਿੰਘ ਨੇ ਜੀਹਨੂੰ ਕੋਹੜੀਆਂ, ਮਾਨਸਕ ਰੋਗੀਆਂ ਤੇ ਯਤੀਮਾਂ, ਆਦਿ ਦੀ ਸੇਵਾ ਦੇ ਕਾਜ਼ ਸਦਕਾ, ਕਾਜ਼ ਜੀਹਨੂੰ ਉਹਨੇ ਜੀਵਨ ਅਰਪਿਆ ਹੋਇਆ ਹੈ, ਦਾਹੜੀ ਵਾਲੀ ਮਦਰ ਟੈਰੇਸਾ ਸਦਿਆ ਜਾਂਦਾ ਹੈ, ਪਦਮ ਸ਼੍ਰੀ ਅਵਾਰਡ ਮੋੜ ਦਿਤਾ।

ਜ਼ੈਲ ਸਿੰਘ 8 ਜੂਨ 1984 ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਿਆ। ਸਰਕਾਰੀ ਸੂਚਨਾ ਸਾਧਨ, ਸਰਗਰਮ ਹੋ ਗਏ। ਪਰ ਪਬਲਿਕ ਰੀਲੇਸ਼ਨਜ਼ ਮਸ਼ਕ ਵਜੋਂ ਜਿਵੇਂ ਦੂਰ-ਦਰਸ਼ਨ ਨੇ ਇਸ ਝਾਕੀ ਨੂੰ ਪੇਸ਼ ਕੀਤਾ ਉਸ ਤੋਂ ਵਧੇਰੇ ਅਯੋਗ ਤਰ੍ਹਾਂ ਪੇਸ਼ ਕੀਤਾ ਹੀ ਨਹੀਂ ਸੀ ਜਾ ਸਕਦਾ। ਖੁਦ ਗਿਆਨੀ ਜ਼ੈਲ ਸਿੰਘ ਨੇ, ਭਾਵੇਂ ਉਹਨੇ ਜੋ ਕੁਝ ਵੇਖਿਆ, ਵੇਖ ਕੇ ਰੋ ਪਿਆ, ਆਪਣੀ ਕਮਿਊਨਿਟੀ ਦੇ ਜਜ਼ਬਾਤ ਵੱਲ ਨਾਂ-ਮਾਤਰ ਸੰਵੇਦਨਸ਼ੀਲਤਾ ਦਰਸਾਈ। ਉਸ ਸਮੇਂ ਵੀ ਪਰਕਰਮਾ ਉਪਰ ਅਜੇ ਵੀ ਜੰਮਿਆ ਹੋਇਆ ਮਨੁੱਖੀ ਲਹੂ ਖਿੰਡਿਆ ਹੋਇਆ ਸੀ ਤੇ ਇਹਨੇ ਪਵਿੱਤਰ ਸਰੋਵਰ ਦੇ ਪਾਣੀ ਨੂੰ ਲਾਲ ਕੀਤਾ ਹੋਇਆ ਸੀ ਤੇ ਤਿੰਨ ਲੋਥਾਂ ਅਜੇ ਵੀ ਇਸ ਵਿਚ ਤੈਰ ਰਹੀਆਂ ਸਨ। ਇਹ ਤਾਂ ਮਰਘਟ ਵਾਂਗੂੰ ਦਿਸਦਾ ਸੀ। ਗਿਆਨੀ ਜ਼ੈਲ ਸਿੰਘ ਇਸ ਮਰਘਟ ਵਿਚ ਆਪਣੀ ਸਫੈਦ ਸ਼ੇਰਵਾਨੀ ਤੇ ਚੂੜੀਦਾਰ ਪਜਾਮਾ ਪਹਿਨੀਂ ਤੇ ਕਾਜ ਵਿਚ ਗੁਲਾਬ ਦਾ ਫੁਲ ਲਾਈਂ, ਲਿਸ਼ਕਿਆ-ਪੁਸ਼ਕਿਆ ਬੁਢੇ ਲਾੜੇ ਵਾਂਗ ਦਾਖਲ ਹੋਇਆ। ਉਹਦੇ ਅੰਗ-ਰਖਿਅਕ ਨੇ ਉਹਨੂੰ ਧੁਪ ਤੋਂ ਬਚਾਣ ਲਈ ਛਤਰੀ ਖੋਹਲੀ। ਰਾਸ਼ਟਰਪਤੀ ਵਲੋਂ ਛਤਰੀ-ਬਰਦਾਰ ਨੂੰ ਇਹ ਬੰਦ ਕਰਨ ਲਈ ਆਖਣ ਤੋਂ ਪਹਿਲਾਂ ਹੀ, ਕਿਉਂਜੇ ਗੁਰਦਵਾਰੇ ਅੰਦਰ ਸ਼ਾਹਾਨਾ ਚਿੰਨ੍ਹ ਵਜੋਂ ਛਤਰ ਸਿਰਫ ਗਰੰਥ ਸਾਹਿਬ ਉਪਰ ਹੀ ਝੁਲ ਸਕਦਾ ਹੈ, ਦੂਰ-ਦਰਸ਼ਨ ਕੈਮਰਾਮੈਨ ਨੇ ਇਹ ਦ੍ਰਿਸ਼ ਫਿਲਮਾ ਲਿਆ। ਗੋਲਡਨ ਟੈਂਪਲ ਦੀ ਪਰਕਰਮਾ ਕਰਨ ਪਿਛੋਂ ਜ਼ੈਲ ਸਿੰਘ ਨੇ ਆਪਣੇ ਬੂਟ ਪਹਿਨੇ ਤੇ ਉਹਨੂੰ ਅਕਾਲ ਤਖਤ ਤੋਂ ਹਾਸਲ ਕੀਤੇ ਗਏ ਹਥਿਆਰ ਵਿਖਾਏ ਗਏ। ਦੂਰ-ਦਰਸ਼ਨ ਨੇ ਦੋਵੇਂ ਦ੍ਰਿਸ਼ ਇਕ ਦੂਜੇ ਨਾਲ ਜੋੜ ਕੇ ਵਿਖਾਏ। ਦਰਸ਼ਕਾਂ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਗਿਆਨੀ ਜੀ ਨੇ ਪਰਕਰਮਾ ਵਿਚ ਹੀ ਬੂਟ ਪਹਿਨੇ ਹੋਏ ਹੋਣ। ਲੋਕਾਂ ਨੇ ਸ਼੍ਰੀਮਤੀ ਗਾਂਧੀ ਦੇ ਭਰੋਸੇਯੋਗ ਹਥਠੋਕਿਆਂ, ਆਰ. ਕੇ. ਧਵਨ ਤੇ ਅਰੁਨ ਨਹਿਰੂ ਨੂੰ ਵੀ, ਗਿਆਨੀ ਜੀ ਦੇ ਸੱਜੇ-ਖੱਬੇ ਨਾਲ-ਨਾਲ ਲਗੇ ਰਹੇ ਤਕਿਆ ਤੇ ਇਹ ਨਤੀਜਾ ਕੱਢਿਆ ਕਿ ਉਹ ਇਸ ਲਈ ਨਾਲ ਨਾਲ ਰਹੇ ਕਿ ਇਸ ਵੱਲ ਧਿਆਨ ਦੇਣ ਕਿ ਰਾਸ਼ਟਰਪਤੀ ਆਪਣਾ ਮੂੰਹ ਵਧੇਰੇ ਨਾ ਖੋਹਲਣ। ਪੰਜਾਂ ਸਿੰਘ ਸਾਹਿਬਾਨਾਂ ਨੇ ਜ਼ੈਲ ਸਿੰਘ ਨੂੰ ਜਿਨ੍ਹਾਂ ਦੋਸ਼ਾਂ ਕਰਕੇ ਤਨਖਾਹੀਆ ਠਹਿਰਾਇਆ ਸੀ ਉਹਨਾਂ ਵਿਚ ਇਹ ਸ਼ਾਮਿਲ ਸਨ : ਛਤਰੀ ਸਿਰ ਤੇ ਰਖਣਾ, ਜੁੱਤੀਆਂ ਪਹਿਨਣਾ ਅਤੇ ਫੌਜਾਂ ਦੇ ਮੁਖੀ ਦੀ ਹੈਸੀਅਤ ਵਿਚ ਉਹ ਵਾਰੰਟ ਤੇ ਦਸਖਤ ਕਰਨਾ ਜਿਸ ਨੇ ਫੌਜ ਨੂੰ ਗੋਲਡਨ ਟੈਂਪਲ ਉਤੇ ਧਾਵੇ ਦੀ ਆਗਿਆ ਦਿਤੀ। ਇਹ ਦੋਸ਼ ਪਕੀ ਤਰ੍ਹਾਂ ਠੀਕ ਨਹੀਂ ਸਨ, ਗਿਆਨੀ ਜੀ ਨੂੰ ਧਾਵਾ ਬੋਲਣ ਵਾਲੀ ਕਿਸੇ ਦਸਤਾਵੇਜ਼ ਤੇ ਦਸਖਤ ਕਰਨ ਨੂੰ ਨਹੀਂ ਸੀ ਕਿਹਾ ਗਿਆ, ਉਹਨੇ ਪਰਕਰਮਾ ਵਿਚ ਜੁੱਤੀਆਂ ਨਹੀਂ ਸਨ ਪਹਿਨੀਆਂ, ਤੇ ਨਾ ਹੀ ਉਹਨੂੰ ਇਲਮ ਸੀ ਕਿ ਉਹਦੇ ਸਿਰ ਉਪਰ ਛਤਰੀ ਖੋਹਲੀ ਜਾ ਰਹੀ ਹੈ। ਗਿਆਨੀ ਜੀ ਨੂੰ ਪੂਰੀ ਤਰ੍ਹਾਂ ਇਲਮ ਸੀ ਕਿ ਕਮਿਊਨਿਟੀ ਉਹਨਾਂ ਦੇ ਵਤੀਰੇ ਨੂੰ ਅਪਰਵਾਨ ਕਰਦੀ ਹੈ। ਉਹਦੇ ਖਿਲਾਫ ਐਲਾਨ ਤੋਂ ਕੁਝ ਦਿਨ ਪਿਛੋਂ ਉਹਨਾਂ ਨੇ ਅਫਸੋਸ ਨਾਲ ਆਖਿਆ 'ਮੈਂ ਨਹੀਂ ਸਮਝਦਾ ਕਿ ਸਿੱਖ ਕਦੇ ਮੈਨੂੰ ਖਿਮਾ ਕਰ ਦੇਣਗੇ।'

ਸ਼੍ਰੀਮਤੀ ਗਾਂਧੀ ਨੇ ਸਮਝ ਲਿਆ ਕਿ ਉਹਤੋਂ ਨਿਰਣੇ ਸਬੰਧੀ ਗੰਭੀਰ ਭੁਲ ਹੋਈ ਹੈ। ਉਹ ਏਡੀ ਮਹਾਨ ਨਹੀਂ ਸੀ ਕਿ ਆਪਣੀ ਭੁਲ ਮੰਨ ਸਕਦੀ ਪਰ ਫਿਰ ਵੀ ਉਹਨੇ ਗੋਲਡਨ ਟੈਂਪਲ ਜਾਣ ਦਾ ਫੈਸਲਾ ਕੀਤਾ। ਜਿਹੜੇ ਲੋਕ ਉਹਦੇ ਨਾਲ ਸਨ, ਉਹਨਾਂ ਅਨੁਸਾਰ ਉਹਨੇ ਜੋ ਕੁਝ ਵੇਖਿਆ ਉਹਨੂੰ ਵੇਖ ਕੇ ਉਹ ਭੈ-ਭੀਤ ਹੋ ਗਈ। ਉਹਨੂੰ ਯਕੀਨ ਦਿਵਾਇਆ ਗਿਆ ਸੀ ਕਿ ਮੁਕਾਬਲੇ ਉਤੇ ਤੇਜ਼ੀ ਨਾਲ ਕਾਬੂ ਪਾ ਲਿਆ ਜਾਵੇਗਾ ਅਤੇ ਇਮਾਰਤਾਂ ਨੂੰ ਮਾਮੂਲੀ ਹਾਨੀ ਪੁਜੇਗੀ। ਜਿਨ੍ਹਾਂ ਲੋਕਾਂ ਨੇ ਉਹਨੂੰ ਗਲਤ ਜਾਣਕਾਰੀ ਦਿਤੀ ਸੀ ਉਹਨਾਂ ਦੇ ਖਿਲਾਫ ਉਹਨੂੰ ਭਾਵੇਂ ਕੇਡਾ ਹੀ ਗੁਸਾ ਕਿਉਂ ਨਾ ਚੜ੍ਹਿਆ ਹੋਵੇ, ਉਹਨੇ ਇਹੋ ਲਾਈਨ ਅਖਤਿਆਰ ਕਰਨ ਦਾ ਫੈਸਲਾ ਕੀਤਾ ਕਿ ਸਿਵਾਏ ਫੌਜ ਨੂੰ ਭੇਜਣ ਦੇ ਸਰਕਾਰ ਸਾਹਮਣੇ ਹੋਰ ਕੋਈ ਰਾਹ ਰਹਿ ਹੀ ਨਹੀਂ ਸੀ ਗਿਆ, ਅਤੇ ਕਿ ਫੌਜ ਨੇ ਉਹਨੂੰ ਸੌਂਪਿਆ ਗਿਆ ਇਕ ਅਸੁਖਾਵਾਂ ਕਾਰਜ ਪੂਰਾ ਕੀਤਾ ਹੈ। ਸਰਕਾਰੀ ਪਰਚਾਰ-ਸਾਧਨਾਂ ਅਤੇ ਦਾਸ ਪ੍ਰੈਸ ਨੇ ਉਹਦੇ ਵਾਲੀ ਲਾਈਨ ਅਖਤਿਆਰ ਕੀਤੀ। ਦੂਰਦਰਸ਼ਨ ਵਲੋਂ ਰੋਜ਼ ਰੋਜ਼ ਹਰਿਮੰਦਰ ਦੀਆਂ ਦੂਰੋਂ-ਲੀਤੀਆਂ ਤਸਵੀਰਾਂ ਵਿਖਾਈਆਂ ਜਾਂਦੀਆਂ। ਬੱਸ ਟੈਲੀਵੀਯਨਾਂ ਨੇ ਉਦੋਂ ਹੀ ਤਬਾਹ ਹੋਏ ਅਕਾਲ ਤਖਤ ਦੀ ਤਸਵੀਰ ਵਿਖਾਉਣ ਦਾ ਫੈਸਲਾ ਕੀਤਾ ਜਦੋਂ ਕਲਕਤੇ ਦੇ ਟੈਲੀਗਰਾਫ ਅਤੇ ਮਦਰਾਸ ਦੇ ਹਿੰਦੂ ਨੇ ਅਕਾਲ ਤਖਤ ਦੀਆਂ ਉਹ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਜਿਨ੍ਹਾਂ ਵਿਚ ਇਹਦਾ ਤਬਾਹ ਹੋਇਆ ਮੱਥਾ ਵਿਖਾਇਆ ਗਿਆ ਸੀ।

ਝੂਠ ਤੇ ਕੂੜ ਦੇ ਨਿਰੰਤਰ ਪ੍ਰਾਪੇਗੰਡਾ ਦਾ ਲਾਭ ਵੀ ਹੋਇਆ। ਇਹ ਆਮ ਤੌਰ ਤੇ ਮੰਨਿਆ ਜਾਣ ਲਗ ਪਿਆ ਕਿ ਜਿਹੜੇ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਪਰਵਾਨਦੇ ਹਨ ਉਹ ਦੇਸ਼ਭਗਤ ਹਨ, ...ਜਿਹੜੇ ਇਸ ਨੂੰ ਨਹੀਂ ਮੰਨਦੇ ਉਹ ਫਿਰਕੂ ਪਖਪਾਤ ਤੋਂ ਕੰਮ ਲੈਂਦੇ ਹਨ, ਭਿੰਡਰਾਂਵਾਲੇ ਦੇ ਸਮਰਥਕ ਹਨ, ਖਾਲਿਸਤਾਨੀਆਂ ਦੇ ਹਮਾਇਤੀ ਹਨ ਤੇ ਗੱਦਾਰ ਹਨ।

ਇਹ ਗੱਲ ਪੂਰੀ ਤਰਾਂ ਸਮਝਣ ਲਈ ਸ਼੍ਰੀਮਤੀ ਗਾਂਧੀ ਨੂੰ ਕੁਝ ਚਿਰ ਲਗਿਆ ਕਿ ਫੌਜੀ ਕਾਰਵਾਈ ਨੇ ਸਿੱਖਾਂ ਨੂੰ ਕਿੰਨਾ ਦੁਖ ਪੁਚਾਇਆ ਹੈ। ਕੋਈ ਸਿੱਖ ਵੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ ਕਿ ਇਥੋਂ ਡਾਕੂਆਂ ਤੇ ਧਾੜਵੀਆਂ ਨੂੰ ਕੱਢ ਕੇ, ਜਿਨ੍ਹਾਂ ਨੇ ਨਿਰਦੋਸ਼ ਲੋਕਾਂ ਨੂੰ ਕਤਲ ਕੀਤਾ ਸੀ ਉਹਨੇ ਗੋਲਡਨ ਟੈਂਪਲ ਨੂੰ ਪਵਿੱਤਰ ਬਣਾਇਆ ਹੈ ਅਤੇ ਇਹ ਕਿ ਉਹਨਾਂ ਨੂੰ ਉਹਨਾਂ ਦੇ ਗੜ੍ਹ ਵਿਚ ਹੀ ਉਡਾ ਦੇਣ ਲਈ ਉਹਦੇ ਸਾਹਮਣੇ ਟੈਂਕ ਭੇਜਣ ਤੋਂ ਬਿਨਾਂ ਹੋਰ ਕੋਈ ਰਾਹ ਹੀ ਨਹੀਂ ਸੀ ਰਹਿ ਗਿਆ। ਦੁਨੀਆਂ ਭਰ ਦੇ ਸ਼ਹਿਰਾਂ ਵਿਚ ਜਿਥੇ ਸਿੱਖ ਭਾਈਚਾਰੇ ਵਸਦੇ ਹਨ, ਰੋਹ-ਭਰੇ ਮੁਜ਼ਾਹਰੇ ਹੁੰਦੇ ਰਹੇ। ਭਾਰਤੀ ਦੂਤਾਵਾਸਾਂ ਅਤੇ ਡਿਪਲੋਮੇਟਾਂ ਉਤੇ ਹਮਲੇ ਹੋਏ, ਲਾਸ ਏਂਜਲਸ ਓਲਿੰਪਿਕਸ ਵਿਚ ਖਾਲਿਸਤਾਨ ਦੇ ਨਾਹਰੇ ਲਾਏ ਗਏ ਅਤੇ ਭਾਰਤੀ ਤਿਰੰਗਾ ਪਾੜ ਸੁਟਿਆ ਗਿਆ। ਸ਼੍ਰੀਮਤੀ ਗਾਂਧੀ ਤੇ ਰਾਸ਼ਟਰਪਤੀ ਦੋਹਾਂ ਨੂੰ ਹੀ ਹਜ਼ਾਰ-ਹਾ ਤਾਰਾਂ ਤੇ ਚਿੱਠੀਆਂ ਆਈਆਂ ਜਿਨ੍ਹਾਂ ਵਿਚ ਸਖਤ ਭਾਸ਼ਾ ਵਰਤ ਕੇ ਮਾੜਾ-ਚੰਗਾ ਆਖਿਆ ਗਿਆ। ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਨੇ ਆਪਣੇ ਦੂਤਾਵਾਸਾਂ ਨੂੰ ਹਜ਼ਾਰਾਂ ਹੀ ਟੇਪ ਤੇ ਆਡੀਓ-ਵਿਜ਼ੂਅਲ ਸਾਮਿਗਰੀ ਵਿਦੇਸਾਂ ਵਿਚ ਰਹਿੰਦੇ ਭਾਰਤੀਆਂ ਵਿਚ ਵੰਡਣ ਲਈ ਭੇਜੀ। ਇਹਨਾਂ ਵਿਚ ਰਾਸ਼ਟਰਪਤੀ, ਪਰਧਾਨ ਮੰਤਰੀ ਤੇ ਹੋਰਨਾਂ ਦੀਆਂ ਤਕਰੀਰਾਂ ਸ਼ਾਮਿਲ ਸਨ ਜਿਨ੍ਹਾਂ ਨੇ ਸਰਕਾਰੀ ਕਾਰਵਾਈ ਦੀ ਹਿਮਾਇਤ ਕੀਤੀ ਸੀ। ਜਿਥੋਂ ਤਕ ਸਿੱਖਾਂ ਦਾ ਸੰਬੰਧ ਹੈ, ਇਹਨਾਂ ਦਾ ਪ੍ਰਭਾਵ ਪੂਰੀ ਤਰ੍ਹਾਂ ਮਨਫੀ ਸੀ। ਸਰਕਾਰ ਦੇ ਰਿਕਾਰਡ ਨੂੰ ਸੁਆਰਨ ਲਈ ਵ੍ਹਾਈਟ ਪੇਪਰ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ ਗਿਆ।

ਇਸ ਦਾ ਖਰੜਾ ਤਿਆਰ ਕਰਨ ਲਈ ਸਿਖਰਲੇ ਅਧਿਕਾਰੀਆਂ ਦਾ ਇਕ ਸਪੈਸ਼ਲ ਸੈਲ ਕਾਇਮ ਕੀਤਾ ਗਿਆ। ਪਰਧਾਨ ਮੰਤਰੀ ਤੇ ਉਹਦੇ ਭਰੋਸੇਯੋਗ ਕੇਬਨਿਟ ਸਹਿਕਾਰਾਂ ਨੇ ਇਹਨੂੰ ਘੋਖਿਆ ਤੇ ਸੁਧਾਈਆਂ, ਤਰਮੀਮਾਂ ਤੇ ਵਾਧਿਆਂ ਲਈ ਵਾਪਸ ਭੇਜਿਆ ; ਇਹਦੀ ਪ੍ਰਕਾਸ਼ਨ-ਤਿਥੀ ਕਈ ਵਾਰ ਮੁਲਤਵੀ ਕਰਨੀ

(ਬਾਕੀ ਪੰਨਾ 11 ਤੇ)

(ਪੰਨਾ 10 ਦੀ ਬਾਕੀ)

ਪਈ। ਇਹ ਆਖਰਕਾਰ 10 ਜੁਲਾਈ 1984 ਨੂੰ ਪ੍ਰੈਸ ਇਨਫਾਰਮੇਸ਼ਨ ਬਿਊਰੋ ਵਲੋਂ ਰਿਲੀਜ਼ ਕੀਤਾ ਗਿਆ। ਇਸੇ ਬਿਊਰੋ ਵਲੋਂ ਇਹਨੂੰ ਸਾਰ ਰੂਪ ਵਿਚ ਤਿਆਰ ਕੀਤਾ ਗਿਆ ਤੇ ਇਹ ਸੰਖੇਪ ਰੂਪ ਸਭਨਾਂ ਅਖਬਾਰਾਂ ਨੇ ਪਰਕਾਸ਼ਤ ਕੀਤਾ, ਤੇ ਕੁਝ ਅਖਬਾਰਾਂ ਨੇ ਪੂਰਾ ਪਾਠ ਵੀ ਛਾਪਿਆ, ਪਰ ਉਹਨਾਂ ਐਡੀਟਰਾਂ ਨੂੰ ਵੀ ਜਿਨ੍ਹਾਂ ਨੇ ਆਪਣੀ ਸੇਧ ਪਰਧਾਨ ਮੰਤਰੀ ਦੇ ਸਕਤਰੇਤ ਤੋਂ ਲਈ, ਇਹ ਮੰਨਣ ਤੇ ਮਜਬੂਰ ਹੋਣਾ ਪਿਆ ਕਿ ਇਹ ਅੱਤ ਨਿਰਾਸ਼ਾਜਨਕ ਦਸਤਾਵੇਜ਼ ਸੀ। ਇਹਦੇ ਤੇ ਅਧੂਰਾ ਤੇ ਗੁਮਰਾਹ-ਕਰੂ ਹੋਣ ਦੀ ਨੁਕਤਾਚੀਨੀ ਕੀਤੀ ਗਈ ; ਕਈਆਂ ਨੇ ਤਾਂ ਲਿਖਿਆ ਕਿ ਇਹ ਅਕਾਲੀਆਂ ਤੇ ਭਿੰਡਰਾਂਵਾਲੇ ਨਾਲ ਨਿਬੜਨ ਦੇ ਸਿਲਸਿਲੇ ਵਿਚ ਸਰਕਾਰ ਦੀਆਂ ਭੁਲਾਂ ਉਤੇ ਪਰਦਾ ਪਾਉਣ ਦਾ ਬੇਈਮਾਨੀ ਵਾਲਾ ਜਤਨ ਹੈ।

ਪੰਜਾਬ ਦੀ ਸਥਿਤੀ ਬਾਰੇ ਸਰਕਾਰ ਦੇ ਵ੍ਹਾਈਟ ਪੇਪਰ ਉਪਰ ਇਕ ਹੋਰ ਵ੍ਹਾਈਟ ਪੇਪਰ ਲਿਖਿਆ ਜਾ ਸਕਦਾ ਹੈ। ਇਸ ਵ੍ਹਾਈਟ ਪੇਪਰ ਦਾ ਮੁਖ ਵਿਸ਼ਾ ਇਹ ਸੀ ਕਿ ਇਹ ਅਕਾਲੀ ਐਜੀਟੇਸ਼ਨ ਹੀ ਸੀ ਜੀਹਨੇ ਭਿੰਡਰਾਂਵਾਲੇ ਦੀ ਦਹਿਸ਼ਤਪਸੰਦੀ ਨੂੰ ਜਨਮ ਦਿਤਾ ਅਤੇ ਕਿਉਂਜ ਅਕਾਲੀਆਂ ਨੇ ਇਸ ਬਾਰੇ ਕੁਝ ਨਾ ਕੀਤਾ ਜਾਂ ਉਹ ਕੁਝ ਕਰ ਹੀ ਨਹੀਂ ਸੀ ਸਕਦੇ, ਸੋ ਸਰਕਾਰ ਦੇ ਸਾਹਮਣੇ ਦਹਿਸ਼ਤਪਸੰਦੀ ਨੂੰ ਖਤਮ ਕਰਨ ਲਈ ਸਖਤ ਕਾਰਵਾਈਆਂ ਤੋਂ ਇਲਾਵਾ ਕੋਈ ਰਾਹ ਹੀ ਨਹੀਂ ਸੀ ਰਿਹਾ। ਇਹ ਥੀਸਸ ਕਾਲ-ਕ੍ਰਮ ਅਨੁਸਾਰ ਅਤੇ ਤਥੀ ਤੌਰ ਤੇ ਸਹੀ ਨਹੀਂ ਸੀ। ਭਿੰਡਰਾਂਵਾਲੇ ਦੀ ਦਹਿਸ਼ਤਪਸੰਦੀ ਅਕਾਲੀ ਐਜੀਟੇਸ਼ਨ ਤੋਂ ਕਈ ਮਹੀਨੇ ਪਹਿਲਾਂ ਸ਼ੁਰੂ ਹੋ ਚੁੱਕੀ ਹੋਈ ਸੀ। ਜੇ ਰਾਜ ਵਿਚ ਵਿਸ਼ਾਲ ਹਿੰਸਾ ਦੇ ਆਰੰਭ ਦੀ ਤਰੀਕ ਮਿਥਣੀ ਹੀ ਹੈ ਤਾਂ ਇਹ 13 ਅਪਰੈਲ 1978 ਸੀ ਜਦੋਂ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਅਤੇ ਕੀਰਤਨੀ ਜਥੇ ਦੇ ਅਕਾਲੀਆਂ ਵਿਚਕਾਰ ਹੋਈ ਇਕ ਝੜਪ ਵਿਚ ਤੇਰਾਂ ਅਕਾਲੀ ਤੇ ਛੇ ਨਿਰੰਕਾਰੀ ਮਾਰੇ ਗਏ ਸਨ। ਨਿਰੰਕਾਰੀ ਚੀਫ, ਬਾਬਾ ਗੁਰਬਚਨ ਸਿੰਘ ਤੇ ਉਹਦੇ ਕਈ ਅਨੁਆਈਆਂ ਉਤੇ ਕਤਲ ਦਾ ਦੋਸ਼ ਲਾਇਆ ਗਿਆ। ਉਹਨਾਂ ਦੀ ਇਹ ਦਲੀਲ ਕਿ ਉਹਨਾਂ ਨੇ ਸਵੈ-ਰੱਖਿਆ ਵਿਚ ਕਾਰਵਾਈ ਕੀਤੀ ਸੀ, ਸੈਸ਼ਨ ਜੱਜ ਨੇ ਮੰਨ ਲਈ ਤੇ ਉਹਨਾਂ ਨੂੰ ਬਰੀ ਕਰ ਦਿਤਾ ਗਿਆ। ਉਸ ਸਮੇਂ ਪੰਜਾਬ ਵਿਚ ਪਰਕਾਸ਼ ਸਿੰਘ ਬਾਦਲ ਦੀ ਪਰਮੁਖਤਾ ਵਿਚ ਅਕਾਲੀ ਸਰਕਾਰ ਕਾਇਮ ਸੀ। ਭਿੰਡਰਾਂਵਾਲਾ ਨੇ ਰਾਜ ਸਰਕਾਰ ਤੇ ਦਬਾਉ ਪਾਉਣ ਲਈ ਪੂਰੀ ਵਾਹ ਲਾਈ ਕਿ ਉਹ ਇਸ ਬਰੀਅਤ ਦੇ ਖਿਲਾਫ ਅਪੀਲ ਦਾਇਰ ਕਰੇ। ਬਾਦਲ ਨੇ ਜਿੰਨਾ ਚਿਰ ਹੋ ਸਕਿਆ ਇਸ ਦਬਾਉ ਦਾ ਮੁਕਾਬਲਾ ਕੀਤਾ ਤੇ ਇਹਦੀ ਮਨਜ਼ੂਰੀ ਉਹਨੇ ਆਫ਼ਸ ਵਿਚ ਆਪਣੇ ਆਖਰੀ ਦਿਨ ਹੀ ਦਿਤੀ। ਦਰਬਾਰਾ ਸਿੰਘ ਨੇ ਜਿਹੜਾ ਉਸ ਪਿਛੋਂ ਮੁਖ ਮੰਤਰੀ ਬਣਿਆ, ਝਬਦੇ ਰਹੇ ਇਹ ਮਨਜ਼ੂਰੀ ਵਾਪਸ ਲੈ ਲਈ। ਭਿੰਡਰਾਂਵਾਲੇ ਨੇ ਮਹਿਸੂਸ ਕੀਤਾ ਕਿ ਤੇਰਾਂ ਜਾਣਿਆਂ ਦੇ ਕਤਲ ਲਈ ਕੋਈ ਦੰਡ ਨਹੀਂ ਦਿਤਾ ਗਿਆ ਤੇ ਕਮਿਊਨਿਟੀ ਨਾਲ ਡਾਢਾ ਅਨਿਆਂ ਹੋਇਆ ਹੈ। 24 ਅਪਰੈਲ 1980 ਨੂੰ ਦਿੱਲੀ ਵਿਖੇ ਬਾਬਾ ਗੁਰਬਚਨ ਸਿੰਘ ਤੇ ਉਹਦੇ ਬਾਡੀਗਾਰਡ ਨੂੰ ਗੋਲੀ ਨਾਲ ਮਾਰ ਦਿਤਾ ਗਿਆ, ਜਿਵੇਂ ਕਿ ਨਿਰੰਕਾਰੀਆਂ ਦੇ ਕੁਝ ਹਿਮਾਇਤੀਆਂ ਨੂੰ ਇਸ ਤੋਂ ਪਹਿਲਾਂ ਕਤਲ ਕੀਤਾ ਗਿਆ ਸੀ।

ਲਾਲ ਜਗਤ ਨਾਰਾਇਣ ਨੂੰ 9 ਸਤੰਬਰ 1981 ਨੂੰ ਕਤਲ ਕੀਤਾ ਗਿਆ ਤੇ ਉਹਦੇ ਪੁੱਤਰ ਰੋਮੇਸ਼ ਚੰਦਰ ਨੂੰ ਸਾਲ ਭਰ ਪਿਛੋਂ ਕਤਲ ਕੀਤਾ ਗਿਆ। 29 ਸਤੰਬਰ 1981 ਨੂੰ ਇੰਡੀਅਨ ਏਅਰਲਾਈਨਜ਼ ਦੇ ਹਵਾਈ-ਜਹਾਜ਼ ਦਾ ਅਪਹਰਣ ਕਰਕੇ ਉਹਨੂੰ ਲਾਹੌਰ ਲਿਜਾਇਆ ਗਿਆ। ਛੇ ਮਹੀਨੇ ਪਿਛੋਂ ਹੀ, ਅਪਰੈਲ-ਮਈ 1982 ਵਿਚ ਅਕਾਲੀਆਂ ਨੇ ਆਪਣਾ ਮੋਰਚਾ ਸ਼ੁਰੂ ਕੀਤਾ ਸੀ।

ਵ੍ਹਾਈਟ ਪੇਪਰ ਜਿਸ ਵਿਚ ਸਾਰੀ ਜ਼ੁੰਮੇਵਾਰੀ ਭਿੰਡਰਾਂਵਾਲੇ ਉਤੇ ਸੁੱਟੀ ਗਈ, ਇਸ ਤਥ ਬਾਰੇ ਚੁੱਪ ਹੈ ਕਿ ਇਹ ਸਰਕਾਰ ਹੀ ਸੀ ਜਿਸ ਨੇ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਦੋਸ਼ ਵਿਚ ਭਿੰਡਰਾਂਵਾਲੇ ਨੂੰ ਕੈਦ ਕੀਤਾ ਸੀ, ਤੇ ਇਸੇ ਸਰਕਾਰ ਨੇ ਹੀ ਕੁਝ ਦਿਨ ਪਿਛੋਂ ਉਹਨੂੰ ਰਿਹਾ ਕਰ ਦਿਤਾ ਸੀ। ਤੇ ਇਹ ਸਰਕਾਰ ਹੀ ਸੀ ਜੀਹਨੇ ਉਹਨੂੰ ਬੰਬਈ ਤੇ ਦਿਲੀ ਵਰਗੇ ਸ਼ਹਿਰਾਂ ਵਿਚ ਆਪਣੇ ਹਥਿਆਰਬੰਦ ਅਤਿਵਾਦੀਆਂ ਦੇ ਟੋਲੇ ਨਾਲ ਖੁਲ੍ਹਾ ਫਿਰਨ ਦਿਤਾ ਸੀ ਤੇ ਇਹਨਾਂ ਵਿਚੋਂ ਕਿਸੇ ਨੂੰ ਪੁੱਛਿਆ ਤਕ ਨਹੀਂ ਸੀ ਕਿ ਉਹ ਹਥਿਆਰ ਲੈ ਕੇ ਕਿਵੇਂ ਆਏ ਹਨ ਤੇ ਕੀ ਇਹਨਾਂ ਨੂੰ ਰਖਣ ਦੇ ਲਸੰਸ ਉਹਨਾਂ ਕੋਲ ਹਨ।

ਵ੍ਹਾਈਟ ਪੇਪਰ ਵਿਚ ਅਕਾਲੀ ਆਗੂਆਂ ਤੇ ਸਰਕਾਰ ਦੇ ਪ੍ਰਤੀਨਿਧੀਆਂ ਵਿਚਕਾਰ ਚੱਲੀਆਂ ਪੀੜ-ਭਰੀਆਂ ਗੱਲਾਂਬਾਤਾਂ ਬਾਰੇ ਬਹੁਤ ਕੁਝ ਆਖਿਆ ਗਿਆ ਹੈ। ਇਸ ਵਿਚ ਅਸਫਲਤਾ ਲਈ ਇਹ ਕਹਿ ਕੇ ਅਕਾਲੀਆਂ ਨੂੰ ਹੀ ਪੂਰੀ ਤਰ੍ਹਾਂ ਜਿੰਮੇਵਾਰ ਠਹਿਰਾਇਆ ਗਿਆ ਹੈ ਕਿ ਨਿਬੇੜਾ ਹੋਣ ਤੋਂ ਐਨ ਪਹਿਲਾਂ ਅਕਾਲੀ ਅਤਿਵਾਦੀਆਂ ਦੇ ਦਬਾਉ ਹੇਠ ਪਿਛੇ ਹਟ ਜਾਂਦੇ, ਪੁਜ਼ੀਸ਼ਨਾਂ ਬਦਲ ਲੈਂਦੇ ਜਾਂ ਆਪਣੀਆਂ ਮੰਗਾਂ ਵਿਚ ਹੋਰ ਮੰਗਾਂ ਜੋੜ ਦਿੰਦੇ। ਇਸ ਊਜ ਦੇ ਪਖ ਵਿਚ ਕੋਈ ਦਲੀਲਾਂ ਨਹੀਂ ਦਿਤੀਆਂ ਗਈਆਂ, ਅਤੇ ਇਹਦਾ ਕਾਫੀ ਸਬੂਤ ਮਿਲਦਾ ਹੈ ਕਿ ਅਕਾਲੀਆਂ ਨਾਲੋਂ ਬਹੁਤਾ ਇਹ ਸਰਕਾਰ ਹੀ ਸੀ ਜਿਹੜੀ ਪਿਛੇ ਹਟੀ ਤੇ ਜੀਹਨੇ ਆਪਣੀਆਂ ਪੁਜ਼ੀਸ਼ਨਾਂ ਬਦਲੀਆਂ। ਅਕਾਲੀਆਂ ਵਲੋਂ ਮੋਰਚਾ ਲਾਏ ਜਾਣ ਤੋਂ ਛੇ ਮਹੀਨੇ ਪਹਿਲਾਂ 16-17 ਨਵੰਬਰ, 1981 ਨੂੰ ਅਕਾਲੀ ਲੀਡਰਾਂ ਤੇ ਸਰਕਾਰ ਦੇ ਪ੍ਰਤੀਨਿਧਾਂ ਵਿਚਕਾਰ ਇਕ ਗੁਪਤ ਮੀਟਿੰਗ ਹੋਈ ਜਿਸ ਵਿਚ ਸਮਝੌਤੇ ਦੀਆਂ ਸ਼ਰਤਾਂ ਤੈ ਹੋ ਗਈਆਂ। ਇਹ ਅਕਾਲੀ ਨਹੀਂ ਸਨ ਸਗੋਂ ਸਰਕਾਰ ਹੀ ਸੀ ਜੀਹਨੇ ਆਪਣਾ ਮਨ ਬਦਲਿਆ। ਅੱਗੇ ਚੱਲ ਕੇ ਕਈ ਮੀਟਿੰਗਾਂ ਹੋਈਆਂ ਜਿਨਾਂ ਵਿਚ ਰਾਜੀਵ ਗਾਂਧੀ, ਪਟਿਆਲੇ ਦਾ ਅਮਰਿੰਦਰ ਸਿੰਘ, ਸਵਰਨ ਸਿੰਘ ਅਤੇ ਆਪੋਜ਼ੀਸ਼ਨ ਦੇ ਕੁਝ ਉਘੇ ਆਗੂ, ਖਾਸ ਤੌਰ ਤੇ ਸੀ ਪੀ ਐਮ ਦਾ ਹਰਕਿਸ਼ਨ ਸਿੰਘ ਸੁਰਜੀਤ ਸ਼ਾਮਿਲ ਹੋਏ। ਇਹਨਾਂ ਵਿਚੋਂ ਇਕ ਤੋਂ ਬਹੁਤੀਆਂ ਮੀਟਿੰਗਾਂ ਵਿਚ ਨਿਬੇੜੇ ਦੀਆਂ ਸ਼ਰਤਾਂ ਬਾਰੇ ਸਹਿਮਤੀ ਹੋ ਗਈ — ਇਕ ਮੌਕੇ ਤਾਂ ਖੁਦ ਸ਼੍ਰੀਮਤੀ ਇੰਦਰਾ ਗਾਂਧੀ ਨੇ ਅਕਾਲੀਆਂ ਨੂੰ ਯਕੀਨ ਦਿਵਾਇਆ ਕਿ ਉਹਨਾਂ ਦੇ ਅੰਮ੍ਰਿਤਸਰ ਪਹੁੰਚਦਿਆਂ ਹੀ (ਹਵਾਈ ਜਹਾਜ਼ ਰਾਹੀਂ 50 ਮਿੰਟ) ਉਹਨਾਂ ਨੂੰ ਸਮਝੌਤੇ ਦਾ ਐਲਾਨ ਕਰਨ ਬਾਰੇ ਉਹਦੀ ਕਲੀਅਰੈਂਸ ਮਿਲ ਜਾਵੇਗੀ, ਅਕਾਲੀਆਂ ਦੇ ਅੰਮ੍ਰਿਤਸਰ ਪਹੁੰਚਣ ਤਕ ਸ਼੍ਰੀਮਤੀ ਗਾਂਧੀ ਨੇ ਮਨ ਬਦਲ ਲਿਆ।

ਸ਼੍ਰੀਮਤੀ ਗਾਂਧੀ ਤੇ ਉਹਦੀ ਪਾਰਟੀ ਦੇ ਕਈ ਹੋਰ ਆਗੂ ਮਹੀਨਿਆਂ-ਬੱਧੀ ਪਾਰਲੀਮੈਂਟ ਨੂੰ ਦਸਦੇ ਰਹੇ ਸਨ ਤੇ ਪਰੈਸ ਨੂੰ ਇਸ ਸਬੰਧੀ ਬਿਆਨ ਦਿੰਦੇ ਰਹੇ ਸਨ ਕਿ ਪੰਜਾਬ ਦੇ ਮਾਮਲਿਆਂ ਵਿਚ ਵਿਦੇਸ਼ੀ ਹੱਥ ਹੈ। ਉਹਨਾਂ ਨੇ ਆਪਣੇ ਇਹ ਵਿਚਾਰ ਛੁਪਾ ਕੇ ਰੱਖਣ ਦਾ ਕੋਈ ਜਤਨ ਨਹੀਂ ਕੀਤਾ ਕਿ ਉਹਨਾਂ ਦਾ ਇਸ਼ਾਰਾ ਪਾਕਿਸਤਾਨ ਤੇ ਅਮਰੀਕਾ ਵਲ ਹੈ। ਜਿਥੋਂ ਤਕ ਵਿਦੇਸੀ ਹੱਥ ਦਾ ਮਾਮਲਾ ਹੈ, ਵ੍ਹਾਈਟ ਪੇਪਰ ਵਿਚ ਇਹਦੇ ਲਈ ਕੋਈ ਸਥਾਨ ਨਹੀਂ। ਸ਼ਾਇਦ ਜੁਲਾਈ 1984 ਵਿਚ ਇੰਡੀਅਨ ਏਅਰਲਾਈਨਜ਼ ਦੇ ਬੋਇੰਗ ਦੇ ਅਪਹਰਣ ਦੇ ਸੰਬੰਧ ਵਿਚ ਮੁਸਾਫਰਾਂ ਨੂੰ ਰਿਹਾ ਕਰਵਾਉਣ ਤੇ ਹਵਾਈਜਹਾਜ਼ ਵਾਪਸ ਕਰਨ ਬਾਰੇ ਪਾਕਿਸਤਾਨ ਸਰਕਾਰ ਦੀ ਮਿਲਵਰਤਨ ਸੀ ਜਿਸਨੇ ਖਰੜੇ ਵਿਚ ਇਕ ਹੋਰ ਤਬਦੀਲੀ ਕਰਵਾਈ। ਸ਼ੋਰ-ਸ਼ਰਾਬੇ ਵਾਲੀ ਇਸ ਤਹੁਮਤ ਦੇ ਸਿਲਸਿਲੇ ਵਿਚ ਵੀ ਇਵੇਂ ਹੀ ਹੋਇਆ ਕਿ ਮੁਖ ਮੰਤਰੀ ਵਜੋਂ ਫਾਰੂਕ ਅਬਦੁਲਾ ਨੇ ਜੰਮੂ ਤੇ ਕਸ਼ਮੀਰ ਵਿਖੇ ਅਤਿਵਾਦੀਆਂ ਨੂੰ ਟਰੇਨਿੰਗ ਕੈਂਪ ਕਾਇਮ ਕਰਨ ਦੀ ਆਗਿਆ ਦਿਤੀ। ਡਾ: ਅਬਦੁਲਾ ਨੂੰ ਤਖਤੋਂ ਲਾਹੁਣ ਦੀ ਚਾਲ ਦੇ ਸਬੰਧ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਮੁਖ ਦਲੀਲ ਇਹੋ ਦਿਤੀ ਸੀ। ਪਰ ਚਾਲ ਦੇ ਸਫਲ ਹੁੰਦੇ ਹੀ ਇਹ ਫੈਸਲਾ ਕੀਤਾ ਗਿਆ ਕਿ ਵ੍ਹਾਈਟ ਪੇਪਰ ਵਿਚ ਉਹਦੇ ਪਿਛਲੇ ਗਲਤ ਕੰਮਾਂ ਦੇ ਜ਼ਿਕਰ ਦੀ ਕੋਈ ਲੋੜ ਨਹੀਂ। ਵਧੇਰੇ ਇਹੋ ਜਾਪਦਾ ਹੈ ਕਿ ਇਹਨਾਂ ਟਰੇਨਿੰਗ ਕੈਂਪਾਂ ਦੀ ਹੋਂਦ ਬਾਰੇ ਕੋਈ ਭਰੋਸੇਯੋਗ ਸਬੂਤ ਲਭਿਆ ਹੀ ਨਹੀਂ ਜਾ ਸਕਿਆ। ਇਸੇ ਲਈ ਜਿਥੇ ਪਰੈਸ ਵਿਚ ਤਾਂ ਮੁੜ ਮੁੜ ਇਹਦਾ ਢੰਡੋਰਾ ਪਿਟਣ ਦਾ ਫੈਸਲਾ ਹੋਇਆ ਉਥੇ ਵ੍ਹਾਈਟ ਪੇਪਰ ਵਿਚ ਇਹਦੇ ਬਾਰੇ ਚੁੱਪ ਧਾਰ ਲਈ ਗਈ।

ਕਾਂਗਰਸ(ਆਈ) ਦੇ ਜਨਰਲ ਸਕੱਤਰ, ਰਾਜੀਵ ਗਾਂਧੀ ਨੇ ਭਿੰਡਰਾਂਵਾਲੇ ਨੂੰ ਉਸ ਸਮੇਂ ਰਾਜਸੀ ਆਗੂ ਨਹੀਂ ਸਗੋਂ ਨਿਰੋਲ ਤੌਰ ਤੇ ਇਕ ਧਾਰਮਿਕ ਆਦਮੀ ਦੱਸ ਕੇ ਸਰਟੀਫਿਕੇਟ ਕਿਉਂ ਦਿਤਾ ਸੀ ਜਦੋਂ ਉਹਦੀ ਮਾਂ ਤੇ ਉਹਦੇ ਸਲਾਹਕਾਰ ਭਿੰਡਰਾਂਵਾਲੇ ਨੂੰ ਨੇਸਤੋ ਨਾਬੂਦ ਕਰਨ ਦੀ ਵਿਉਂਤ ਸਾਫ ਤੌਰ ਤੇ ਬਣਾ ਰਹੇ ਸਨ(ਜਿਵੇਂ ਕਿ ਉਹ ਆਮ ਤੌਰ ਤੇ ਕਰਦਾ ਹੈ, ਰਾਜੀਵ ਗਾਂਧੀ ਨੇ ਅੱਗੇ ਚੱਲ ਕੇ ਇਸ ਤੋਂ ਇਨਕਾਰ ਕੀਤਾ ਕਿ ਉਹਨੇ ਇਹ ਬਿਆਨ ਦਿਤਾ ਸੀ)। ਲੰਮੀ ਅਕਾਲੀ ਐਜੀਟੇਸ਼ਨ ਅਤੇ ਭਿੰਡਰਾਂਵਾਲੇ ਦੀਆਂ ਸਰਗਰਮੀਆਂ ਦਾ ਪੰਜਾਬ ਦੀ ਆਰਥਕਤਾ ਉਤੇ ਕੀ ਅਸਰ ਪਿਆ? ਇਹਦਾ ਕੋਈ ਉਤਰ ਨਹੀਂ। ਪੰਜਾਬ ਵਿਚ ਫਿਰਕੂ ਇਕਸੁਰਤਾ ਦੀ ਬਹਾਲੀ ਲਈ ਹਿੰਦ ਸਰਕਾਰ ਕੀ ਕਰਨਾ ਸੋਚਦੀ ਹੈ? ਵ੍ਹਾਈਟ ਪੇਪਰ ਵਿਚ ਇਹਦਾ ਕੋਈ ਜ਼ਿਕਰ ਨਹੀਂ ਮਿਲਦਾ ਪਰ ਸਰਕਾਰ ਦੀਆਂ ਕਾਰਵਾਈਆਂ ਇਹਦੇ ਵਲ ਜ਼ਰੂਰ ਕੁਝ ਸੈਨਤ ਕਰਦੀਆਂ ਹਨ। ਜਦ ਕਿ ਸ਼੍ਰੀਮਤੀ ਗਾਂਧੀ ਨੇ ਸਿਖ ਮਨ ਨੂੰ ਲੱਗੇ ਫਟਾਂ ਉਤੇ ਮਲ੍ਹਮ ਲਾਉਣ ਦੀ ਗੱਲ ਕੀਤੀ, ਤਾਂ ਉਹਨੇ ਬਸ ਏਨਾ ਕੁ ਹੀ ਕੀਤਾ ਕਿ ਇਹਨਾ ਫੱਟਾਂ ਉਤੇ ਚਿੱਟੀ ਪੱਟੀ ਬੰਨ ਦਿਤੀ ਤੇ ਇਹਦੇ ਹੇਠਾਂ ਜ਼ਖਮਾਂ ਨੂੰ ਰਿਸਣ ਦਿਤਾ ਤੇ ਵਿਗੜਨ ਦਿਤਾ ਗਿਆ। ਲਹਿ ਚੁਕੇ ਪਸਲਤਰ ਦੀ ਥਾਂ ਪਲਸਤਰ ਲਾਓ, ਗੋਲੀਆਂ ਨਾਲ ਪਏ ਸੁਰਾਖ ਭਰ ਦਿਓ, ਜਲਦੀ ਤੋਂ ਜਲਦੀ ਕੰਧਾਂ ਤੇ ਸਫੇਦੀ ਕਰ ਦਿਓ ਤਾਂ ਜੁ ਕੋਈ ਇਹ ਜਾਣ ਨਹ ਸਕੇ ਕਿ ਫੌਜ ਤੇ ਭਿੰਡਰਾਂਵਾਲੇ ਦੇ ਆਦਮੀਆਂ ਵਿਚਕਾਰ ਟਕਰਾਉ ਤੋਂ ਕੇਡੀ ਤਬਾਹੀ ਹੋਈ। ਅੱਗੇ ਚੱਲ ਕੇ ਤਾਂ ਕਿਸੇ ਸ਼ਾਇਰ ਦੇ ਕਹਿਣ ਅਨੁਸਾਰ ਹੋਰ ਵੀ ਮਾੜਾ ਵਾਪਰਨਾ ਸੀ :

ਜ਼ਖਮ ਕੇ ਭਰਨੇ ਤਲਕ ਨਾਖੁਨ ਨਾ ਬੜ੍ਹ ਆਏਂਗੇ ਕਯਾ ?

ਅਕਾਲ ਤਖਤ ਨੂੰ ਏਡੀ ਹਾਨੀ ਪਹੁੰਚ ਚੁਕੀ ਸੀ ਕਿ ਇਹ ਮੁਰੰਮਤੋਂ ਬਾਹਰਲਾ ਕਾਰਜ ਸੀ। ਕੁਝ ਸਿੱਖ ਇਹਨੂੰ ਇਸੇ ਸੂਰਤ ਵਿਚ ਇਕ ਯਾਦਗਾਰ ਵਜੋਂ ਕਾਇਮ ਰਖਣਾ ਚਾਹੁੰਦੇ ਸਨ ਤਾਂ ਜੋ ਭਵਿੱਖੀ ਪੀੜ੍ਹੀਆਂ ਜਾਣ ਸਕਣ ਕਿ ਇਕ ਗੈਰ-ਹਮਦਰਦ ਸਰਕਾਰ ਨੇ ਇਸ ਪਵਿੱਤਰ ਧਰਮ-ਅਸਥਾਨ ਦੀ ਕੀ ਹਾਲਤ ਕਰ ਦਿਤੀ ਸੀ। ਪਰ ਇਹ ਗੱਲ ਸਰਕਾਰ ਨੂੰ ਸੂਤ ਨਹੀਂ ਸੀ ਬਹਿੰਦੀ। ਉਹਦਾ ਮੁਖ ਏਲਚੀ ਬੂਟਾ ਸਿੰਘ ਸਿੱਖਾਂ ਦੇ ਘਰੀਂ ਬੂਹੇ ਬੂਹੇ ਬੁਰੀ ਤਰ੍ਹਾਂ ਨਠ ਭਜ ਕਰਦਾ ਰਿਹਾ ਤਾਂ ਜੁ ਕੋਈ ਅਜਿਹਾ ਸੰਤ ਮਿਲ ਜਾਵੇ ਜਿਹੜਾ ਕਾਰ ਸੇਵਾ ਦਾ ਬੀੜਾ ਚੁਕ ਲਵੇ। ਜਿਵੇਂ ਫੌਜ ਨੇ ਠਠੰਬਰੇ ਹੋਏ ਜਥੇਦਾਰ ਕਿਰਪਾਲ ਸਿੰਘ ਨੂੰ ਟੈਲੀਵੀਜਨ ਕੈਮਰਿਆਂ ਸਾਹਮਣੇ ਲਿਆ ਖੜਾ ਕੀਤਾ ਸੀ ਤਾਂ ਜੁ ਉਹਦੇ ਲਈ ਤਿਆਰ ਕੀਤਾ ਗਿਆ ਬਿਆਨ ਉਹਤੋਂ ਪੜ੍ਹਾਇਆ ਜਾਵੇ,. ਉਵੇਂ ਹੀ 90-ਸਾਲਾ ਬਾਬਾ ਖੜਕ ਸਿੰਘ ਨੂੰ ਮਿਲ ਕੇ ਕਿਹਾ ਗਿਆ ਕਿ ਉਹ ਇਸ ਸਨਮਾਨ ਨੂੰ ਆਪਣੇ ਬੁੱਢੇ ਹੁੰਦੇ ਮੋਢਿਆਂ ਉਤੇ ਚੁਕ ਲਵੇ। ਪਹਿਲਾਂ ਤਾਂ ਬਾਬਾ ਜੀ ਨੇ ਹੁੰਗਾਰਾ ਭਰ ਦਿਤਾ। ਪਰ ਜਦੋਂ ਉਹਨੂੰ ਮਲੂਮ ਹੋਇਆ ਕਿ ਆਰਮੀ ਗੋਲਡਨ ਟੈਂਪਲ ਵਿਚ ਮੌਜੂਦ ਰਹੇਗੀ, ਉਹਨੇ ਬੂਟਾ ਸਿੰਘ ਨੂੰ ਸਪਸ਼ਟ ਤਰ੍ਹਾਂ ਅਜਿਹੀ ਭਾਸ਼ਾ ਵਿਚ ਬੁਰਾ-ਭਲਾ ਆਖਿਆ ਜੋ ਵਿਚਾਰੇ ਮੰਤਰੀ ਮਹੋਦੇ ਨੇ ਆਪਣੇ ਪਿੰਡ-ਨਿਵਾਸ ਦੇ ਦਿਨਾਂ ਪਿਛੋਂ ਕਿਤੇ ਨਹੀਂ ਸੀ ਸੁਣੀ।

ਸ਼੍ਰੀਮਤੀ ਗਾਂਧੀ ਨੇ ਸਮਝ ਲਿਆ ਕਿ ਜੇ ਅਕਾਲ ਤਖਤ ਦੀ ਮੁਰੰਮਤ ਨਾ ਹੋਈ ਤਾਂ ਇਹ ਖਤਰਨਾਕ ਗੱਲ ਹੋਵੇਗੀ ਤੇ ਉਹਨੇ ਸਾਬਕ-ਮੰਤਰੀ ਕੇ. ਸੀ. ਪੰਤ, ਨੂੰ ਜਿਹੜਾ ਸਾਲ ਭਰ ਪਹਿਲਾਂ ਉਹਦੀ ਪਾਰਟੀ ਵਿਚ ਸ਼ਾਮਿਲ ਹੋਇਆ ਸੀ, ਆਖਿਆ ਕਿ ਉਹ ਉਹਨਾਂ ਅਕਾਲੀ ਆਗੂਆਂ ਨਾਲ ਗੱਲ ਕਰੇ ਜਿਹੜੇ ਅਜੇ ਮੁਕਤ ਸਨ। ਅਕਾਲੀਆਂ ਨੇ ਸਰਕਾਰ ਤੇ ਫੌਜ ਦੇ ਪ੍ਰਤੀਨਿਧਾਂ ਵਲੋਂ ਰਖੀ ਗਈ ਇਹ ਸ਼ਰਤ ਮੋਟੇ ਤੌਰ ਤੇ ਮੰਨ ਲਈ ਕਿ ਗੋਲਡਨ ਟੈਂਪਲ ਕਾਂਪਲੈਕਸ ਵਿਚ ਕੋਈ ਹਥਿਆਰ ਲਿਜਾਣ ਦੀ ਆਗਿਆ ਨਹੀਂ ਦਿਤੀ ਜਾਵੇਗੀ। ਕਾਰ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਅਕਾਲੀਆਂ ਨੇ ਬੱਸ ਇਹੋ ਇਕ ਸ਼ਰਤ ਰੱਖੀ ਕਿ ਫੌਜ ਨੂੰ ਗੋਲਡਨ ਟੈਂਪਲ ਵਿਚੋਂ ਪੂਰਨ ਤੌਰ ਤੇ ਕੱਢ ਲਿਆ ਜਾਵੇਗਾ। ਸਰਕਾਰ ਇਹ ਮੰਨਣ ਨੂੰ ਤਿਆਰ ਨਹੀਂ ਸੀ ਤੇ ਉਹਨੇ ਕਿਸੇ ਅਜਿਹੇ ਬਾ-ਵਕਾਰ ਆਦਮੀ ਨੂੰ ਲਭਣਾ ਸ਼ੁਰੂ ਕਰ ਦਿ ਤਾ ਜਿਸ ਨੂੰ ਇਹ ਕੰਮ ਸੌਂਪਿਆ ਜਾ ਸਕੇ। ਆਖਰਕਾਰ, ਬੂਟਾ ਸਿੰਘ ਬੁੱਢਾ ਦਲ ਦੇ ਨਿਹੰਗ ਮੁਖੀ ਸੰਤਾ ਸਿੰਘ ਨੂੰ ਇਹ ਕੰਮ ਸਿਰੇ ਚੜ੍ਹਾਉਣ ਲਈ ਮਿਲਿਆ ਤੇ ਉਹ ਸਹਿਜੇ ਹੀ ਮੰਨ ਗਿਆ। ਉਹਨੇ ਮੰਨਣਾ ਹੀ ਸੀ ਕਿਉਂਜ ਉਹਦੇ ਵਿਰੁੱਧ ਕਈ ਫੌਜਦਾਰੀ ਮੁਕਦਮੇ ਦਾਇਰ ਸਨ। ਇਹ ਮੁਕਦਮੇ ਝਬਦੇ ਵਾਪਸ ਲੈ ਲਏ ਗਏ। ਉਹ ਹਸਾਉਣੀ ਜਿਹੀ ਆਕ੍ਰਿਤੀ ਸੀ — ਹੱਟਾ-ਕੱਟਾ ਭੁੱਚਰ ਬੰਦਾ ਜਿਸ ਦੀ ਰੋਗੜ ਦਸਦੀ ਸੀ ਕਿ ਸਮੇਤ ਭੰਗ ਦੇ ਜੀਵਨ ਦੀਆਂ ਚੰਗੀਆਂ ਚੀਜ਼ਾਂ ਦਾ ਸ਼ੌਕੀਨ ਹੈ। ਉਹ ਭਾਵੇਂ ਆਪਣੇ ਆਪ ਨੂੰ ਸੁਲਤਾਨ-ਇ ਕੌਮ. ਛਿਆਨਵੇਂ ਕਰੋੜੀਆ ਦਸਦਾ ਸੀ, ਉਹ ਸਰਕਾਰੀ ਖੈਰਾਤ ਉਤੇ ਗੁਜ਼ਾਰਾ ਕਰਦਾ ਰਿਹਾ ਸੀ ਤੇ ਇਕ ਵਾਰ ਤਾਂ ਗਿਆਨੀ ਜ਼ੈਲ ਸਿੰਘ ਨੇ ਉਹਨੂੰ ਕਾਰ ਵੀ ਭੇਂਟ ਕੀਤੀ ਸੀ ਤੇ ਉਹਨੇ ਇਹਦੇ ਬਦਲੇ ਗਿਆਨੀ ਜੀ ਨੂੰ ਮਹਾਂਪੁਰਖ ਕਹਿ ਕੇ ਸਨਮਾਨਿਆ ਸੀ। ਸੰਤਾ ਸਿੰਘ ਨੂੰ ਯਕੀਨ ਦਿਵਾਇਆ ਗਿਆ ਕਿ ਉਹਨੂੰ ਜਿੰਨੇ ਪੈਸੇ ਦੀ ਲੋੜ ਹੋਈ ਦਿਤਾ ਜਾਵੇਗਾ ਅਤੇ ਫੌਜ ਉਹਦੀ ਸੁਰਖਿਆ ਦਾ ਪ੍ਰਬੰਧ ਕਰੇਗੀ। ਇਹ ਸਿੱਖ ਫਾਲਸਟਾਫ ਆਪਣੀ ਨਿਹੰਗ ਲਾਮਡੋਰੀ ਨੂੰ ਨਾਲ ਲੈ ਕੇ ਗਜਦਾ ਵਜਦਾ ਅੰਮ੍ਰਿਤਸਰ ਪੁਜਿਆ। ਇਹਨਾਂ ਦੇ ਨਾਲ ਹੀ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਭਰੇ ਟਰੱਕ ਵੀ ਆਏ। ਸਰਕਾਰੀ ਪਰਚਾਰ-ਸਾਧਨਾਂ ਨੇ ਉਸ ਆਦਮੀ ਦਾ ਜਿਹੜਾ ਬਹੁਤੇ ਸਿੱਖਾਂ ਦੀਆਂ ਨਜ਼ਰਾਂ ਵਿਚ ਆਪਣੀ ਹੀ ਕਿਸਮ ਦਾ ਬਦਮਾਸ਼ ਸੀ ਤੇ ਜੀਹਨੂੰ ਸਰਕਾਰ ਤੋਂ ਪੈਸਾ ਮਿਲਦਾ ਸੀ, ਖੁਸ਼ਗਵਾਰ ਬਿੰਬ ਸਿਰਜਣ ਦਾ ਜਤਨ ਕੀਤਾ। ਦੂਰਦਰਸ਼ਨ ਨੇ ਉਹਨੂੰ ਤੇ ਉਹਦੇ ਆਦਮੀਆਂ ਨੂੰ, ਜਿੰਨਾਂ ਵਿਚੋਂ ਕਈ ਕਾਰਬਾਈਨਾਂ ਨਾਲ ਲੈਸ ਸਨ, ਕੁਝ ਮਲਬਾ ਚੁਕਦਿਆਂ ਵਿਖਾਇਆ। ਬਾਕੀ ਸਾਰਾ ਕੰਮ ਸਰਕਾਰੀ ਨਿਗਰਾਨੀ ਹੇਠ ਭਾੜੇ ਦੇ ਮਜ਼ਦੂਰਾਂ ਤੋਂ ਕਰਵਾਇਆ ਗਿਆ। ਪੰਜਾਂ ਤਖਤਾਂ ਦੇ ਜਥੇਦਾਰਾਂ ਨੇ ਸੰਤਾ ਸਿੰਘ ਨੂੰ ਤਨਖਾਹੀਆ ਕਰਾਰ ਦੇ ਦਿਤਾ ਤੇ ਉਹਨੂੰ ਸਿੱਖ ਭਾਈਚਾਰੇ ਵਿਚੋਂ ਛੇਕ ਦਿਤਾ।

(ਚਲਦਾ)

ਦੋਸ਼ੀ ਕੌਣ ਹਨ?

(ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਵਿਚ 31 ਅਕਤੂਬਰ ਤੋਂ 10 ਨਵੰਬਰ ਤੱਕ ਹੋਏ ਦੰਗੇ ਫਸਾਦਾਂ ਦੇ ਕਾਰਨ ਅਤੇ ਅਸਰ ਬਾਰੇ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ. ਯੂ. ਡੀ. ਆਰ.) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼(ਪੀ. ਯੂ. ਸੀ. ਐਲ.) ਸਾਂਝੀ ਜਾਂਚ ਕਮੇਟੀ ਦੀ ਰੀਪੋਰਟ ਜੋ ਪਹਿਲਾਂ ਅੰਗਰੇਜ਼ੀ ਵਿਚ ਛਪੀ ਸੀ ਉਸਦਾ ਸਹੀ ਅਨੁਵਾਦ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ ਹੋਰਾਂ ਨੇ ਕੀਤਾ ਹੈ ਅਤੇ 'ਕੈਨੇਡਾ ਦਰਪਣ' ਨੂੰ 'ਕੈਨੇਡਾ ਦਰਪਣ' ਦੇ ਇਕ ਸੁਹਿਰਦ ਹਿਤੈਸ਼ੀ ਰਾਹੀਂ ਪ੍ਰਾਪਤ ਹੋਇਆ ਹੈ। ਇਹ ਰੀਪੋਰਟ 'ਕੈਨੇਡਾ ਦਰਪਣ' ਦੇ ਪਾਠਕਾਂ ਦੀ ਜਾਣਕਾਰੀ ਲਈ ਲੜੀਵਾਰ ਛਪੇਗੀ। ਅਸੀਂ ਪ੍ਰੋ: ਜਗਮੋਹਣ ਸਿੰਘ ਹੋਰਾਂ ਦੇ ਧੰਨਵਾਦੀ ਹਾਂ ਅਤੇ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਰਿਣੀ ਹਾਂ — ਸੰਪਾਦਕ)

(ਲੜੀ ਜੋੜਨ ਲਈ ਕੈਨੇਡਾ ਦਰਪਣ ਦਾ ਪਿਛਲਾ ਅੰਕ ਵੇਖੋ)

ਅੰਤਿਕਾ—5

ਉਹਨਾਂ ਰਾਹਤ ਕੇਂਦਰਾਂ ਦੀ ਸੂਚੀ ਜਿਨ੍ਹਾਂ ਨੂੰ ਦਿਲੀ ਨੇ ਮਾਨਤਾ ਦਿਤੀ:

ਕੈਂਪਾਂ ਦੇ ਨਾਂ:—

1. ਸਰਕਾਰੀ ਹਾਈ ਸਕੂਲ ਨੰ: 1 ਅਤੇ 2 ਲੌਡਲੋ ਕਿਲਾ, ਅਲੀਪੁਰ ਰੋਡ।
2. ਲੜਕਿਆਂ ਦਾ ਸਰਕਾਰੀ ਹਾਇਰ ਸੈਕੰਡਰੀ ਸਕੂਲ (ਨੇੜੇ ਸ਼ਾਮ ਕਾਲਜ) ਸ਼ਹਾਦਰਾ।
3. ਪੁਲੀਸ ਸਟੇਸਨ-ਫਰਸ ਬਜਾਰ
4. ਪੁਲੀਸ ਸਟੇਸ਼ਨ-ਗਾਂਧੀ ਨਗਰ
5. ਸੀਨੀਅਰ ਲੜਕਿਆਂ ਦਾ ਸੈਕੰਡਰੀ ਸਕੂਲ ਰਾਧੂ ਪੈਲਸ ਸਿਨਮੇ ਦੇ ਸਾਹਮਣੇ (ਸ਼ਕਰਪੁਰ ਪੁਲੀਸ ਸਟੇਸ਼ਨ)
6. ਭਾਈ ਮੋਤਾ ਸਿੰਘ ਸਕੂਲ "ਏ" ਬਲਾਕ ਜਨਕਪੁਰੀ
7. ਮੁੰਡਿਆਂ ਦਾ ਸਰਕਾਰੀ ਹਾਇਰ ਸੈਕੰਡਰੀ ਸਕੂਲ ਸ਼ਕਰਪੁਰ—ਰਾਣੀ ਬਾਗ
8. ਕੁੜੀਆਂ ਦਾ ਸਰਕਾਰੀ ਹਾਇਰ ਸੈਕੰਡਰੀ ਸਕੂਲ—ਸ਼ਕਰਪੁਰ-ਰਾਣੀ ਬਾਗ
9. ਪੁਲੀਸ ਸਟੇਸ਼ਨ— ਸਬਜ਼ੀ ਮੰਡੀ
10. ਪੁਲੀਸ ਸਟੇਸ਼ਨ-ਸਦਰ ਬਜਾਰ

ਸ਼ਰਨਾਰਥੀਆਂ ਦੀ ਗਿਣਤੀ:—

1. 4,000
2. 8,000
3. 2,000
4. 1,000
5. 1,200
6. 1,200
7. 3,000
8. 2,000
9. 100
10. 100

ਉਹਨਾਂ ਕੈਂਪਾਂ ਦੀ ਸੂਚੀ ਜਿਨ੍ਹਾਂ ਨੂੰ ਦਿਲੀ ਪ੍ਰਸ਼ਾਸਨ ਨੇ ਮਾਨਤਾ ਨਹੀਂ ਦਿਤੀ :—

ਕੈਂਪ ਦੇ ਨਾਂ ਅਤੇ — ਸ਼ਰਨਾਰਥੀਆਂ ਦੀ ਗਿਣਤੀ

1. ਬਾਲਾ ਸਾਹਿਬ ਗੁਰਦੁਆਰਾ —5,000
2. ਨਾਨਕਸਰ ਆਸ਼ਰਮ —3,000
3. ਦਰਗਾਪੁਰੀ ਗੁਰਦਵਾਰਾ —2,000
4. ਜੋਤੀਨਗਰ ਗੁਰਦਵਾਰਾ —ਮਿਲ ਨਹੀਂ ਸਕੀ
5. ਬਾਬਾ ਬੰਦਾ ਬਹਾਦਰ ਸਿੰਘ ਗੁਰਦਵਾਰਾ -ਮਹਰੌਲੀ —20
6. ਤੇਲੀਵਾੜਾ ਗੁਰਦਵਾਰਾ 500
7. ਹਰੀ ਨਗਰ ਗੁਰਦਵਾਰਾ —500
8. ਫਤਹਿ ਨਗਰ ਗੁਰਦਵਾਰਾ —500
9. ਏਅਰ ਫੋਰਸ ਸਟੇਸ਼ਨ ਗੁਰਦਵਾਰਾ ਸਰਬੋਤੇ ਪਾਰਕ —ਮਿਲ ਨਹੀਂ ਸਕੀ
10. ਸਦਰ ਬਜਾਰ ਗੁਰਦਵਾਰਾ —ਦਿਲੀ ਕੈਂਟ —ਮਿਲ ਨਹੀਂ ਸਕੀ
11. ਗੁਰਦਵਾਰਾ ਸਿੰਘ ਸਾਹਿਬਾਂ -ਜੰਗੀਪੁਰਾ ਐਕਸਟੈਨਸ਼ਨ —ਮਿਲ ਨਹੀਂ ਸਕੀ
12. ਪੰਚਸ਼ੀਲ ਪਾਰਕ ਗੁਰਦਵਾਰਾ — ਮਿਲ ਨਹੀਂ ਸਕੀ
13 ਪੇਸ਼ਵਾਨੀ ਗੁਰਦਵਾਰਾ— ਤਿਲਕ ਨਗਰ —1,800
14. ਪੰਡਾ ਨਗਰ ਗੁਰਦਵਾਰਾ —1,500
15. ਸੁਲਤਾਨਪੁਰੀ ਕੈਂਪ-ਗੁਰਦਵਾਰੇ ਦੇ ਬਾਹਰ ਤੰਬੂਆਂ ਵਿਚ —1,000
16. ਵਿਨੋਦ ਨਗਰ ਏਰੀਆ —ਪਰਤਾਪ ਗੰਜ —128
17. ਹੰਸ ਰਾਜ ਮਾਡਲ ਸਕੂਲ ਕੈਂਪ ਕ੍ਰਿਸ਼ਨਾ ਨਗਰ —126
18. ਕਲਿਆਣਪੁਰੀ ਬਲਾਕ ਨੰ: 13 —300
19. ਸੰਭੂ ਦਿਆਲ ਕਾਲਜ-ਗਾਜੀਆ ਬਾਦ — 260 (ਦਿਲੀ ਤੋਂ ਬਾਹਰ)
20. ਸਿੰਘ ਸਭਾ ਗੁਰਦਵਾਰਾ —ਗੁੜਗਾਓਂ —ਮਿਲ ਨਹੀਂ ਸਕੀ (ਦਿਲੀ ਤੋਂ ਬਾਹਰ)

●●●●●

ਕਾਰ ਦੀ ਲਾਟਰੀ ਦੇ ਟਿਕਟ ਵਿਕ ਰਹੇ ਸਨ।

ਇਕ ਮੰਗਤੇ ਪਿਓ-ਪੁੱਤਰ ਨੇ ਇਕ ਟਿਕਟ ਖ਼ਰੀਦ ਲਿਆ।

ਪੁੱਤਰ ਨੇ ਪੁੱਛਿਆ, "ਜੇ ਸਾਡੀ ਲਾਟਰੀ ਟਿਕਟ ਨਿਕਲ ਆਈ, ਤਾਂ ਕਾਰ ਦਾ ਕੀ ਕਰਾਂਗੇ ?"

ਪਿਓ ਨੇ ਕਿਹਾ, "ਤਦ ਕਾਰ 'ਚ ਬਹਿ ਕੇ ਮੰਗਣ ਜਾਇਆ ਕਰਾਂਗੇ !"

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਤੇ

ਸ਼ਹੀਦੀ ਬੱਧੇ ਹੋਏ ਹੀ ਦਿਤੇ ਨਦੀ ਰੁੜਾਇ



ਪ੍ਰਿੰ: ਸਤਿਬੀਰ ਸਿੰਘ

ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਜਹਾਂਗੀਰ ਦੇ ਦਰਬਾਰ ਪੇਸ਼ ਕੀਤਾ ਗਿਆ। ਬੰਸਾਵਲੀ ਨਾਮਾ ਦੇ ਸ਼ਬਦਾਂ ਵਿਚ :

ਸਾਹਿਬ ਟੇਕ ਮੱਥਾ(ਅੰਮ੍ਰਿਤਸਰ ਤੋਂ) ਵਿਦਿਆ ਹੋਇ ਗਏ ।
ਦੁਸ਼ਟ ਚਉਕੜ ਵਿਚਿ ਆਵਤ ਭਏ
ਜਵਾਬ ਸਵਾਲ ਬਹੁਤਾ ਹੀ ਹੋਇਆ ।
ਭਏ ਕੈਦ ਸੂਮ ਪਾਇਆ ਸੁਖ ਸਭ ਖੋਇਆ ।

ਮਹਾਰਾਜ ਨੇ ਹਰ ਉਠਾਏ ਸਵਾਲ ਦਾ ਇਹੀ ਉਤਰ ਦਿਤਾ ਕਿ ਉਹ ਉਨ੍ਹਾਂ ਦੇ ਕਿਸੇ ਵਰਤਾਉ ਤੋਂ ਨਹੀਂ ਭੈ ਖਾਂਦੇ, ਇਹ ਸਭ ਭਾਣੇ ਵਿਚ ਹੋ ਰਿਹਾ ਹੈ ਇਹ ਕਸ਼ਟ ਜਿਨ੍ਹਾਂ ਦਾ ਬਾਰ ਬਾਰ ਡਰਾਵਾ ਦਿਤਾ ਜਾ ਰਿਹਾ ਹੈ ਸਗੋਂ ਅਨੰਦ ਦੇਂਦੇ ਹਨ। ਖੁਸਰੋ ਨੂੰ ਪ੍ਰਸ਼ਾਦ ਛਕਾਉਣ ਦੀ ਗੱਲ ਕਹੀ ਜਾ ਰਹੀ ਹੈ, ਇਹ ਉਹ ਹੀ ਲੰਗਰ ਹੈ ਜਿਥੇ ਤੁਹਾਡਾ ਪਿਤਾ ਖਾ ਗਿਆ ਤੇ ਜੇ ਅਜ ਤੁਹਾਡਾ ਪੁਤਰ ਖਾ ਗਿਆ ਤਾਂ ਕਿਹੜੀ ਆਫਤ ਆ ਗਈ। ਜਹਾਂਗੀਰ ਨੇ ਜਦ ਗੁਰੂ ਗ੍ਰੰਥ ਸਾਹਿਬ ਵਿਚ ਮੁਹੰਮਦ ਸਾਹਿਬ ਦੀ ਉਸਤਤ ਦੇ ਕੁਝ ਸ਼ਬਦ ਪਾਉਣ ਲਈ ਕਿਹਾ ਤਾਂ ਆਪ ਜੀ ਨੇ ਕਿਹਾ ਕਿ ਇਹ ਕਦਾਚਿਤ ਨਹੀਂ ਹੋ ਸਕਦਾ। ਇਹ 'ਧੁਰ ਕੀ ਬਾਣੀ' ਹੈ। ਇਸ ਵਿਚ ਰਲਾ ਕੋਈ ਵੀ ਨਹੀਂ ਪਾ ਸਕਦਾ। ਸਚ ਸਚ ਹੈ ਅਤੇ ਕਦੇ ਬਦਲਿਆ ਨਹੀਂ। ਫਿਰ ਮੈਕਾਲਫ ਕਹਿੰਦਾ ਹੈ ਕਿ ਰਿਸ਼ਤਾ ਮੋੜਨ ਵਾਲੀ ਗੱਲ ਕਹੀ ਗਈ ਤਾਂ ਆਪ ਜੀ ਨੇ ਇਹ ਬਚਨ ਹੀ ਕਹੇ :

ਸੁਤ ਤ੍ਰਿਯ ਧਨ ਤਨ ਆਦਿ ਸਭ ਤਜਿਤ ਨ ਲਾਵੈ ਦੇਰਿ ।
ਸਿਖ ਬਚਨ ਕੋ ਤਿਆਗਯੋ, ਤਉ ਨ ਹਮ ਤੇ ਹੇਰਿ ।

ਆਖਿਰ ਮੁਹੰਮਦੀ ਉਮਤਿ ਵਿਚ ਦਾਖਲ ਹੋਣ ਲਈ ਜਦ ਕਿਹਾ ਤਾਂ ਆਪ ਜੀ ਦਾ ਕਹਿਣਾ ਸੀ ਕਿ ਇਹ ਸਰੀਰ ਤਾਂ ਨਾਸ਼ਵੰਤ ਹੈ। ਸਾਡਾ ਮੂਲ ਮੰਤਰ ਸਚ ਦਾ ਪ੍ਰਕਾਸ਼ ਕਰਨਾ ਹੈ ਅਤੇ ਝੂਠ ਦਾ ਨਾਸ਼ ਕਰਨਾ ਅਤੇ ਜੇ ਇਸ ਮਨੋਰਥ ਨੂੰ ਪੂਰਿਆਂ ਕਰਦਿਆਂ ਇਹ ਖਾਕੀ ਸਰੀਰ ਜਾਂਦਾ ਹੈ ਤਾਂ ਅਸੀਂ ਚੰਗੇ ਭਾਗ ਸਮਝਾਂਗੇ।

ਜੁਰਮਾਨੇ ਦੀ ਗੱਲ ਮੁਹਸਨ ਫਾਨੀ ਨੇ ਕਿਧਰੋਂ ਬਾਹਰੋਂ ਸੁਣਕੇ ਹੀ ਲਿਖੀ ਹੈ। ਪ੍ਰਤੀਤ ਇਹ ਹੀ ਹੁੰਦਾ ਕਿ ਬਾਹਰ ਅਦਲ ਦਾ ਢੰਡੋਰਾ ਦੇਣ ਵਾਲੇ ਜਹਾਂਗੀਰ ਨੇ ਇਹ ਫੈਲਾਇਆ ਹੋਵੇਗਾ ਕਿ ਗੁਰੂ ਨੇ ਬਗਾਵਤ ਵਿਚ ਹਿਸਾ ਲਿਆ ਸੀ ਅਤੇ ਇਸ ਲਈ ਜੁਰਮਾਨਾ ਕੀਤਾ ਗਿਆ ਜੁਰਮਾਨਾ ਉਨ੍ਹਾਂ ਤਾਰਿਆ ਨਹੀਂ ਸੀ ਸੋ ਸ਼ਹੀਦ ਕੀਤੇ ਗਏ।

ਮੁਹਸਨ ਫਾਨੀ ਦੇ ਸ਼ਬਦ ਹਨ : 'ਗੁਰੂ ਅਰਜਨ ਨੇ ਬਾਦਸ਼ਾਹ ਦੇ ਪੁਤਰ ਖੁਸਰੋ ਨੂੰ ਜਿਸ ਨੇ ਬਾਪ ਦੇ ਵਿਰੁਧ ਬਗਾਵਤ ਕੀਤੀ ਸੀ, ਅਸ਼ੀਰਵਾਦ ਦਿਤੀ ਜਦ ਖੁਸਰੋ ਪਕੜਿਆ ਗਿਆ ਤਾਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਨੂੰ ਸਜ਼ਾ ਦਿਤੀ ਤੇ ਭਾਰੀ ਜੁਰਮਾਨਾ ਕੀਤਾ। ਗੁਰੂ ਨੇ ਉਹ ਜੁਰਮਾਨਾ ਨ ਭਰਿਆ ਉਸ ਕਾਰਣ ਗੁਰੂ ਜੀ ਨੂੰ ਲਾਹੌਰ ਕੈਦ ਕੀਤਾ ਗਿਆ ਅਤੇ ਜਿਥੇ ਗਰਮੀ ਤੇ ਤਸੀਹਾਂ ਕਾਰਨ ਉਹ ਸ਼ਹੀਦ ਹੋਏ।' ਇਕ ਹੋਰ ਗੱਲ, ਇਹ ਭੁਲੇਖਾ ਤੁਜ਼ਿਕ ਦੇ ਉਸ ਅਗਲੇ ਪੈਰੇ ਤੋਂ ਲਗਾ ਲੱਗਦਾ ਹੈ ਜੋ ਗੁਰੂ ਜੀ ਨੂੰ ਸ਼ਹੀਦ ਕਰਨ ਦੇ ਹੁਕਮ ਬਾਅਦ ਲਿਖਿਆ ਗਿਆ। ਇਹ ਜੁਰਮਾਨਾ ਅੰਬਾ ਨਾਮੀ ਇਕ ਹੋਰ ਸ਼ਖਸ਼ ਤੇ ਕੀਤਾ ਗਿਆ ਸੀ ਜਿਸ ਦੇ ਇਕ ਸਾਥੀ ਰਾਜੂ ਨੂੰ ਫਾਂਸੀ ਦਿਤੀ ਗਈ। ਇਹ ਅੰਬਾ ਕੋਈ ਪ੍ਰਸਿੱਧ ਵਿਅਕਤੀ ਨਹੀਂ ਸੀ ਪਰ ਬਾਦਸ਼ਾਹ ਦਾ ਉਨ੍ਹਾਂ ਦੀ ਦੋਵਾਂ ਦੀ ਸਜ਼ਾ ਸੰਬੰਧੀ ਹੁਕਮ ਸੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਨਾਲ ਹੀ ਇਕੋ ਫਿਕਰੇ ਵਿਚ ਲਿਖਣ ਨਾਲ ਭੁਲੇਖਾ ਪਿਆ ਤੇ ਮੁਹਸਨ ਫਾਨੀ ਉਸੇ ਭੁਲੇਖੇ ਵਿਚ ਉਹ ਸਭ ਕੁਝ ਲਿਖ ਗਿਆ। ਫਿਰ ਅੰਬਾ ਨੂੰ ਜੁਰਮਾਨਾ ਦੋ ਲੱਖ ਹੀ ਹੋਇਆ ਸੀ ਤੇ ਜਹਾਂਗੀਰ ਨੇ ਇਕ ਲੱਖ ਪੰਜੀ ਹਜ਼ਾਰ ਦੀ ਵਸੂਲੀ ਦਾ ਵੀ ਜ਼ਿਕਰ ਕੀਤਾ ਹੈ।

ਮੁਹਸਨ ਫਾਨੀ ਦੀ ਲਿਖਤ ਨੂੰ ਲੈ ਕੇ ਸਰ ਜਾਦੂ ਨਾਥ ਸਰਕਾਰ ਨੇ ਬਹੁਤ ਗਲਤ ਸਿੱਟੇ ਕੱਢੇ। ਉਸ ਦਾ ਲਿਖਣਾ ਕਿ ਗੁਰੂ ਅਰਜਨ ਸਾਹਿਬ ਨੂੰ ਇਹ ਰਵਾਇਤੀ ਸਜ਼ਾ ਰਾਜਸੀ ਅਪ੍ਰਾਧਾਂ ਕਾਰਣ ਮਿਲੀ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕੋਈ ਵਖਰੀ ਜਾਂ ਅਸਸਾਧਾਰਣ ਗੱਲ ਨਹੀਂ ਸੀ, ਕਿਉਂਕਿ ਉਨ੍ਹਾਂ ਦਿਨਾਂ ਵਿਚ ਜੁਰਮਾਨਾ ਜਾਂ ਮਾਲੀਆ ਨ ਤਾਰਨ ਵਾਲਿਆਂ ਨੂੰ ਇਹੋ ਜਿਹੀਆਂ ਸਜ਼ਾਵਾਂ ਦਿਤੀਆਂ ਹੀ ਜਾਂਦੀਆਂ ਸਨ। ਜਾਦੂਨਾਥ ਜੋ ਆਪਣੇ ਤਵਾਰੀਖੀ ਸਿਟੇ ਸਦਾ ਸਮਕਾਲੀ ਸੋਮਿਆਂ ਤੋਂ ਕੱਢਦਾ ਹੈ, ਇਥੇ ਬਹੁਤ ਵੱਡੀ ਚੂਕ ਖਾ ਗਿਆ। ਜੇ ਗੁਰੂ ਅਰਜਨ ਦੇਵ ਜੀ ਨੂੰ ਜੁਰਮਾਨਾ ਹੋਇਆ ਹੁੰਦਾ ਤਾਂ ਜਹਾਂਗੀਰ ਜ਼ਰੂਰ ਜ਼ਿਕਰ ਕਰਦਾ। ਜੇ ਉਹ ਅੰਬਾ ਨੂੰ ਜ਼ੁਰਮਾਨੇ ਦਾ ਵਰਨਣ ਕਰ ਸਕਦਾ ਹੈ ਤੇ ਇਥੇ ਵੀ ਉਹ ਕਰਦਾ। ਜਾਦੂਨਾਥ ਸਰਕਾਰ ਦਾ ਐਸ ਲਿਖਣ ਇਤਿਹਾਸ ਨਾਲ ਬੇਇਨਸਾਫੀ ਤੇ ਸੱਚ ਸੂਝ ਤੋਂ ਪਰ੍ਹੇ ਹਟਣ ਵਾਲੀ ਗੱਲ ਹੈ। ਇੰਦੂ ਭੂਸ਼ਨ ਬੈਨਰਜੀ ਨੇ ਠੀਕ ਲਿਖਿਆ ਹੈ ਕਿ ਐਸਾ ਸਿੱਟਾ ਕਢਣਾ 'ਮਤਿ ਦਾ ਪਤਿਤ ਪੁਨਾ'(ਪਰਵੇਰਸਟੀ ਔਫ ਜਜਮੈਂਟ) ਹੈ। ਬੈਨਰਜੀ ਲਿਖਦਾ ਹੈ : ਮੇਰੀ ਨਜ਼ਰ ਵਿਚ, ਗੁਰੂ ਅਰਜਨ ਨੂੰ ਮਾਮਲਾ ਤਾਰਨ ਦੀ ਸਮਰਥਾ ਜਾਂ ਜਾਣ ਬੁਝ ਕੇ ਨਾ ਤਾਰਨ ਕਰਕੇ ਸ਼ਹੀਦ ਕੀਤੇ ਜਾਣ ਨੂੰ ਉਸ ਵੇਲੇ ਰਿਵਾਜ ਅਨੁਸਾਰ ਠੀਕ ਸਮਝਣਾ ਅਤੇ ਹੋਰ ਸਾਰੇ ਕਾਰਣਾਂ ਵੱਲ ਧਿਆਨ ਨ ਦੇਣਾ ਜੋ ਸ਼ਹਾਦਤ ਕਰਾਉਣ ਵਿਚ ਸਹਾਇਕ ਹੋਏ, ਸਚ ਨੂੰ ਝੂਠ ਬਣਾ ਕੇ ਪੇਸ਼ ਕਰਨ ਦਾ ਸਮਾਨ ਹੈ ਜੋ ਕਿਸੇ ਵੀ ਇਤਿਹਾਸ ਕਾਰ ਨੂੰ ਖਿਮਾਂ ਨਹੀਂ ਕੀਤਾ ਜਾ ਸਕਦਾ।' ਜਹਾਂਗੀਰ ਦੀ ਆਪਣੀ ਲਿਖਤ ਦੇ ਹੁੰਦਿਆਂ ਸਿ ਕਿਸੇ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ, ਜਹਾਂਗੀਰ ਨੂੰ ਸੱਚਾ ਪਾਤਸ਼ਾਹ, ਗੱਦੀ, ਤਖਤ ਅਤੇ ਸੰਗਤ ਦੇ ਸ਼ਬਦਾਂ ਵਿਚੋਂ ਬਗਾਵਤ ਦੀ ਬੂ ਆ ਰਹੀ ਸੀ।

ਪਹਿਲਾਂ ਬਾਹਰ ਜੇਠ ਹਾੜ ਦੀ ਤਪੀ ਰੇਤ ਵਿਚ ਬਿਠਲਾ ਤਸੀਹੇ ਦਿਤੇ ਗਏ। ਦੁੱਖ ਸਹਾਰਦੇ ਰਹੇ ਪਰ ਮੁੱਖ ਤੋਂ ਇਹ ਹੀ ਉਚਾਰਦੇ ਰਹੇ :

ਏਕਾ ਨਿਰਭਾਉ ਬਾਤ ਸੁਨੀ
ਸੋ ਸੁਖੀਆ ਸੋ ਸਦਾ ਸੁਹੇਲਾ
ਜੋ ਗੁਰ ਮਿਲਿ ਗਾਇ ਗੁਨੀ ।

ਇਹ ਸਾਕਾ ਹੁੰਦਾ ਸੁਣ ਮੀਆਂ ਮੀਰ ਜੀ ਭੱਜੇ ਆਏ। ਜਹਾਂਗੀਰ ਨੂੰ ਕਿਹਾ ਪਰ ਉਸ ਅੱਖਾਂ ਤੇ ਤਅਸਬ ਦੀ ਪੱਟੀ ਬੰਨ੍ਹੀ ਹੋਈ ਸੀ। ਗੁਰੂ ਅਰਜਨ ਜੀ ਨੂੰ ਫਿਰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਇਆ ਪਰ ਆਪ ਜੀ ਉਸੇ ਤਰ੍ਹਾਂ ਅਡੋਲ ਰਹੇ।

ਤਨ ਪੀਰਾ ਤੇ ਡਿਗੀ ਨ ਸੋਈ ।
ਮੇਰੁ ਹਿਲਾਇ ਨ ਜਿਮ ਨਰ ਕੋਈ ।

ਮੀਆਂ ਮੀਰ ਜੀ, ਉਥੇ ਪੁਜੇ ਜਿਥੇ ਗੁਰੂ ਜੀ ਤਸੀਹੇ ਸਹਾਰ ਰਹੇ ਸਨ ਅਤੇ ਦਿਲੀ ਤੇ ਲਾਹੌਰ ਦੀ ਇਟ ਨਾਲ ਇਟ ਵਜਾਉਣ ਦਾ ਇਸ਼ਾਰਾ ਕੀਤਾ। ਗੁਰੂ ਜੀ ਨੇ ਉਸ ਠਰੰਮੇ ਵਿਚ ਕਿਹਾ ਕਿ 'ਕੀ ਹੋਇਆ ਜੇ ਤਨ ਤਪ ਰਿਹਾ ਹੈ। ਸਾਂਈ ਦੇ ਪਿਆਰਿਆਂ ਨੂੰ ਭਾਣੇ ਵਿਚ ਹੀ ਰਸ ਮਾਣਨਾ ਚਾਹੀਦਾ ਹੈ। ਦੁੱਖ ਰਤਾ ਵੀ ਨਹੀਂ ਹੈ। ਸਰੀਰ ਤੇ ਸੰਸਾਰ ਝੂਠ ਹੈ। ਆਤਮਾ ਨਿਰਲੇਪ ਹੈ।

'ਆਤਮਾ ਸਦਾ ਅਸੰਗ ਹੈ ।
ਤਨ ਮਿਥਯਾ ਪਰਪੰਚ ।'

"ਇਹ ਕਸ਼ਟ ਇਸ ਲਈ ਸਹਾਰ ਰਹੇ ਹਾਂ ਵਹਿਗੁਰੂ ਦੇ ਸੱਚੇ ਨਾਮ ਦੇ ਪ੍ਰਚਾਰ ਕਰਨ ਵਾਲਿਆਂ ਲਈ ਆਦਰਸ਼ ਬਣ ਜਾਏ। ਜਦ ਕਦੇ ਕਿਸ ਤੇ ਕਸ਼ਟ ਆਵੇ ਤਾਂ ਭਾਣਾ ਮਿਠਾ ਕਰਕੇ ਮੰਨੇ। ਵਾਹਿਗੁਰੂ ਨੂੰ ਬੁਰਾ ਭਾਲ ਨਾ ਆਖਣ। ਡੋਲ ਨ ਜਾਣ। ਆਮ ਮਨੁੱਖਾਂ ਦੀ ਅਗਵਾਈ ਲਈ ਉਚ ਆਦਰਸ਼ ਦੀ ਹੀ ਲੋੜ ਹੁੰਦੀ ਹੈ। 'ਮਾਣ ਹੁੰਦੇ ਨਿਮਾਣਾ, ਤਾਣ ਹੁੰਦੇ ਨਿਤਾਣਾ ਭਗਤਾਂ ਨੂੰ ਸੋਭਦਾ ਹੈ। ਆਤਮਕ ਸ਼ਕਤੀ ਨੂੰ ਸਰੀਰ ਦੀ ਰਖਿਆ ਲਈ ਨਹੀਂ ਵਰਤਣਾ ਚਾਹੀਦਾ।' ਮੀਆਂ ਮੀਰ ਜੀ ਇਹ ਕਹਿੰਦੇ ਹੋਏ ਸਿਰ ਨਿਵਾ ਵਾਪਸ ਆਏ ਕਿ ਜੋ ਤੁਸਾਂ ਸੁਖਮਨੀ ਵਿਚ ਉਚਾਰਿਆ ਹੈ, ਉਸ ਨੂੰ ਠੀਕ ਸਾਬਤ ਕਰ ਦਿਤਾ ਹੈ।

ਰਹੇ ਬਦੇਹੀ ਹੋਇ ਦ੍ਰਿੜ੍ਹ
ਬ੍ਰਹਮ ਗਿਆਨੀ ਨੀਕ ।
ਜੋ ਬਰਨਿਓ ਮਧ ਸੁਖਮਨੀ ।
ਪਾਲ ਦਿਖਾਲਿਓ ਠੀਕ ।

ਫਿਰ ਤੱਤੇ ਤਵੇ ਤੇ ਬਿਠਾਇਆ ਗਿਆ ਤੇ ਗਰਮ ਰੇਤਾ, ਝੁਲਸੇ ਹੋਏ ਸਰੀਰ ਤੇ ਪਾਇਆ ਗਿਆ। ਪਰ ਗੁਰੂ ਜੀ 'ਬੈਠੇ ਰਹੇ ਅਬੋਲ ਅਡੋਲ।' ਅਤੇ ਜੋ ਨਹੀਂ ਜਰਿਆ ਜਾ ਸਕਦਾ ਉਸ ਨੂੰ ਵੀ ਜਰ ਲੈਣ ਦੀ ਹੱਦ ਦਰਸਾ ਦਿਤੀ।

ਅਜਰ ਜਰਨ ਕੀ ਔਧ ਜਨਾਈ ।
ਇਤੇ ਕਸ਼ਟ ਤੇ ਨਹੀਂ ਦਿਖਾਈ ।

ਹੁਣ ਸਾਰੀ ਦੇਹ ਦੀ ਛਾਲਿਆਂ ਨਾਲ ਭਰ ਗਈ 'ਪਰੇ ਛਾਲੇ ਸਗਰੀ ਦੇਹੀ' ਪਰ ਆਪ ਜੀ ਹੀ ਫ਼ਰਮਾਂਦੇ ਰਹੇ :

ਦੁਸ਼ਟ ਕਸ਼ਟ ਯਹਿ ਤਨ ਕੋ ਦੇਹੈਂ
ਹਮ ਸਾਖੀ ਦਯਾਰੋ ਦਰਸੈ ਹੈ ।

ਇਸ ਤਰ੍ਹਾਂ ਪੰਜ ਦਿਨ ਤਸੀਹੇ ਦਿਤੇ ਜਾਂਦੇ ਰਹੇ। 'ਪੰਜ ਦਿਵਸ ਬੀਤੇ ਇਸ ਭਾਤੀ', ਛੇਵੇਂ ਦਿਨ ਭਾਵ 30 ਮਈ, 1606 ਨੂੰ ਹੋਰ ਤਸੀਹੇ ਦੇਣ ਲਈ ਰਾਵੀ ਦੇ ਤੱਟ ਤੇ ਲੈ ਗਏ ਤੇ

'ਬੱਧੇ ਹੋਇ ਹੀ ਦਿਤੇ ਨਦੀ ਰੁੜਾਇ
ਸੰਮਤ ਸੋਲਾਂ, ਸੌ ਤ੍ਰਹੇਟ, ਜੇਠ ਮਹੀਨੇ,
ਚੰਨੇ ਚਾਣਨੀ ਚਾਉਥ, ਜਲ ਵਹਾਇ ਲੀਨੇ ।'

ਇਹ ਦਰਸਾ ਗਏ ਕਿ ਕੇਲੇ ਵਿਚੋਂ ਫਲ, ਤਿਲਾਂ ਵਿਚੋਂ ਤੇਲ, ਹਾਥੀ ਦੇ ਦੰਦ ਇਕ ਵਾਰ ਹੀ ਨਿਕਲਦੇ ਹਨ। ਸ਼ੇਰ ਤੇ ਸ਼ੇਰਨੀ ਦਾ ਸਪਰਸ਼ ਤੇ ਮਹਾਂਪੁਰਸ਼ ਦਾ ਵਾਕ ਇਕ ਵਾਰ ਹੀ ਹੁੰਦਾ ਹੈ। ਸੋ ਇਸ਼ਨਾਨ ਕਰਨ ਦੀ ਆਗਿਆ ਮੰਗਣ ਵਾਲੀ ਗੱਲ ਵੀ ਨਿਰਮੂਲ ਹੈ। ਭਾਈ ਰਤਨ ਸਿੰਘ ਜੀ ਭੰਗੂ ਨੇ ਗਵਾਹੀ ਭਰੀ ਹੈ :

ਕਿ ਗੁਰੂ ਅਰਜਨ ਦਰੀਆਇ ਨ ਬੋੜਯੋ,
ਕਿ ਗੁਰੂ ਤੇਗ ਬਹਾਦਰ ਸੀਸ ਨ ਤੋਰਯੋ,
ਕਿ ਸਾਹਿਬਜ਼ਾਦੇ ਨਾਹਿ ਮਰਵਾਏ ।
ਸ਼ੀਰ ਖੋਰ ਤੇਹਿ ਨਾਹਿ ਕੁਹਾਇ ।

ਭੰਗੂ ਜੀ ਪ੍ਰਸ਼ਨ ਕਰਦੇ ਹਨ ਕਿ ਮੁਗਲ ਇਸ ਤੋਂ ਕਿਵੇਂ ਇਨਕਾਰੀ ਹੋ ਸਕਦੇ ਹਨ ਕਿ ਉਨ੍ਹਾਂ ਗੁਰੂ ਅਰਜਨ ਜੀ ਨੂੰ ਦਰਿਆ ਵਿਚ ਰੋੜ੍ਹਿਆ। ਕੀ ਉਨ੍ਹਾਂ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਨਹੀਂ ਕੀਤਾ, ਵੱਡੇ ਸਾਹਿਬਜ਼ਾਦੇ ਜੰਗ ਵਿਚ ਨਹੀਂ ਮਾਰੇ ਅਤੇ ਦੁੱਧ ਪੀਣੇ ਮਾਸੂਮ ਬੱਚੇ ਕਹੁ ਕੇ ਨਹੀਂ ਮਾਰੇ। ਮੁਨਸ਼ੀ ਸੋਹਣ ਲਾਲ ਸੂਰੀ ਨੇ ਵੀ ਇਹ ਹੀ ਲਿਖਿਆ ਹੈ ਕਿ 'ਕੁਝ ਤਸੀਹੇ ਦੇਣ ਦੇ ਮਗਰੋਂ ਉਸ ਮਹਾਂ ਪੁਰਸ਼ (ਗੁਰੂ ਅਰਜਨ ਜੀ) ਨੂੰ ਉਨ੍ਹਾਂ (ਮੁਗਲਾਂ) ਨੇ ਦਰਿਆ ਰਾਵੀ ਵਿਚ ਸੁਟਿਆ।'

ਇਕ ਸਮਕਾਲੀ ਪਾਦਰੀ ਨੇ ਵੀ ਲਿਖਿਆ ਹੈ : 'ਹੱਦੋਂ ਵੱਧ ਸ਼ਰਾਬ ਪੀਣ ਦੀ ਵਾਦੀ ਹੋਣ ਕਾਰਣ ਜਹਾਂਗੀਰ ਦੀ ਦਿਮਾਗੀ ਹਾਲਤ ਵਿਗੜ ਗਈ ਸੀ। ਉਸਦੇ ਖੁਸ਼ਾਮਦੀ ਅਤੇ ਖਾਸ ਕਰਕੇ ਮਜ਼ਬੀ ਦਿਵਾਨਿਆਂ ਨੇ ਉਸਦੀ ਇਸ ਹਾਲਤ ਤੋਂ ਲਾਭ ਉਠਾਉਂਦੇ ਹੋਏ ਉਸਨੂੰ ਵਰਗਲਾਕੇ, ਉਸ ਰਾਹ ਤੇ ਪਾ ਦਿਤਾ ਜਿਹੜਾ ਕਿ ਉਸ ਪਿਛੋਂ ਉਸਦੀ ਬਦਨਾਮੀ ਦਾ ਕਾਰਣ ਬਣਿਆ। ਗੁਰੂ ਅਰਜਨ ਜੀ ਨੂੰ ਜਦੋਂ ਜਹਾਂਗੀਰ ਦੇ ਹੁਕਮ ਨਾਲ ਤਸੀਹੇ ਤੇ ਕਸ਼ਟ ਦਿਤੇ ਜਾ ਰਹੇ ਸਨ ਤੇ ਮੈਂ ਉਥੇ (ਲਾਹੌਰ) ਮੌਜੂਦ ਸਾਂ। ਮੈਂ ਕਈ ਵਾਰੀ ਗੁਰੂ ਜੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਮੈਨੂੰ ਮਿਲਣ ਨਾ ਦਿਤਾ ਗਿਆ। ਜਹਾਂਗੀਰ ਨੂੰ ਕਾਜ਼ੀਆਂ ਨੇ ਹੀ ਗੁਮਰਾਹ ਕੀਤਾ ਸੀ। ਜਹਾਂਗੀਰ ਨੂੰ ਬਦਨਾਮ ਕਰਾਇਆ ਤੇ ਇਕ ਮਹਾਨ ਪੁਰਸ਼ ਦੀ ਮੌਤ ਦਾ ਕਾਰਣ ਬਣਿਆ।' ਬਦਨਾਮ ਨਾ ਹੋਣਾ ਹੀ ਸਾਉ ਕਿਉਂਕਿ ਇਸੇ ਲਾਹੌਰ ਨੂੰ ਗੁਰੂ ਜੀ ਨੇ ਕਾਲ ਦੇ ਸਮੇਂ ਆਪਣਾ ਸਭ ਕੁਝ ਵਾਰ ਕੇ ਦੁੱਖ ਹਰੇ ਸਨ। ਅਜ ਲਾਹੌਰ ਨਿਵਾਸੀ ਮਜ਼ਬੂਰ ਖੜੇ ਸਨ ਪਰ ਤਰਾਹ ਤਰਾਹ ਕਰ ਰਹੇ ਸਨ। ਉਮਦਹ-ਤ-ਤਵਾਰੀਖ ਦੇ ਲਿਖਾਰੀ ਨੇ ਵੀ ਇਹੀ ਲਿਖਿਆ ਹੈ ਕਿ ਸ਼ਹਾਦਤ ਨੂੰ ਲਿਖਣ ਲਗਿਆਂ ਕਲਮ ਲਹੂ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਹੈ ਅਤੇ ਜਾਨ ਹੈਰਾਨ ਹੁੰਦੀ ਹੈ।

ਭਾਈ ਗੁਰਦਾਸ ਜੀ ਨੇ ਵੀ ਆਪਣੇ ਰਹੱਸਮਈ ਢੰਗ ਨਾਲ ਲਿਖਿਆ ਹੈ ਕਿ ਉਹ ਗੁਰੂ ਅਰਜਨ ਤੋਂ ਕੁਰਬਾਨ ਹਨ ਜਿਨ੍ਹਾਂ ਦੀ ਇਹ ਅਚਰਜ ਕਰਨੀ ਸੀ। ਉਹ ਤੱਤੇ ਤਵਿਆਂ ਤੇ ਬੈਠੇ, ਕਸ਼ਟ ਸਹਾਰੇ ਪਰ ਇਸ ਤਰ੍ਹਾਂ ਨਿਰਵਾਨ ਰਹੇ ਜਿਵੇਂ ਮੱਛੀ ਪਾਣੀ ਵਿਚ ਰਹਿੰਦੀ ਹੈ। ਅਕਾਲ ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ। ਪਰ ਉਹ ਰਾਤ ਵੀ ਗੁਰੂ ਜੀ ਦੀ ਭਵਰ ਵਾਂਗ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮਿਲੇ ਰਹਿ ਕੇ ਸੁੱਖਾਂ ਦੇ ਡੱਬੇ ਵਿਚ ਹੀ ਬੀਤੀ। ਅੰਤਮ ਸਵਾਸਾਂ ਤਕ ਗੁਰੂ ਪੰਜਵੇਂ ਪਾਤਸ਼ਾਹ ਬਬੀਹੇ ਦੀ ਤਰ੍ਹਾਂ ਪੁਕਾਰ ਕੇ ਆਪਣੇ ਆਦਰਸ਼ ਦਾ ਢੰਢੋਰਾ ਦਿੰਦੇ ਰਹੇ। ਪਾਉੜੀ ਦੀਆਂ ਤੁਕਾਂ

ਗੁਰਮੁਖ ਸੁਖ ਫਲ ਪ੍ਰੇਮ ਰਸ ਸਹਿਜ ਸਮਾਧਿ ਸਾਧ ਸੰਗਿ ਜਾਣੀ ।

ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
6660 MAIN STREET, (at 51st Ave.)
VANCOUVER, B.C.



We Do Passport, 5 Mins. Service, Portrait Photos & Weddings

Ph. 321-7020

NORTH AMERICAN LIFE

NORTH AMERICAN LIFE ASSURANCE COMPANY

- Life Insurance
- Mortgage Insurance
- Children's educational Plans
- R R S P



Darshan Gill, M.A.

representative

320, 815 West Hastings St.
Vancouver, B.C. V6C 2W1
Bus. 685-9335
Res. 321-6360

ਸਾ ਹਿ ਤ ਦ ਰ ਪ ਣ

ਕਹਾਣੀ

ਖਜ਼ਾਨਿਆਂ ਵਾਲੇ

*ਰਘਬੀਰ ਢੰਡ

ਇਸ ਸ਼ਹਿਰ ਵਿਚ ਜਿਥੇ ਅੱਧ-ਭੁਖੇ ਲੋਕਾਂ ਦੇ ਚਿਹਰਿਆਂ ਤੇ ਵੀ ਇਕ ਖਾਸ ਰੂਹਾਨੀ ਭਾਹ ਹੁੰਦੀ ਸੀ, ਅੱਜਕਲ ਦਿਨੇ ਸਹਿਮ ਅਤੇ ਰਾਤੀਂ ਦਹਿਸ਼ਤ ਛਾਈ ਰਹਿੰਦੀ ਸੀ.... ਇਕ ਉਦਾਸੀ, ਜਿਸਦਾ ਉਦਾਸ ਬੰਦਿਆਂ ਨੂੰ ਕੋਈ ਸਿਰਾ ਨਜ਼ਰ ਨਹੀਂ ਸੀ ਆ ਰਿਹਾ।

"ਏਸ ਮੁਲਕ ਦਾ ਪਤਾ ਨਾਹੀਂ ਕੀ ਬਣੇਗਾ ?" ... ਚੋਰ ਤੋਂ ਲੈ ਸਾਧ ਤੀਕ ਇਹੀ ਵਾਕ ਰੱਟ ਰਹੇ ਸਨ। ਪਤਾ ਨਹੀਂ ਸੜਕਾਂ ਬਾਜ਼ਾਰਾਂ ਵਿਚ ਕਿਹੜਾ ਦਾਨਵ ਚਰਨ ਪਾ ਗਿਆ ਸੀ ਕਿ ਬੰਦੇ ਹੁਣ ਮਨੁੱਖ ਕਹਾਉਣ 'ਚ ਅਪਮਾਨ ਸਮਝਣ ਲੱਗ ਪਏ ਸਨ।

ਸਿਆਲ ਉਤਰ ਆਇਆ ਸੀ। ਲੋਕਾਂ ਨੇ ਆਪਣੀ ਆਪਣੀ ਤੌਫੀਕ ਅਨੁਸਾਰ ਗਰਮ ਅਤੇ ਮੋਟੇ ਕਪੜੇ ਪਾ ਲਏ ਸਨ। ਸੂਰਜ ਦੇਵਤਾ ਪੂਰੇ ਜੋਬਨ ਵਿਚ ਚਮਕ ਰਿਹਾ ਸੀ। ਬਦਲ ਵੀ ਕੋਈ ਨਹੀਂ ਸੀ ਪਰ ਬੱਸਾਂ ਟਰੱਕਾਂ ਦੀ ਧੂੜ ਅਤੇ ਮੂੰਗਫਲੀ ਦੇ ਰੇਹੜੀਆਂ ਤੇ ਰੱਖੇ ਕੁੱਜਿਆਂ ਚੋਂ ਨਿਕਲਦੇ ਧੂਏਂ ਨੇ ਅਸਮਾਨ ਇੰਨਾ ਗੰਧਲਾ ਕਰ ਦਿਤਾ ਸੀ ਕਿ ਚਿੱਟੇ ਕਬੂਤਰ ਉਡਾਰੀਆਂ ਦੀ ਪਹਿਲੀ ਚੜ੍ਹਤ ਵਿਚ ਹੀ ਗੰਧਲੇ ਹੋ ਜਾਂਦੇ ਸਨ।

ਸਵੇਰ ਦੇ ਦਸ ਕੁ ਦਾ ਸਮਾਂ ਹੋਵੇਗਾ। ਭਾਰਤ ਨਗਰ ਚੌਂਕ ਵਿਚ ਦੋ ਰਿਕਸ਼ਿਆਂ ਵਾਲੇ ਖਲੋਤੇ ਸਨ। ਇਕ ਦਾ ਨਾਨਕ ਅਤੇ ਦੂਜੇ ਦਾ ਰਾਮ ਚੰਦ ਸੀ। ਕਿਸੇ ਸਵਾਰੀ ਦੀ ਫੌਰੀ ਆਸ ਨਾ ਵੇਖ ਰਾਮ ਚੰਦ ਨੇ ਸਿਗਰਟ ਲਾ ਲਈ।

"ਹੁਣ ਖੋਤੀ ਚੁੰਘਣੋਂ ਹਟ ਜਾ। ਜੇ ਕਿਸੇ ਨਿਹੰਗ ਦੇ ਧੱਕੇ ਚੜ ਗਿਉਂ ਨਾ ਤਾਂ ਚਾਹਟਾ ਛਕਾ ਦੇਵੇਗਾ।" ....ਨਾਨਕ ਸਿੰਘ ਨੇ ਚਿੰਤਾਵਨੀ ਵਜੋਂ ਘਟ, ਮਖ਼ੌਲ ਵਜੋਂ ਜ਼ਿਆਦਾ ਆਖਿਆ।

ਰਾਮ ਚੰਦ ਖੋਤੀ ਚੁੰਘਦਾ ਰਿਹਾ।

"ਸੁਣਿਆ ਨਹੀਂ, ਕਲ ਸ਼ਾਮੀਂ ਨਿਹੰਗਾਂ ਨੇ ਪਾਨਾਂ ਸਿਗਰਟਾਂ ਦੇ ਦੋ ਖੋਖੇ ਜਾਲ ਸੁੱਟੇ ਤੇ ਪੁਲਿਸ ਖਲੋਤੀ ਵੇਖਦੀ ਰਹੀ।" ...ਨਾਨਕ ਸਿੰਘ ਫਿਰ ਬੋਲਿਆ

ਰਾਮ ਚੰਦ ਨੇ ਸਿਗਰਟ ਬੁਝਾ ਦਿਤੀ ਤੇ ਹੇਠਾਂ ਸਰਕ ਆਈ ਖੇਸੀ ਮੁੜ ਮੋਢਿਆਂ ਤੇ ਲੈ ਲਈ।

"ਕੀ ਗੱਲ ਅਜ ਬੜਾ ਚੁਪ-ਗੜੁਪ ਖਲੋਤਾ ਏਂ ? ....ਨਾਨਕ ਸਿੰਘ ਨੇ ਉਸਨੂੰ ਮੁੜ ਠੋਰਿਆ।

"ਕੁਝ ਢਿੱਲਾ ਹਾਂ। ਰਾਤੀਂ ਕਾਂਬੇ ਨਾਲ ਬੁਖਾਰ ਚੜ੍ਹ ਗਿਆ ਸੀ।" ....ਰਾਮ ਚੰਦ ਪੈਰਾਂ ਹੇਠ ਮਲੀ ਸਿਗਰਟ ਵਲ ਹਾਲੀਂ ਵੀ ਵੇਖ ਰਿਹਾ ਸੀ।

"ਹੁਣ ਕਿਸ ਤਰਾਂ ਏਂ।?,, ...ਨਾਨਕ ਸਿੰਘ ਨੇ ਗੰਭੀਰ ਹੋ ਕੇ ਪੁਛਿਆ।

"ਰਾਤ ਨਾਲੋਂ ਕੁਝ ਵਲ ਹਾਂ। ਪਰ ਹੱਡ ਪੈਰ ਹਾਲੀਂ ਵੀ ਟੁਟਦੇ ਪਏ ਨੇ,"

ਨਾਨਕ ਸਿੰਘ ਚੁਪ ਹੋ ਗਿਆ। ਉਸਨੇ ਇਹ ਵੀ ਆਖਿਆ ਕਿ ਕੀ ਗਲ ਠੀਕ ਨਹੀਂ ਸੀ ਤਾਂ ਅੱਜ ਕੰਮ 'ਤੇ ਨਾ ਆਉਂਦਾ ਖਾਂ। ਪਤਾ ਨਹੀਂ ਕੀ ਗਲ ਹੈ ਕਿ ਮਜ਼ਦੂਰ ਆਪਣੇ ਆਪ ਨੂੰ ਇਨਸਾਨ ਸਮਝਣ ਦੀ ਥਾਂ ਭਾਵੇਂ ਹਿੰਦੂ-ਸਿੱਖ ਹੀ ਕਿਉਂ ਨਾ ਸਮਝਣਾ ਸ਼ੁਰੂ ਕਰ ਦੇਵੇ, ਇਹ ਵਾਕ ਕਦੀ ਨਹੀਂ ਬੋਲਿਆ ਕਰਦਾ: ਜੇ ਠੀਕ ਨਹੀਂ ਸੀ ਤਾਂ ਅੱਜ ਕੰਮ ਤੇ ਨਾਂ ਆਉਂਦਾ ਖਾਂ !

ਇੰਨੇ ਨੂੰ ਇਕ ਭਈਆ ਚੀਕਦਾ, ਹੱਥ ਬੰਨਦਾ ਅਤੇ ਡੰਡੇਮਾਰ ਰਹੇ ਸਿਪਾਹੀ ਦੇ ਤਰਲੇ ਕਢਦਾ ਨਾਨਕ ਅਤੇ ਰਾਮ ਵੱਲ ਆਉਂਦਾ ਦਿਖਾਈ ਦਿਤਾ। ਇਸ ਵਲ ਵੀ ਨਾਨਕ ਅਤੇ ਰਾਮ ਨੇ ਕੋਈ ਖਾਸ ਧਿਆਨ ਨਾ ਦਿਤਾ। ਕੰਮ ਕਰਕੇ ਕਿਉਂਕਿ ਰੂਟੀਨ ਕੋਈ ਅਲੋਕਾਰ ਸ਼ੈਅ ਨਹੀਂ ਹੁੰਦੀ। 'ਹਿੰਦੂ' ਸਿਪਾਹੀ ਅਪਣਾ ਕੰਮ ਕਰਕੇ ਚਲਦਾ ਹੋਇਆ ਅਤੇ 'ਹਿੰਦੂ' ਭੱਈਆ ਉਨ੍ਹਾਂ ਕੋਲ ਖਲੋਤਾ ਬੁੜ ਬੁੜ ਕਰਦਾ ਰਿਹਾ — ਸਾਲਾ, ਭਿੰਡਰੀਵਾਲਾ ਕੋ ਤੋਂ ਕੁੱਛ ਨਹੀਂ ਕਹਿਤਾ। ਮੁਝੇ ਮਾਰੇ ਹੈਂ ਗਰੀਬ ਕੋ....ਅਪਨਾ ਮੁਲਕ ਹੈ ਤੋ ਬਤਾਏਂ, ਸਾਲੇ ਕੋ....

ਦੋਹਾਂ ਨੇ ਕੰਨ ਚੁਕ ਲਏ। ਚਾਰ ਸਵਾਰੀਆਂ ਆ ਰਹੀਆਂ ਸਨ — ਦੋ ਸਰਦਾਰ ਤੇ ਦੋ ਲਾਲੇ। ਸਰਦਾਰ ਪਤਲੇ ਸਨ, ਲਾਲੇ ਮੋਟੇ। ਜਦੋਂ ਉਨ੍ਹਾਂ ਰਿਕਸ਼ਾ! ਆਖ ਆਵਾਜ਼ ਦਿਤੀ ਤਾਂ ਨਾਨਕ ਸਿੰਘ ਨੇ ਰਾਮ ਚੰਦ ਨੂੰ ਆਖਿਆ "ਤੂੰ ਸਰਦਾਰਾਂ ਵਲ ਹੋ ਉਹ ਪਤਲੇ ਨੇ....ਲਾਲਿਆਂ ਨੂੰ ਮੈਂ ਚੁਕਦਾਂ।"

ਪਰ ਸਰਦਾਰਾਂ ਨੇ ਰਾਮ ਚੰਦ ਵਿਚ ਕੋਈ ਦਿਲਚਸਪੀ ਨਾ ਦਿਖਾਈ। ਨਾਨਕ ਸਿੰਘ ਨੂੰ ਸੰਬੋਧਨ ਹੋਏ,"ਸਟੇਸ਼ਨ ਚਲਣਾ ਈ, ਬਈ ? ...ਕਿੰਨੇ ਪੈਸੇ?

ਨਾਨਕ ਸਿੰਘ ਬੋਲਿਆ, "ਮੈਂ ਸਰਦਾਰ ਜੀ ਸਟੇਸ਼ਨ ਨਹੀਂ ਜਾਣਾ। ਤੁਸੀਂ ਉਧਰ ਬੈਠੋ ਦੂਜੇ ਰਕਸ਼ੇ 'ਚ ...ਆਓ ਲਾਲਾ ਜੀ ਬੈਠੋ !"

"ਅਸੀਂ ਵੀ ਬਈ, ਸਟੇਸ਼ਨ ਈ ਜਾਣਾ ਹੈ।" ...ਲਾਲੇ ਆਖਣ ਲੱਗੇ।

ਨਾਨਕ ਸਿੰਘ ਸਰਦਾਰਾਂ ਦੇ ਰੁਕੇ ਹੋਏ ਪੈਰ ਵੇਖ ਜ਼ਰਾ ਬੇ-ਫੈਸਲਾ ਜਿਹਾ ਹੋ ਗਿਆ। ਫਿਰ ਇਕ ਦਮ ਕਹਿਣ ਲੱਗਿਆ,"ਚਲੋ ਲਾਲਾ ਜੀ ਸਟੇਸ਼ਨ ਹੀ ਲੈ ਚਲਦੇ ਹਾਂ। ਤੁਸੀ ਵੀ ਕੀ ਯਾਦ ਕਰੋਗੇ।"

ਲਾਲੇ ਹਾਲੀਂ ਆਖਣ ਈ ਲੱਗੇ ਸਨ ਕਿ ਪਹਿਲਾਂ ਪੈਸੇ ਖੋਲ ਲੈ ਕਿ ਸਰਦਾਰਾਂ ਨੇ ਨਾਨਕ ਸਿੰਘ ਦੇ ਰਿਕਸ਼ੇ ਵਿਚ ਬੈਠਣਾ ਸ਼ੁਰੂ ਕਰ ਦਿਤਾ ...." ਜੇ ਦੋਹਾਂ ਨੇ ਹੀ ਸਟੇਸ਼ਨ ਜਾਣਾ ਹੈ ਤਾਂ ਸਿੱਖ ਭਰਾ ਦੇ ਰਿਕਸ਼ੇ 'ਚ ਕਿਉਂ ਨਾ ਚਲੀਏ !"

ਨਾਨਕ ਸਿੰਘ ਸੋਚੀਂ ਪੈ ਗਿਆ। ਉਹਨੂੰ ਕੁਝ ਸੁਝ ਨਹੀਂ ਸੀ ਰਿਹਾ। ਉਸ ਨੇ ਇਕ ਨਜ਼ਰ ਰਾਮ ਚੰਦ ਵਲ ਤੱਕਿਆ। ਉਹ ਇੰਜ ਖਲੋਤਾ ਸੀ ਜਿਵੇਂ ਪੱਥਰ ਹੋ ਗਿਆ ਹੋਵੇ। ਲਾਗੇ ਖਲੋਤੀ ਮੂੰਗਫਲੀ ਦੀ ਰੇਹੜੀ 'ਤੇ ਰੱਖੇ ਕੁਜੇ 'ਚੋਂ ਧੂਆਂ ਲਗਾਤਾਰ ਉਠ ਰਿਹਾ ਸੀ। ਨਾਨਕ ਸਿੰਘ ਮੁੜ ਸਰਦਾਰਾਂ ਵਲ ਹੋਇਆ — "ਸਰਦਾਰ ਜੀ, ਅਸਲ 'ਚ ਗਲ ਇਹ ਏ ਕਿ ਔਹ ਰਿਕਸ਼ੇ ਵਾਲਾ ਬੀਮਾਰ ਏ। ਤੁਹਾਡੇ ਉਧਰ ਬਹਿਣ ਨਾਲ ਉਹਨੂੰ ਕੁਝ ਸੌਖ ਹੋ ਜਾਵੇਗੀ।"

ਉਸਦੀ ਗਲ ਸੁਣ ਕੇ ਇਕ ਸਰਦਾਰ ਕੁਝ ਗਰਮੀ ਖਾ ਬੋਲਿਆ, " ਤੇਨੂੰ ਉਹ ਦੇ ਨਾਲ ਕਿਉਂ ਏਨੀ ਹਮਦਰਦੀ ਹੈ। ਜਾਣਾ ਨਹੀਂ ਉਹ ਹਿੰਦੂ ਏ ਜਿਨ੍ਹਾਂ ਸਾਨੂੰ ਸਿੱਖਾਂ ਨੂੰ ਸਦਾ ਈ ਦੂਜੇ ਦਰਜੇ ਦੇ ਸ਼ਹਿਰੀ ਬਣਾ ਕੇ ਰਖਿਆ ਹੈ। ਅੰਬਰਸਰ ਨੂੰ ਪਵਿੱਤਰ ਸ਼ਹਿਰ ਨਹੀਂ ਬਣਨ ਦਿੰਦੇ। ਤੁਹਾਨੂੰ ਰਿਕਸ਼ੇ ਵਾਲਿਆਂ ਨੂੰ ਆਪਣੀ ਵੱਖਰੀ "ਰਿਕਸ਼ਾ ਯੂਨੀਅਨ ਬਣਾਣੀ ਚਾਹੀਦੀ ਹੈ।....ਧੋਤੀ ਟੋਪੀ ਜਮਨਾ ਪਾਰ....ਸਮਝਿਆ?....ਚਲ ਸਟੇਸ਼ਨ....ਮਰਨ ਦੇ ਉਸਨੂੰ......"

ਨਾਨਕ ਸਿੰਘ ਦੇ ਚੇਹਰੇ ਤੇ ਉਦਾਸੀ ਅਤੇ ਗੁੱਸੇ ਦੇ ਮਿਲਵੇਂ ਭਾਵ ਉਘੜੇ। ਸ਼ਾਇਦ ਉਸਨੂੰ ਸਰਦਾਰਾਂ ਦੀ ਪਿਛਲੀ ਗਲ ਕਾਫੀ ਚੁਭ ਗਈ ਸੀ। ਪਰ ਉਸ ਦੀ ਹਾਲ ਇਕੋ ਨੁਕਤੇ 'ਤੇ ਟਿਕੀ ਪ੍ਰਕਾਰ ਵਰਗੀ ਸੀ, ਜਿਹੜੀ ਘੇਰੇ ਨੂੰ ਗੂਹੜਾ ਤਾਂ ਕਰ ਸਕਦੀ ਹੈ, ਕੱਟ ਨਹੀਂ ਸਕਦੀ। ਉਸਨੇ ਰਾਮ ਚੰਦ ਵਲ ਮੁੜ ਤੱਕਿਆ। ਉਹ ਸਰਕ ਆਈ ਖੇਸੀ ਆਪਣੇ ਮੋਢਿਆਂ ਤੇ ਸੁਟ ਰਿਹਾ ਸੀ.....ਰਾਤੀਂ ਕਾਂਬੇ ਨਾਲ ਬੁਖਾਰ ਚੜ੍ਹ ਗਿਆ ਸੀ....ਰਾਮ ਚੰਦ ਦੇ ਬੋਲ ਉਹਦੇ ਕੰਨਾਂ ਵਿਚ ਗੂੰਜਣ ਲੱਗੇ....

ਨਾਨਕ ਨੇ ਮੁੜ ਬੇਨਤੀ ਕੀਤੀ, "ਚੰਗਾ ਸਰਦਾਰ ਜੀ, ਇੰਝ ਕਰੋ ਇਕ ਉਧਰ ਅਤੇ ਇਕ ਇਧਰ ਬੈਠ ਜਾਵੇ....ਭਾਰ ਬਰਾਬਰ ਹੋ ਜਾਵੇਗਾ। ਜਾਣਾ ਤਾਂ ਸਟੇਸ਼ਨ ਹੀ ਏ ਸਾਰਿਆਂ ਨੇ...."

"ਬਿਲਕੁਲ ਨਹੀਂ," ਸਰਦਾਰ ਤੈਸ਼ ਵਿਚ ਆ ਬੋਲਿਆ — "ਅਸੀਂ ਬੜੀ ਦੇਰ ਇਨ੍ਹਾਂ ਨਾਲ ਬੈਠ ਕੇ ਵੇਖ ਲਿਆ। ਕੀ ਇਨਾਮ ਮਿਲਿਆ ਸਾਨੂੰ !...ਆਜ਼ਾਦੀ ਲਈ ਸਭ ਤੋਂ ਜ਼ਿਆਦਾ ਕੁਰਬਾਨੀਆਂ ਅਸੀਂ ਦਿਤੀਆਂ। ਚੰਡੀਗੜ੍ਹ ਸਾਥੋਂ ਖੋਹ ਲਿਆ — ਪੰਜਾਬੀ ਬੋਲਦੇ ਇਲਾਕੇ ਹਰਿਆਣੇ ਨੂੰ ਦੇ ਦਿਤੇ ਸਾਥੋਂ ਖੋਹ ਕੇ — ਸਾਡੀਆਂ ਨਹਿਰਾਂ ਦਾ ਪਾਣੀ ਵੀ ਸਾਡੇ ਕੋਲ ਨਹੀਂ ਰਹਿਣ ਦਿਤਾ....ਤੂੰ ਹਾਲੀਂ ਵੀ ਇਨ੍ਹਾਂ ਦਾ ਭਲਾ ਸੋਚਦਾ ਏਂ ...ਹੇ ਵਾਹਿਗੁਰੂ, ਇਸ ਭੁਲੜ ਕੌਮ ਨੂੰ ਸੁਮੱਤ ਬਖਸ਼ੀ !"

ਇੰਜ ਆਖ ਸਰਦਾਰ ਨੇ ਅੱਖਾਂ ਮੀਟ ਲਈਆਂ।

ਨਾਨਕ ਨੇ ਆਪਣੀ ਰਿਕਸ਼ਾ-ਕਸ਼ੀ ਦੌਰਾਨ ਬੜੀਆਂ ਘਟੀਆ ਤੇ ਢੀਠ ਸਵਾਰੀਆਂ ਵੇਖੀਆਂ ਸਨ, ਪਰ ਅਜ ਵਰਗੀਆਂ ਸ਼ਾਇਦ ਕਦੇ ਨਹੀਂ ਸਨ ਵੇਖੀਆ। ਸਵਾਰੀਆਂ ਝਗੜਾਂ ਤਾਂ ਕਰਦੀਆਂ ਸਨ, ਪਰ ਸੌਦੇਬਾਜ਼ੀ ਪਿਛੇ.....ਭਲਿਓ ਲੋਕੋ ! ਤੁਸੀਂ ਸਟੇਸ਼ਨ ਜਾਣਾ ਹੈ। ਰਿਕਸ਼ੇ 'ਚ ਬੈਠੋ ਤੇ ਚਲੀ ਜਾਵੋ। ਤੁਸੀਂ ਧਾਰਾਂ ਲੈਣੀਆਂ ਨੇ ਕਿ ਰਿਕਸ਼ਾ ਚਲਾਉਣ ਵਾਲਾ ਹਿੰਦੂ ਹੈ ਜਾਂ ਸਿੱਖ...ਅਸੀਂ ਤਾਂ ਲੋਥਾਂ ਹੀ ਖਿਚਣੀਆਂ ਹਨ, ਹਿੰਦੂਆਂ ਦੀ ਹੋਣ ਜਾਂ ਸਿੱਖਾਂ ਦੀਆਂ...

ਨਾਨਕ ਨੇ ਰਾਮ ਵੱਲ ਮੁੜ ਇਕ ਝਾਤੀ ਮਾਰੀ। ਉਹ ਖਲੋਤਾ ਸੀ ਕਿਉਂ ਕਿ ਉਹਨੂੰ ਖਲੋਣਾ ਪੈਣਾ ਸੀ। ਜੇ ਉਹਦੀ ਵਾਹ ਚਲਦੀ ਤਾਂ ਉਹ ਸੜਕ ਤੋਂ ਪਾਰ ਪਰਾਲੀ ਤੇ ਬੈਠੇ ਮਜ਼ਦੂਰਾਂ ਦੀ ਸੰਗਤ ਵਿਚ ਜਾ ਬਹਿੰਦਾ ਤੇ ਸਿਗਰਟ ਲਾ ਧੁੱਪ ਸੇਕਦਾ।

"ਚੰਗਾ ਸਰਦਾਰ ਜੀ, ਇੰਜ ਕਰੋ ਦੋ ਦੀ ਥਾਂ ਪੌਣੇ ਦੋ ਦੇ ਦੇਣਾ। ਜਾਓ ਹੁਣ ਬੈਠੋ ਦੂਜੇ ਰਿਕਸੇ 'ਚ।"

ਭੁਲੜ ਕੌਮ ਨੂੰ ਸਮੱਤ ਬਖਸ਼ਾਉਣ ਵਾਲੇ ਸਰਦਾਰ ਨੇ ਬੰਦ ਅੱਖਾਂ ਚੁਪੱਟ ਖੋਲ ਲਈਆਂ ਤੇ ਬੋਲਿਆ:

"ਜਾਪਦਾ ਏ ਤੇਰੀ ਅਕਲ ਰਿਕਸ਼ਾ ਚਲਾਂਦਿਆਂ ਚਲਾਂਦਿਆਂ ਘਸ ਗਈ ਏ, ਸਵਾਲ ਪੈਸਿਆਂ ਦਾ ਨਹੀਂ, ਸਵਾਲ ਏ ਹਿੰਦੂ ਤੇ ਸਿੱਖ ਦਾ। ਤੇ ਅਸੀਂ ਹਿੰਦੂ ਦੇ ਰਿਕਸ਼ੇ 'ਚ ਬਿਲਕੁਲ ਨਹੀਂ ਬੈਠਣਾ....ਚਲਣਾ ਈ ਤਾਂ ਚਲ, ਨਹੀਂ ਮਲਕੀਏ ਤੈਨੂੰ ਯਾਰ ਬਥੇਰੇ।"

"ਚਲ ਯਾਰ ਨਾਨਕਾ ਛੱਡ ਪਰ੍ਹੇ...ਆਓ ਲਾਲਾ ਜੀ ਬੈਠੋ !" ਰਾਮ ਚੰਦ ਨੇ ਗੱਲ ਮੁਕਾਂਦਿਆਂ ਆਖਿਆ।

ਹਿੰਦੂ 'ਹਿੰਦੂ' ਅਤੇ ਸਿੱਖ 'ਸਿੱਖ' ਰਿਕਸ਼ੇ 'ਚ ਬਹਿ ਗਏ ਅਤੇ ਰਿਕਸੇ ਤੁਰ ਪਏ ਨਾਨਕ ਨੇ ਰਾਮ ਨੂੰ ਅੱਖ ਮਾਰੀ ਅਤੇ ਆਪਣਾ ਰਿਕਸ਼ਾ ਅੱਗੇ ਲਾ ਲਿਆ।

ਉਪਰ ਬਿਜਲੀ ਦੀਆਂ ਤਾਰਾਂ ਧੁੱਪ ਦੇ ਨਿਖਾਰ ਨਾਲ ਹੋਰ ਵੀ ਚਮਕ ਰਹੀਆਂ ਸਨ। ਦੋ ਵੱਖਰੇ ਵੱਖਰੇ ਰੰਗਾਂ ਦੇ ਪੰਛੀ ਆਏ ਅਤੇ ਤਾਰਾਂ ਤੇ ਬਹਿ ਸਸਤਾਉਣ ਲਈ ਸ਼ਾਇਦ ਸੋਚਣ ਲੱਗੇ। ਪਰ ਤਾਰਾਂ ਇੰਨੀ ਜ਼ੋਰ ਦੀ ਹਿਲੀਆਂ ਕਿ ਉਹ ਬਿਨਾਂ ਬੈਠਿਆਂ ਹੀ ਉੱਡ ਗਏ।

ਇਕ ਟਰੱਕ ਆਪਣੇ ਪਿਛੇ ਧੂੜ ਦਾ ਵਾਵਰੋਲਾ ਉਡਾਂਦਾ ਲੰਘ ਗਿਆ। ਸਰਦਾਰਾਂ ਨੇ ਮੂੰਹ ਤੇ ਰੁਮਾਲ ਰੱਖਦਿਆਂ ਆਖਿਆ,"ਜ਼ਰਾ ਤੇਜ਼ ਚਲ ਬਈ !...ਦਸਵੇਂ ਪਾਤਸ਼ਾਹ ਦਾ ਸਿੰਘ ਹੋ ਕੇ ਮਾਲ ਗੱਡੀ ਵਾਂਗ ਚਲਦਾ ਪਿਆ ਏਂ। ਅਸੀਂ ਤਾਂ ਧੂੜ ਨਾਲ ਬੁਕਲੋਂ ਬੇਸ਼ਕਲ ਹੋ ਜਾਵਾਂਗੇ।"

"ਸਰਦਾਰ ਜੀ ! ਸਰਦੀ ਤੇ 'ਵਾ ਨਾਲ ਮੇਰੀ ਲੱਤ 'ਚ ਗੰਹ ਦੀ ਪੀੜ ਹੋ ਰਹੀ ਏ... ਲੱਤ ਜ਼ੋਰ ਨਹੀਂ ਝੱਲਦੀ ..." ਇੰਜ ਆਖ ਨਾਨਕ ਨੇ ਰਾਮ ਚੰਦ ਵਲ ਮੁੜਕੇ ਤੱਕਿਆ। ਉਹ ਆ ਰਿਹਾ ਸੀ ਪਿਛੇ ਪਿਛੇ, ਸਾਹੋ-ਸਾਹ ਮੁੜਕੋ-ਮੁੜਕੀ !...ਉਂਜ ਨਾਨਕ ਨੂੰ ਪੀੜ ਧੂੜ ਕੋਈ ਨਹੀਂ ਸੀ। ਉਹ ਸਿਰਫ ਰਾਮ ਚੰਦ ਕਰਕੇ ਹੌਲੀ ਤੁਰ ਰਿਹਾ ਸੀ ਤਾਂ ਉਹ ਬਹੁਤਾ ਪਿਛੇ ਨਾ ਰਹਿ ਜਾਵੇ ਤੇ ਲਾਲੇ ਉਹਨੂੰ ਵਖਤ ਨਾ ਪਾ ਦੇਣ !

ਰਿਕਸ਼ੇ ਜੀ. ਟੀ. ਰੋਡ ਤੋਂ ਕਮੇਟੀ ਬਾਗ ਵਲ ਮੁੜ ਪਏ। ਪੁਲਿਸ ਦੇ ਸਭ ਤੋਂ ਵੱਡੇ ਹਾਕਮ ਦੀ ਕੋਠੀ ਅੱਗੇ ਇਕ ਦੀ ਥਾਂ ਕਈ ਪਹਿਰੇਦਾਰ ਖਲੋਤੇ ਸਨ। ਰਿਕਸ਼ੇ ਵਿਚ ਸਵਾਰ ਸਰਦਾਰਾਂ ਨੇ ਝਾਤੀ ਮਾਰੀ ਤੇ ਇਕ ਜਾਣਾ ਬੋਲਿਆ — "ਬਸ ਜ਼ਰਾ ਕੁ ਜਿੰਨੀ ਕਸਰ ਰਹਿ ਗਈ.... ਮੋਟਰ ਸਾਈਕਲ ਸਵਾਰ ਸਿੰਘਾਂ ਨੇ ਪਿਛਲੇ ਹਫਤੇ ਫਸਤਾ ਵੱਢ ਦੇਣਾ ਸੀ ....।"

"ਬੱਕਰੇ ਦੀ ਮਾਂ ਕਦੋਂ ਤੀਕ ਖੈਰ ਮਨਾਏਗੀ !"...ਦੂਜੇ ਨੇ ਆਸ ਦੀ ਜੋਤ ਜਗਾਈ ਰੱਖੀ।

ਰਾਮ ਚੰਦ ਦੇ ਰਿਕਸ਼ੇ ਵਿਚ ਸਵਾਰ ਲਾਲਿਆਂ ਨੇ ਵੀ ਕੋਠੀ ਵਲ ਵੇਖਿਆ ਇਕ ਬੋਲਿਆ,"ਇਨ੍ਹਾਂ ਮੋਟਰ ਸਾਈਕਲ ਸਵਾਰਾਂ ਨੇ ਤਾਂ ਜੀਣਾ ਹੀ ਦੁੱਭਰ ਕੀਤਾ ਹੋਇਆ ਹੈ। ਜੇ ਪੁਲਿਸ ਅਧਿਕਾਰੀਆਂ ਨਾਲ ਇੰਜ ਹੋ ਸਕਦੀ ਹੈ ਤਾਂ ਆਮ ਆਦਮੀ ਕਿਹੜੇ ਬਾਗ ਦੀ ਮੂਲੀ ਹੈ।"

"ਭਾਈ ਸਾਹਿਬ ! ਅੰਦਰੋਂ ਸਾਰੇ ਮਿਲੇ ਹੋਏ ਨੇ, ਖਾਸ ਤੌਰ ਤੇ ਸਿੱਖ ਆਫਸਰ....ਕੋਈ ਸਰਕਾਰ ਹੀ ਨਹੀਂ ਪੰਜਾਬ ਵਿਚ... ਸਿੱਖਾਂ ਸ਼ਾਹੀ ਹੋ ਸਿੱਖਾ ਸ਼ਾਹੀ!"....ਦੂਜਾ ਲਾਲਾ ਬੋਲਿਆ।

"ਕਿਉਂ ਬਈ, ਰਿਕਸ਼ਾ ਮਾਸਟਰ, ਤੇਰਾ ਕੀ ਖਿਆਲ ਏ?" ਪਹਿਲੇ ਲਾਲੇ ਨੇ ਰਾਮ ਚੰਦ ਨੂੰ ਪੁਛਿਆ।

ਰਾਮ ਚੰਦ, ਜਿਹੜਾ ਟੁੱਟਦੇ ਜਾ ਰਹੇ ਸਰੀਰ ਵਿਚ ਹੀ ਮਗਨ ਸੀ ਤੇ ਜਿਸਦੀ ਵੱਡੀ ਸੋਚ ਇਹੀ ਸੀ ਕਿ ਕਿਸੇ ਤਰਾਂ ਇਸ ਭਾਰ ਨੂੰ ਸਟੇਸ਼ਨ 'ਤੇ ਜਾ ਸੁੱਟੇ, ਜ਼ਰਾ ਚੌਂਕਿਆ ਤੇ ਬੋਲਿਆ — "ਮੇਰਾ ਜੀ:...ਮੈਨੂੰ ਰਾਤੀਂ ਕਾਂਬੇ ਨਾਲ ਬੁਖਾਰ ਚੜ੍ਹ ਗਿਆ ਸੀ ...."

ਉਹ ਖਿਆਲ ਨੂੰ 'ਹਾਲ' ਸਮਝ ਗਿਆ ਸੀ।

ਰਿਕਸ਼ਾ ਸਵਾਰੀਆਂ ਮੁਸਕਾ ਪਈਆਂ।

"ਨਹੀਂ, ਸਾਡਾ ਮਤਲਬ ਏ ਇਹ ਜੋ ਆਏ ਦਿਨ ਹਿੰਸਕ ਵਾਰਦਾਤਾਂ ਹੁੰਦੀਆਂ ਹਨ, ਤੈਨੂੰ ਹਿੰਦੂ ਹੋਣ ਕਰਕੇ ਕੋਈ ਡਰ ਤਾਂ ਨਹੀਂ ਰਾਤ-ਬਰਾਤੇ ?:

ਰਾਮ ਚੰਦ ਨੇ ਢਿਲਕ ਆਈ ਖੇਸੀ ਮੋਢਿਆਂ ਤੇ ਸੁੱਟੀ ਤੇ ਬੋਲਿਆ— "ਸਾਥੋਂ ਲਾਲਾ ਜੀ, ਕਿਸੇ ਨੇ ਕੀ ਲੈਣਾ ਹੈ...ਵੱਡੇ ਲੋਕਾਂ ਦੇ ਆਪਸੀ ਝਗੜੇ ਨੇ...ਗੱਦੀਆਂ ਦੀ ਲੜਾਈ !...ਆਏ ਦਿਨ ਕੋਈ ਨਾ ਕੋਈ ਅਲਸੇਟ ਖੜੀ ਰੱਖਦੇ ਨੇ।"

"ਪਰ ਉਹ ਸਰਦਾਰ ਤਾਂ ਵੇਖ ਲੈ ਕਿਵੇਂ ਜ਼ਬਾਨ ਚਲਾ ਰਹੇ ਸਨ। ਤੇਰੇ ਮੂਹ ਤੇ ਈ ਤੇਰੀ ਬੇਇਜ਼ਤੀ ਕਰ ਰਹੇ ਸਨ।"...ਇਕ ਲਾਲੇ ਨੇ ਰਾਮ ਚੰਦ ਦੇ ਆਰ ਮਾਰੀ।

ਰਾਮ ਚੰਦ ਹੱਸ ਪਿਆ — "ਬੇਇਜ਼ਤੀ ਕਾਹਦੀ ?...ਸਾਨੂੰ ਤਾਂ ਦਿਹਾੜੀ 'ਚ ਸੈਂਕੜੇ ਵਾਰ ਪੁਲਸ ਵਾਲੇ ਮਾਵਾਂ-ਭੈਣਾਂ ਦੀਆਂ ਗਾਹਲਾਂ ਕੱਢਦੇ ਨੇ ਤੇ ਸੱਚੀ ਗੱਲ ਹੈ ਜਦੋਂ ਕੋਈ ਪੁਲਿਸ ਵਾਲਾ ਕਤਲ ਹੁੰਦਾ ਹੈ ਤਾਂ ਸਾਨੂੰ ਕੋਈ ਦੁਖ ਨਹੀਂ ਹੁੰਦਾ। ਹਾਂ, ਨਿਹੱਕਿਆਂ ਨੂੰ ਬੱਸਾਂ 'ਚੋਂ ਕੱਢ ਕੇ ਮਾਰਨਾ ਗੁੰਡਾ ਗਰਦੀ ਏ...ਏਹ ਠੀਕ ਨਹੀਂ...ਪਰ ਉਨ੍ਹਾਂ ਨੂੰ ਫੜਦੇ ਕਿਉਂ ਨੀ ? ਸਰਕਾਰ ਮੂਹਰੇ ਮੁੱਠੀ ਭਰ ਬੰਦੇ ਕੀਹਦੇ ਪਾਣੀਹਾਰ ਨੇ। ਜ਼ਰੂਰ ਪੁਲਿਸ ਸਰਕਾਰ ਨਾਲ ਮਿਲੀ ਹੋਵੇਗੀ....ਕੋਈ ਪਾਪ ਇਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਨਹੀਂ ਹੁੰਦਾ।"

ਲਾਲਿਆਂ ਨੂੰ ਰਾਮ ਚੰਦ ਦੀ ਗੱਲ ਵਿਹੁ ਵਰਗੀ ਲੱਗੀ। ਇਕ ਕਹਿਣ ਲੱਗਿਆ —"ਲਓ ਹੋਰ ਸੁਣ ਲਵੋ ! ਹਿੰਦੂਆਂ ਨੂੰ ਇਹ ਤਾਂ ਮਾਰ ਏ। ਹਿੰਦੂ ਕਦੇ ਦੂਜੇ ਹਿੰਦੂ ਦੀ ਹਾਂ 'ਚ ਹਾਂ ਨਹੀਂ ਮਿਲਾਵੇਗਾ। ਇਨ੍ਹਾਂ ਨੂੰ ਇਸੇ ਕਮਜ਼ੋਰੀ ਨੇ ਲੈ ਡੁਬਣਾ ਈ। ਸਿੱਖ ਵੇਖ ਲੈ ਕਿਵੇਂ ਇਕੱਠੇ ਹੋ ਜਾਂਦੇ ਨੇ...ਜੱਟ ਜੱਟਾਂ ਦੇ ਭੋਲੂ ਨਰਾਇਣ ਦਾ...""

ਥੱਕਿਆ ਹੋਣ ਦੇ ਬਾਵਜੂਦ ਰਾਮ ਚੰਦ ਦੇ ਖੂਨ ਵਿਚ ਕੁਝ ਹਰਾਰਤ ਹੋਣ ਲੱਗੀ। ਬੋਲਿਆ— "ਲਾਲਾ ਜੀ ਉਂਜ ਤਾਂ ਛੋਟਾ ਮੂੰਹ ਤੇ ਬੜੀ ਬਾਤ ਵਾਲੀ ਗਲ ਏ। ਪਰ ਵੇਖ ਲਵੋ ਦੋਵੇਂ ਸੰਤ ਜੱਟ ਨੇ, ਪਰ ਫਿਰ ਵੀ ਇਕ ਦੂਜੇ ਦੁਆਲੇ ਕਿਰਪਾਨਾਂ ਕੱਢੀ ਫਿਰਦੇ ਨੇ। ਤੁਸੀਂ ਕਦੀ ਕਿਸੇ ਲਾਲੇ ਨੇ ਜੱਟ ਨੂੰ ਕਤਲ ਕੀਤਾ ਸੁਣਿਆ ਏ ...ਜੱਟ ਈ ਜੱਟ ਨੂੰ ਮਾਰਦਾ ਹੈ।"

ਵੱਡਾ ਲਾਲਾ ਕੁਝ ਆਖਣ ਈ ਲਗਿਆ ਸੀ, ਪਰ ਛੋਟੇ ਨੇ ਇੰਜ ਆਖ ਵਰਜ ਦਿਤਾ: "ਭਾਈ ਸਾਹਿਬ, ਕੀ ਰਿਕਸ਼ੇ ਵਾਲੇ ਨਾਲ ਮਗਜ਼ ਖਪਾਈ ਕਰਨ ਡਏ ਹੋ...."ਕੀੜੀ ਕੀ ਜਾਣੇ ਸਤਿਗੁਰ ਦੀਆਂ ਬਾਤਾਂ।"

ਸਾਹਮਣੇ ਵੱਡਾ ਸਕੂਲ ਆਉਂਦਾ ਵੇਖ ਕੇ ਨਾਨਕ ਸਿੰਘ ਨੇ ਰਿਕਸ਼ਾ ਤੇਜ਼ ਕਰ ਲਿਆ। ਉਹਦਾ ਚਿਹਰਾ ਇਕ ਦਮ ਉਤਰ ਗਿਆ ਸੀ — ਜਿਵੇਂ ਉਸਨੇ ਕਿਸੇ ਦਾ ਕਰਜ਼ਾ ਦੇਣਾ ਹੋਵੇ ਤੇ ਹੁਣ ਕੰਨੀਂ ਕਤਰਾ ਕੇ ਲੰਘ ਜਾਣਾ ਚਾਹੁੰਦਾ ਹੋਵੇ ਰਿਕਸ਼ੇ ਨੂੰ ਉਡਦਿਆਂ ਵੇਖ ਸਰਦਾਰ ਖੁਸ਼ ਹੋ ਗਏ— ਇੰਜ ਨਸਾ ਖਾਂ !

"ਸਰਦਾਰ ਜੀ, ਮੇਰਾ ਮੁੰਡਾ ਪੜ੍ਹਦਾ ਏ ਇਸ ਸਕੂਲ 'ਚ ...ਤਦੇ ਹੀ ਮੈਂ ਕਿਰਸ਼ਾ ਤੇਜ਼ ਕਰ ਲਿਆ।"

"ਮਤਲਬ ਇਹ ਕਿ ਮੈਨੂੰ ਮੁੰਡੇ ਵੇਖ ਕੇ ਮੁੰਡੇ ਉਸਨੂੰ ਰਿਕਸ਼ੇ ਵਾਲੇ ਦਾ ਮੁੰਡਾ ਆਖ ਚਿੜਾਂਦੇ ਨੇ।"

"ਜ਼ਰੂਰ ਹਿੰਦੂਆਂ ਦੇ ਮੁੰਡੇ ਹੋਣਗੇ...ਉਹਨੂੰ ਆਖੀਂ ਫੜਲੇ ਛਿੱਲ ਲਾਹ ਦੇਵੇ ਉਨ੍ਹਾਂ ਦੀ।"

"ਸਰਦਾਰ ਜੀ, ਮੁੰਡਾ ਪੜ੍ਹਣ ਨੂੰ ਚੰਗਾ ਏ। ਲੜਾਈ ਝਗੜਾ ਪਸੰਦ ਨਹੀਂ ਕਰਦਾ। ਉਂਜ ਇਹ ਸਿੱਖਾਂ ਦਾ ਸਕੂਲ ਏ ਤੇ ਚਿੜ੍ਹਾਣ ਵਾਲੇ ਵੀ ਸਰਦਾਰਾਂ ਦੇ ਹੀ ਕਾਕੇ ਨੇ"।

ਸਰਦਾਰ ਚੁੱਪ ਹੋ ਗਏ। ਫਿਰ ਕਹਿਣ ਲੱਗੇ, "ਏਹੀ ਤਾਂ ਸਿੱਖ ਕੌਮ ਨੂੰ ਰੱਬ ਦੀ ਮਾਰ ਏ। ਜੇ ਆਪਸ ਵਿਚ ਨਾ ਲੜਦੇ ਤਾਂ ਹੁਣ ਤੀਕ ਹਿੰਦੂ ਸਾਮਰਾਜ ਦੇ ਗੁਲਾਮ ਬਣਕੇ ਕਿਉਂ ਰਹਿੰਦੇ ?"

ਰਾਮ ਕਾਫੀ ਪਿਛੇ ਰਹਿ ਗਿਆ ਸੀ। ਨਾਨਕ ਨੇ ਇਕ ਦਮ ਰਿਕਸ਼ਾ ਰੋਕ ਲਈ। "ਸਰਦਾਰ ਜੀ ਪੈਡਲ ਜ਼ਰਾ ਜਾਮ ਹੋ ਗਿਆ ਜਾਪਦੈ..."

ਰੋਜ਼ ਗਾਰਡਨ ਉਤੇ ਧੁੱਪ ਇੰਜ ਖਿੜੀ ਪਈ ਸੀ ਜਿਵੇਂ ਕਿਸੇ ਮੁਟਿਆਰ ਦੀਆ ਲਾਲ ਬੁਲੀਆਂ 'ਤੇ ਮੋਤੀ ਦੰਦ ਖਿੜ ਪਏ ਹੋਣ। ਤਰਾਸ਼ੀ-ਕੱਟੀ ਹਰੀ ਘਾਹ ਸੀ ਤੇ ਲਾਲ ਲਾਲ ਫੁਲਾਂ ਦੀਆਂ ਕਿਆਰੀਆਂ। ਪਰਲੀ ਬੈਂਚ ਕੋਲੋਂ ਕੁਝ ਗਰਮਾ-ਗਰਮ ਗੱਲਾਂ—ਗਾਲਾਂ ਸੁਣਾਈ ਦੇ ਰਹੀਆਂ ਸਨ। ਇਕ ਮੁੰਡਾ ਸੀ ਹਿੰਦੂ, ਇਕ ਕੁੜੀ ਸੀ ਹਿੰਦੂ, ਇਕ ਮਾਲੀ ਸੀ ਹਿੰਦੂ !...ਮੁੰਡੇ ਨੇ ਫੁਲ ਤੋੜ੍ਹ ਕੇ ਬੈਂਚ ਤੇ ਬੈਠੀ ਕੁੜੀ ਦੀ ਖੁਲੀ ਕਿਤਾਬ 'ਤੇ ਸੁਟ ਕੇ ਕਿਸੇ ਫਿਲਮ ਦਾ ਡਾਇਲਾਗ ਮਾਰਿਆ। ਕੁੜੀ ਗਾਲ੍ਹਾਂ ਕੱਢਦੀ ਤੁਰ ਪਈ ਅਤੇ ਮਾਲੀ ਨੇ ਮੁੰਡੇ ਨੂੰ ਕਾਨੂੰਨੀ ਨੁਕਤੇ ਨਾਲ ਆ ਫੜਿਆ —

—ਏਥੇ ਫੁਲ ਤੋੜਣਾ ਮਨ੍ਹੇ ਹੈ।
—ਕਿਉਂ, ਇਹ ਬਾਗ ਤੇਰੇ ਪਿਓ ਦਾ ਏ ?
ਨਹੀਂ. ਪਰ ਤੇਰ ਪਿਓ ਦਾ ਵੀ ਨਹੀਂ।
—ਮੇਰੇ ਪਿਓ ਦਾ ਹੈ...ਮੇਰੇ ਡੈਡੀ ਮਿਉਨੀਸਿਪਲ ਕਮਿਸ਼ਨਰ ਹਨ।
—ਮਾਫ ਕਰਨਾ, ਬਾਊ ਜੀ ਗਲਤੀ ਹੋ ਗਈ।

ਆਪਣੇ ਆਪ ਨੂੰ ਮਾਫ ਕੀਤਾ ਹੋਇਆ ਸਮਝ ਮਾਲੀ ਬੀੜੀ ਸਲਘਾਉਂਦਾ ਚਲਦਾ ਹੋਇਆ।

(ਬਾਕੀ ਪੰਨਾ 14 ਤੇ)

(ਪੰਨਾ 13 ਦੀ ਬਾਕੀ)

ਸਮਝਦਾਰ ਸੀ ਮਾਲੀ, ਜਿਸਨੂੰ ਲੋਕਰਾਜ ਦੇ ਚਲਣ ਦੀ ਭਰਪੂਰ ਵਾਕਫੀ ਸੀ ਤੇ ਇਥੇ ਜਿਹੜਾ ਜਿਥੋਂ ਚੁਣਿਆ ਜਾਂਦਾ ਹੈ, ਉਹ ਉਥੋਂ ਦਾ ਦਾਦਾ ਬਣ ਜਾਂਦਾ ਹੈ...ਤੇ ਮਾਲੀ ਚਲਦਾ ਬਣਿਆ। ਆਪਣੇ ਜਖ਼ਮੀ ਹੋਏ ਸਵੈ ਨੂੰ ਮਲ੍ਹਮਾ ਲਾਣ ਲਈ ਜੇ ਬੀੜੀ ਦੇ ਕੌੜੇ ਧੂਏਂ ਨੇ ਛਿਣਾ ਨਾ ਬਖਸ਼ੀ ਤਾਂ ਉਹ ਕਿਸੇ ਅਜਿਹੇ ਮੁੰਡੇ ਕੁੜੀ ਨੂੰ ਫੁਲ ਤੋੜਨ ਤੋਂ ਰੋਕੇਗਾ ਜਿਨ੍ਹਾਂ ਦੇ ਪਿਓ ਉਹਦੇ ਮੇਰ ਦੇ ਹੋਣ। ...ਪਰ ਸਾਡੇ ਵਰਗਿਆਂ ਦੇ ਮੁੰਡੇ ਤਾਂ ਮਨ੍ਹਾ ਕੀਤੇ ਫੁੱਲ ਹੀ ਨਹੀਂ ਤੋੜਦੇ ਕਿਸੇ ਦੇ ਮਾਰ ਤਾਂ ਕੀ ਸਕਣਗੇ....ਉਹਨੇ ਸੋਚਿਆ....ਪਰ ਚਲੋ ਨਾ ਸਹੀ, ਘਰ ਵਾਲੀ ਤਾਂ ਸਾਲੀ ਕਿਤੇ ਨਹੀਂ ਗਈ।

ਰਾਮ ਚੰਦ ਨੇੜੇ ਆ ਗਿਆ ਸੀ। ਨਾਨਕ ਨੇ ਰਿਕਸ਼ਾ ਰੋੜ੍ਹ ਦਿਤੀ।

ਖੱਬੇ ਪਾਸੇ ਕਮੇਟੀ ਬਾਗ ਅਤੇ ਸੱਜੇ ਪਾਸੇ ਵੱਡੀਆਂ ਵੱਡੀਆਂ ਕੋਠੀਆਂ ਹੋਣ ਕਰਕੇ ਧੂੜ ਤੇ ਧੂਆਂ ਬਹੁਤ ਘੱਟ ਸੀ। ਸੂਰਜ ਦੀਆਂ ਕਿਰਨਾਂ ਪੈਣ ਕਰਕੇ ਸਾਫ ਸੁਥਰੀ ਸੜਕ ਕਿਰਚ ਵਾਂਗ ਚਮਕ ਰਹੀ ਸੀ... ਪਰ ਹੁਣ ਚੜ੍ਹਾਈ ਹੋਣ ਕਰਕੇ ਰਾਮ ਚੰਦ ਦੀ ਬਸ ਹੁੰਦੀ ਜਾ ਰਹੀ ਸੀ। ਇਕ ਲਾਲੇ ਨੇ ਟੋਪੀ ਠੀਕ ਕਰਦਿਆਂ ਉਂਗਲੀ ਦਾ ਇਸ਼ਾਰਾ ਕਰਕੇ ਨਾਲ ਵਾਲੇ ਲਾਲੇ ਨੂੰ ਆਖਿਆ — ਉਸ ਦੁਕਾਨ ਦੇ ਗੋਲਗੱਪੇ ਬਹੁਤ ਮਸ਼ਹੂਰ ਨੇ।" ....ਨਾਲ ਹੀ ਬੁਲ੍ਹਾਂ ਤੇ ਜੀਭ ਫੇਰਨ ਲੱਗ ਪਿਆ।

—ਤਾਹੀਓਂ ਤਾਂ ਔਰਤਾਂ ਆਪਣੀ ਕਮਾਈ ਏਥੇ ਰੋੜ੍ਹ ਜਾਂਦੀਆਂ ਨੇ।" ...ਨਾਲ ਵਾਲੇ ਨੇ ਤਬਸਰਾ ਕੀਤਾ।

ਪਹਿਲਾ ਲਾਲਾ ਹੱਸ ਪਿਆ। ਗੱਲ ਵਜ਼ਨਦਾਰ ਸੀ, ਬੋਲਿਆ— 'ਏਹ ਵੀ ਠੀਕ ਏ।' ...ਨਾਲ ਹੀ ਰਾਮ ਚੰਦ ਨੂੰ ਕਹਿਣ ਲੱਗਿਆ—"ਤੈਨੂੰ ਅਸੀਂ ਪੌਣੇ ਦੋ ਰੁਪਏ ਦੇਵਾਂਗੇ...ਠੀਕ ਏ ਨਾਂ ?"

"ਪਰ ਲਾਲਾ ਜੀ ਰੇਟ ਤਾਂ ਦੋ ਰੁਪਏ ਹੈ।" ...ਰਾਮ ਚੰਦ ਨੂੰ ਸਾਹ ਹੋਰ ਚੜ੍ਹ ਗਿਆ ਸੀ।

"ਪਰ ਔਹ ਤੇਰਾ ਸਾਥੀ ਤਾਂ ਪੌਣੇ ਦੋ 'ਤੇ ਰਾਜ਼ੀ ਹੋ ਗਿਆ ਸੀ। ਨਾਲੇ ਕਿੰਨਾ ਤੇਜ਼ ਜਾ ਰਿਹਾ ਹੈ। ਤੂੰ ਤਾਂ ਐਵੇਂ ਮਚਕ ਮਚਕ ਚਲਦਾ ਏਂ...ਜੇ ਗੱਡੀ ਨਾ ਮਿਲੀ ਤਾਂ ਸਾਡਾ ਤਾਂ ਸੈਂਕੜਿਆਂ ਦਾ ਨੁਕਸਾਨ ਹੋ ਜਾਵੇਗਾ ...ਲਾਲਾ ਜੀ ਬੜੇ ਹਿਸਾਬ ਕਿਤਾਬ ਨਾਲ ਬੋਲੇ।

ਰਾਮ ਚੰਦ ਨੇ ਪਿਛਾਂਹ ਮੁੜ ਆਪਣੀਆਂ ਸਵਾਰੀਆਂ ਵਲ ਤੱਕਿਆ ਤੇ ਪੈਡਲ ਜ਼ਰਾ ਤੇਜ਼ ਮਾਰਦਿਆਂ ਤੇ ਮੁਸਕੜੀਆਂ ਹੱਸਦਿਆਂ ਕਹਿਣ ਲੱਗਾ — "ਲਾਲਾ ਜੀ ਦੋ ਰੁਪਏ ਤਾਂ ਬਹੁਤੇ ਨਹੀਂ ...ਤੁਹਾਡਾ ਹਿੰਦੂ ਭਰਾ ਹਾਂ।"

"ਉਹ ਤਾਂ ਬਈ ਠੀਕ ਹੈ...ਪਰ ਵਿਹਾਰ ਵਿਚ ਕੋਈ ਕੋਈ ਭੈਣ ਭਰਾ ਨਹੀਂ ਹੁੰਦਾ ....ਲੇਖਾ ਮਾਵਾਂ ਧੀਆਂ ਦਾ।"

ਰਾਮ ਚੰਦ ਹਾਲੀਂ ਸੋਚ ਰਿਹਾ ਸੀ ਕਿ ਗੱਡੀ ਖੁੰਝਣ ਨਾਲ ਹੀ ਸੈਂਕੜਿਆਂ ਹਜ਼ਾਰਾਂ ਦੇ ਨੁਕਸਾਨ ਖਾ ਜਾਣ ਵਾਲੇ ਸਿਰਫ ਪੰਜੀ ਪੈਸਿਆਂ ਪਿਛੇ ਕਿਡੇ ਹਿਸਾਬਦਾਨ ਬਣ ਜਾਂਦੇ ਹਨ... ਕਿ ਚੌਂਕ 'ਚ ਖਲੋਤੇ ਸਿਪਾਹੀਆਂ ਵਲ ਤਕ ਇਕ ਲਾਲਾ ਬੋਲਿਆ — ਬਹੁਤੇ ਸਿਪਾਹੀ ਤਾਂ ਸਿੱਖ ਹੀ ਨੇ...ਹਿੰਦੂ ਤਾਂ ਐਵੇਂ ਟਾਵੇਂ ਟਾਵੇਂ ਨੇ.... ਆਟੇ 'ਚ ਲੂਣ।"

"ਤਾਹੀਓਂ ਤਾਂ ਮੋਟਰ ਸਾਈਕਲਾਂ ਵਾਲੇ ਫੜੇ ਨਹੀਂ ਜਾਂਦੇ।" ਦੂਜਾ ਲਾਲਾ ਬੋਲਿਆ।

ਜਿਸਦੀ ਪਹਿਲੇ ਨੇ ਸਿਰ ਹਿਲਾ ਹਾਮੀ ਭਰੀ। ਨਾਲ ਹੀ ਰਾਮ ਚੰਦ ਵਲ ਹੋਇਆ:

"ਕਿਉਂ ਬਈ, ਤੇਰੇ ਨਾਲ ਸਿੱਖ ਸਿਪਾਹੀ ਕੇਹੋ ਜਿਹਾ ਸਲੂਕ ਕਰਦੇ ਨੇ?"

"ਜੀ ਮਾੜਾ।"

"ਤੇ ਹਿੰਦੂ ਸਿਪਾਹੀ ?"

"ਉਹਨਾਂ ਤੋਂ ਵੀ ਮਾੜਾ।"

ਲਾਲੇ ਨੇ ਟੋਪੀ ਨੂੰ ਹੱਥ ਪਾ ਲਿਆ। ਪਤਾ ਨਹੀਂ ਕਿਉਂ ?....ਨਾ ਹੀ ਕੋਈ ਹਵਾ ਦਾ ਬੁੱਲਾ ਚਲਿਆ ਸੀ, ਨਾ ਹੀ ਕੋਈ ਹਿਰਕੋਰਾ ਵਜਿਆ ਸੀ। ਹਾਂ, ਲਾਲੇ ਦੇ ਪਾਸਾ ਪਰਤਣ ਨਾਲ ਰਾਮ ਚੰਦ ਦੇ ਹੈਂਡਲ ਤੇ ਟਿੱਕੇ ਹੱਥ ਡੋਲ ਗਏ। ਦੂਜਾ ਲਾਲਾ ਕਾਫੀ ਗੰਭੀਰਤਾ ਨਾਲ ਪੁਛਣ ਲੱਗਿਆ।

"ਉਹ ਕਿਵੇਂ ?"

"ਉਹ ਜੀ ਨਾਲ ਬੀੜੀਆਂ ਵੀ ਖੋਹ ਕੇ ਲੈ ਜਾਂਦੇ ਨੇ।"

ਸਟੇਸ਼ਨ ਆ ਗਿਆ ਸੀ। ਨਾਨਕ ਸਿੰਘ ਨੇ ਰਿਕਸ਼ਾ ਖੜਾ ਕਰ ਦਿਤਾ ਸੀ। ਸਰਦਾਰਾਂ ਨੇ ਦੋ ਦਾ ਨੋਟ ਫੜਾਇਆ। ਜਿਸਨੂੰ ਨਾਨਕ ਨੇ ਜੇਬ ਵਿਚ ਪਾ ਲਿਆ ਤੇ ਰਾਮ ਚੰਦ ਦੀ ਉਡੀਕ ਕਰਨ ਲੱਗਾ, ਉਹਨੇ ਆਪਣੇ ਵਲੋਂ ਤਾਂ ਸਰਦਾਰਾਂ ਦਾ ਨਿਬੇੜਾ ਕਰ ਦਿਤਾ ਸੀ। ਪਰ ਜਦੋਂ ਸਰਦਾਰ ਨੇ ਸੱਜੀ ਹਥੇਲੀ ਦੀਆਂ ਚਾਰੇ ਉਂਗਲੀਆਂ ਹਿਲਾ ਆਖਿਆ— ਪੰਜੀ ਪੈਸੇ !" ...ਤਾਂ ਉਸਨੇ ਜੇਬ ਵਿਚੋਂ ਪੰਜੀ ਪੈਸਿਆਂ ਦਾ ਸਿੱਕਾ ਕੱਢ ਸਰਦਾਰ ਦੀ ਉਸੇ ਹਥੇਲੀ ਤੇ ਟਿਕਾਂਦਿਆਂ ਆਖਿਆ— ਬਹੁਤ ਹੀ ਨਿੱਕਾ ਕੱਤ ਗਏ ਓ ਪਾਤਸ਼ਾਹੋ !"

ਸਰਦਾਰ ਚਾਰ ਕੁ ਕਦਮ ਤੁਰ ਮੁੜ ਪਰਤੇ ਅਤੇ ਪੰਜੀ ਪੈਸੇ ਨਾਨਕ ਨੂੰ ਮੋੜਦਿਆਂ ਬੋਲੇ — ਲੈ ਰੱਖ ਲੈ — ਕੀ ਯਾਦ ਕਰੇਂਗਾ !...ਫੇਰ ਵੀ ਸਿੱਖ ਭਰਾ ਏਂ !"

ਨਾਨਕ ਸਿੰਘ ਦਾ ਦਿਲ ਤਾਂ ਕੀਤਾ ਕਿ ਪੰਜੀ ਪੈਸਿਆਂ ਦਾ ਸਿੱਕਾ ਉਹਨਾਂ ਦੇ ਮੱਥੇ 'ਚ ਮਾਰੇ ਅਤੇ ਉਨ੍ਹਾਂ ਦੇ ਮੱਥੇ 'ਚੋਂ ਸਿਮੇ ਤੁਪਕਾ ਕੁ ਲਹੂ ਵਲ ਇਸ਼ਾਰਾ ਕਰਕੇ ਆਖੇ।— ਵਡਿਓ ਦਰਿਆ ਦਿਲੋ ! ਇਸ ਸਿੱਕੇ ਦਾ ਏਨਾ ਕੁ ਦੁਧ ਵੀ ਨਹੀਂ ਆਉਂਦਾ।" ...ਪਰ ਇਹ ਹਿਰਖ ਉਹਦੀ ਕਲਪਨਾ 'ਚ ਹੀ ਤਪਕੇ ਜਲ-ਭੁਝ ਗਿਆ, ਜਿਵੇਂ ਇਨ੍ਹਾਂ ਲੋਕਾਂ ਦੇ ਹੋਰ ਹਿਰਖਾਂ ਨਾਲ ਬੀਤਦੀ ਹੈ...ਡੁੱਲ ਜਾਂਦਾ ਹੈ ਸਭ ਕੁਝ....ਨਾਲੇ ਉਹਦਾ ਨਾਂ ਵੀ ਤਾਂ ਨਾਨਕ ਸੀ ....ਨਾਲੇ ਸਰਦਾਰ ਜੀ ਕਾਫੀ ਦੂਰ ਚਲੇ ਗਏ ਸਨ।

ਹੁਣ ਰਾਮ ਚੰਦ ਵੀ ਮੁੱਠੀ ਵਿਚ ਪੌਣੇ ਦੋ ਫੜੀ ਆ ਗਿਆ ਸੀ। ਉਹਦੇ ਮੱਥੇ 'ਤੇ ਤਰੇਲੀਆਂ ਫੁੱਟ ਰਹੀਆਂ ਸਨ ਅਤੇ ਚਿਹਰਾ ਪੀਲਾ ਪੈ ਗਿਆ ਸੀ। ਨਾਨਕ ਸਿੰਘ ਨੇ ਆਪਣੇ ਰੁਮਾਲ ਨਾਲ ਉਹਦਾ ਮੱਥਾ ਅਤੇ ਗਰਦਨ ਪੂੰਝੀ ਅਤੇ ਇਨ੍ਹਾ ਕਮਲਾਇਆ ਚਿਹਰਾ ਵੇਖ ਬੋਲਿਆ —

"ਤੂੰ ਤਾਂ ਔਖਾ ਜਾਪਦਾ ਏਂ ਯਾਰ ?"

"ਸਰੀਰ 'ਚ ਜਿਵੇਂ ਸਤਿਆ ਹੀ ਨਹੀਂ ਰਹੀ, ਨਾਨਕਾ....ਲੋਥਾਂ ਬਹੁਤ ਭਾਰੀਆਂ ਸਨ।"

ਨਾਨਕ ਸਿੰਘ ਨੇ ਨਾ ਕੁਝ ਸੋਚਿਆ ਨਾ ਆਖਿਆ। ਬਸ ਜੇਬ 'ਚੋਂ ਦੋ ਦਾ ਨੋਟ ਕੱਢ ਉਹਦੇ ਹੱਥ ਤੇ ਰੱਖ ਦਿਤਾ — ਜਾ, ਘਰ ਚਲਾ ਜਾ ਰਾਮਿਆਂ ! ...ਧੁਪੇ ਲੰਮਾ ਪੈ ਜਾ ਕੇ, ਤੇਰਾ ਜ਼ਰਾ ਸਰੀਰ ਖੁਲ੍ਹੇ...ਫਿਰ ਦੂਜੇ ਹੱਥ 'ਚ ਫੜੇ ਪੰਜੀ ਪੈਸੇ ਵੀ ਉਹਦੀ ਹਥੇਲੀ ਤੇ ਰੱਖ ਦਿਤੇ — ਇਹ ਵੀ ਲੈ ..."

ਪਰ ਇਨੇ ਨੂੰ ਇਕ ਬੁੱਢੀ ਮੰਗਤੀ, ਬੁੱਢੀ ਸੋਟੀ ਉਤੇ ਝੁਕੀ ਹੋਈ, ਭੀੜ ਵਲ ਨੂੰ ਜਾਂਦੀ ਜਾਂਦੀ, ਪੈਸਿਆਂ ਦਾ ਨੰਗੇਜ਼ ਵੇਖ ਐਵੇਂ ਰੁਕ ਗਈ...ਤੇ ਨਾਨਕਾ ਸਿੰਘ ਨੇ ਉਹ ਪੰਜੀ ਪੈਸੇ ਰਾਮ ਚੰਦ ਦੀ ਹਥੇਲੀ ਤੋਂ ਚੁਕ ਮੰਗਤੀ ਵਲ ਵਧਾਏ —ਲੈ ਮਾਈ !

ਰਾਮ ਚੰਦ ਹੁਣ ਕੁਝ ਠਰ੍ਹੰਮੇ ਵਿਚ ਸੀ। ਨਾਨਕ ਚੰਦ ਦੇ ਕੰਨ ਕੋਲ ਬੋਲਿਆ, "ਪੁਛ ਤਾਂ ਲੈ ਮਾਈ ਕੌਣ ਏ।"

ਨਾਨਕ ਸਿੰਘ ਨੇ ਉਹਦੇ ਮੋਢੇ ਤੇ ਧੱਫਾ ਮਾਰਿਆ। ਫਿਰ ਦੋਹਵੇਂ ਕਹਿ ਕਹੇ ਮਾਰ ਹਸ ਪਏ।

ਠਹਾਕੇ ਸੁਣ ਤੁਰੀ ਜਾਂਦੀ ਮਾਈ ਨੇ ਪਿਛਾਂਹ ਤਕਿਆ...ਫਿਰ ਬੋਲੀ: — ਜੁਆਨੀਆਂ ਮਾਣੋਂ ਪੁੱਤ ! ...ਖਜ਼ਾਨੇ ਭਰੇ ਰਹਿਣ !

*****

ਇਤਿਹਾਸ

*ਗੁਰਚਰਨ ਰਾਮਪੁਰੀ

ਜੋ ਅੱਜ ਹੋਇਐ ਸਮਝਣ ਖਾਤਰ
ਲੰਘੀ ਕੱਲ੍ਹ ਦੀ ਹਿੱਕ ਨੂੰ ਫੋਲੋ,
ਅੱਖਾਂ ਖੋਲ੍ਹੋ,
ਫਿਰ ਕੁਝ ਬੋਲੋ।

ਲੰਘੀ ਕੱਲ੍ਹ ਦੇ ਜੰਗਲੀ ਬਿਲੇ ਦੀਆਂ ਅੱਖਾਂ ਵਿਚ ਝਾਕੋ,
ਅੱਖਾਂ-ਮੀਟ ਕਬੂਤਰ ਦੀ ਆਦਤ ਨੂੰ ਛੱਡੋ,
ਉਹ ਬਿੱਲਾ ਹੁਣ ਵੀ ਕੋਈ ਬਹੁਤ ਦੂਰ ਨਹੀਂ ਹੈ ਤੁਹਾਥੋਂ।

ਕੱਲ੍ਹ ਦੀ ਕਰਨੀ ਦਾ ਫਲ ਅਹਿ ਅੱਜ ਭੁਗਤ ਰਹੇ ਹਾਂ
ਅੱਜ ਦੇ ਕੀਤੇ ਦਾ ਫਲ ਕੱਲ੍ਹ ਭੁਗਤਾਂਗੇ।

ਕਰਮ-ਕਾਂਡ ਦੀ ਗੱਲ ਨਹੀਂ ਮੈਂ ਕਰਦਾ, ਲਹੂ ਲੁਹਾਨ ਜੋ ਲੰਘੀ-ਕੱਲ੍ਹ ਹੈ
ਅਪਣੇ ਉਸ ਇਤਿਹਾਸ ਤੋਂ ਭੱਜ ਕੇ
ਤੁਸੀਂ ਕਿਤੇ ਵੀ ਪਹੁੰਚ ਨਹੀਂ ਸਕਦੇ ਹੋ;
ਆਉਂਦੀ-ਕੱਲ੍ਹ ਬਚਾਉਣ ਖਾਤਰ
ਜੋ ਅੱਜ ਹੋਇਐ-ਸਮਝਣ ਖਾਤਰ
ਲੰਘੀ ਕੱਲ੍ਹ ਦੀ ਹਿੱਕ ਨੂੰ ਫੋਲੋ,
ਅੱਖਾਂ ਖੋਲ੍ਹੋ !

ਅਹਿਮਦਾਬਾਦ 'ਚ ਕਾਰ ਸਵਾਰਾਂ ਨੇ ਪੁਲੀਸ ਉਤੇ ਗੋਲੀ ਚਲਾਈ

ਅਹਿਮਦਾਬਾਦ: (ਪੀ. ਟੀ. ਆਈ.) — ਕਰਫਿਊ ਹੇਠਲੇ ਨਰਾਇਣਪੁਰਾ ਮੁਹੱਲੇ 'ਚ ਬੀਤੀ ਰਾਤ ਇਕ ਤੇਜ਼ ਜਾ ਰਹੀ ਅੰਬੈਸਡਰ ਕਾਰ 'ਚ ਸਵਾਰ ਵਿਅਕਤੀਆਂ ਨੇ ਉਥੇ ਤਾਇਨਾਤ ਕੇਰਲਾ ਹਥਿਆਰਬੰਦ ਪੁਲੀਸ ਦੇ ਜਵਾਨਾਂ ਉਤੇ ਤਿੰਨ ਗੋਲੀਆਂ ਚਲਾਈਆਂ। ਇਸ ਕਾਰਨ ਸਥਿਤੀ ਕੁਝ ਤਣਾਅ ਵਾਲੀ ਹੋ ਗਈ। ਪਰ ਸ਼ਹਿਰ 'ਚ ਆਮ ਤੌਰ 'ਤੇ ਸ਼ਾਂਤੀ ਰਹੀ।

ਕਾਰ ਸਵਾਰਾਂ ਨੇ "ਕੇਰਲਾ ਪੁਲੀਸ ਵਾਪਸ ਜਾਓ" ਦੇ ਨਾਅਰੇ ਲਾਉਂਦਿਆਂ ਗੋਲੀ ਚਲਾਈ। ਜਵਾਬ 'ਚ ਪੁਲੀਸ ਨੇ ਵੀ ਗੋਲੀ ਚਲਾਈ। ਕੇਰਲਾ ਪੁਲੀਸ ਦੇ ਜਵਾਨ ਵਾਲ-ਵਾਲ ਬਚ ਗਏ ਪਰ ਇਹ ਪਤਾ ਨਹੀਂ ਲਗ ਸਕਿਆ ਕਿ ਪੁਲੀਸ ਦੀ ਗੋਲੀ ਨਾਲ ਕੋਈ ਕਾਰ ਸਵਾਰ ਜ਼ਖਮੀ ਹੋਇਆ ਜਾਂ ਨਹੀਂ।

ਕੇਰਲਾ ਪੁਲੀਸ ਦੀਆਂ ਕੁਝ ਟੁਕੜੀਆਂ, ਜੋ ਸ਼ਹਿਰ ਨੂੰ ਫੌਜ ਦੇ ਹਵਾਲੇ ਕਰਨ ਤੋਂ ਦੋ ਦਿਨ ਪਹਿਲਾਂ ਇਥੇ ਪੁੱਜੀਆਂ, ਨਾਰਾਇਣ ਏਰੀਏ 'ਚ ਤਾਇਨਾਤ ਹਨ ਜਿਥੇ ਸੋਮਵਾਰ ਨੂੰ ਅਣਮਿਥੇ ਸਮੇਂ ਲਈ ਕਰਫਿਊ ਲਾਗੂ ਕੀਤਾ ਗਿਆ।

ਪੁਲੀਸ ਦੇ ਦੱਸਣ ਅਨੁਸਾਰ ਸ਼ਹਿਰ ਦੇ ਬਾਹਰਵਾਰ ਮਨੀਨਗਰ ਇਲਾਕੇ 'ਚ ਆਪਸ ਵਿਚ ਝਗੜ ਰਹੇ ਲੋਕਾਂ ਦੇ ਦੋ ਧੜਿਆਂ ਨੂੰ ਖਿੰਡਾਉਣ ਲਈ ਹੋਮਗਾਰਡ ਦੇ ਇਕ ਜਵਾਨ ਨੇ ਦੋ ਗੋਲੀਆਂ ਚਲਾਈਆਂ।

ਕਰਫਿਊ ਦੀ ਮਾਰ ਤੋਂ ਬਾਹਰਲੇ ਸ਼ਾਹੀ ਬਾਗ ਇਲਾਕੇ 'ਚ ਪਛੜੀਆਂ ਸ਼੍ਰੇਣੀਆਂ ਦੇ ਦੋ ਧੜਿਆਂ ਨੂੰ ਤਿਤਰ-ਬਿਤਰ ਕਰਨ ਲਈ ਪੁਲੀਸ ਨੇ ਚਮਨਪੁਰਾ ਵਿਚੇ ਅੱਥਰੂ ਗੈਸ ਦੇ ਦੋ ਗੋਲੇ ਛੱਡੇ। ਭੀੜ ਨੇ ਤਿੰਨ ਦੁਕਾਨਾਂ ਨੂੰ ਅੱਗ ਲਾ ਦਿਤੀ ਸੀ। ਇਸ ਸਬੰਧ 'ਚ ਪੰਜ ਵਿਅਕਤੀ ਗ੍ਰਿਫਤਾਰ ਕੀਤੇ ਗਏ।

ਖੇਡਾਂ ਜ਼ਿਲੇ 'ਚ ਨਾਦੀਆਲ ਕਸਬੇ 'ਚ ਇਟਾਂ-ਵੱਟੇ ਮਾਰਨ ਦੀਆਂ ਕੁਝ ਘਟਨਾਵਾਂ ਵਾਪਰਣ ਦੀ ਸੂਚਨਾ ਮਿਲੀ ਹੈ।


ਸਿਆਸੀ ਦਾਨ ਦੇਣ ਬਾਰੇ ਬਿਲ ਪਾਸ

ਨਵੀਂ ਦਿਲੀ: ਸਾਰੀ ਵਿਰੋਧੀ ਧਿਰ ਵਲੋਂ ਵਾਕਆਊਟ ਦੇ ਬਾਵਜੂਦ ਰਾਜ ਸਭਾ ਨੇ ਵਿਵਾਦਗ੍ਰਸਤ 'ਸਿਆਸੀ ਦਾਨ ਬਿਲ' ਪਾਸ ਕਰ ਦਿਤਾ। ਇਸ ਬਿੱਲ ਦੇ ਕਾਨੂੰਨ ਬਣਨ ਨਾਲ ਪ੍ਰਾਈਵੇਟ ਲਿਮਟਿਡ ਕੰਪਨੀਆਂ ਆਪਣੇ ਸ਼ੁਧ ਔਸਤ ਮੁਨਾਫੇ ਦਾ ਪੰਜ ਫੀ ਸਦੀ ਸਿਆਸੀ ਪਾਰਟੀਆਂ ਨੂੰ ਦਾਨ ਕਰ ਸਕਣਗੀਆਂ।

ਸੀ. ਪੀ. ਐਮ. ਦੇ ਦੀਪੇਨ ਘੋਸ਼ ਅਤੇ ਭਾਜਪਾ ਦੇ ਲਾਲ ਕ੍ਰਿਸ਼ਨ ਅਡਵਾਨੀ ਜਿਨ੍ਹਾਂ ਵਿਰੋਧੀ ਧਿਰ ਦੇ ਵਾਕਆਊਟ ਦੀ ਅਗਵਾਈ ਕੀਤੀ, ਦਾ ਵਿਚਾਰ ਸੀ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਕਾਲਾ ਧਨ ਵਧਣ ਵਿਚ ਸਹਾਇਤਾ ਮਿਲੇਗੀ ਅਤੇ ਚੋਣ ਪ੍ਰਣਾਲੀ ਹੋਰ ਗੰਧਲੀ ਹੋ ਜਾਵੇਗੀ।

ਐਡਵਰਟਾਇਜ਼ਮੈਂਟ ਲਈ ਫੋਨ ਕਰੋ - ਭਵਖੰਡਨ 324-4381

ਸੁਸ਼ਮਾਂ ਦੀ ਪੇਸ਼ਕਸ਼



ਇੱਕ ਨਵੇਂ ਪ੍ਰਕਾਰ ਦਾ ਸੋਮਵਾਰ ਦਾ ਪ੍ਰੋਗਰਾਮ
ਇੰਦਰਧਨੁਸ਼ — ਚੈਨਲ 17 ਉੱਤੇ
ਸ਼ਾਮ 6:00 ਤੋਂ 9:00 ਵਜੇ ਤੱਕ
ਮਨੋਰੰਜਨ ਭਰਪੂਰ ਸ਼ਾਮ ਜਿਸ ਵਿੱਚ
ਨਵੀਂ ਤੋਂ ਨਵੀਂ ਭਾਰਤੀ ਫਿਲਮ,
ਲੋਕਲ ਸੰਗੀਤ ਪ੍ਰੋਗਰਾਮ
ਇੰਟਰਵਿਊ ਅਤੇ ਹੋਰ ਬਹੁਤ ਕੁਝ

BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

JOHAL'S COLLISION Ltd.



● ਪੂਰੀ ਬਾਡੀ ਦਾ ਕੰਮ
● ਮਾਡਰਨ ਫਰੇਮਾਂ ਦੀ ਮੁਰੰਮਤ
● ਮਾਡਰਨ ਕੁਆਲਿਟੀ ਪੇਂਟਿੰਗ
● ICBC ਦੇ ਕਲੇਮ ਜਲਦੀ ਹੈਂਡਲ
● ਮੁਫਤ ਐਸਟੀਮੇਟ
● ਪ੍ਰਾਈਵੇਟ ਕਲੇਮ ....ਵਾਜਬ ਰੇਟਾਂ ਤੇ

ALL TYPES OF BODY REPAIRS — FREE ESTIMATES —
ALL WORK CONDITIONALLY GUARANTEED
• CARS
• TRUCKS
Balbir or Paul
12051 - 86th Ave. SURREY
Ph. 591-8151

ਉਮਰ ਖਿਆਮ

ਰੁਬਾਈਆਂ

ਪੰਜਾਬੀ ਰੂਪ : ਰਣਜੀਤ ਆਜ਼ਾਦ

61

ਉਮਰ ਸਿਆਣੀ ਪਿਆਰ ਤੇਰੇ ਨੇ ਫੰਧੇ ਵਿਚ ਫਸਾਇਆ
ਨਹੀਂ ਖਜੂਰੀ ਮਦ ਦਾ ਸਾਗਰ ਕਾਹਤੋਂ ਹੈ ਹੱਥ ਆਇਆ ?
ਜਿਹੜੀ ਅਕਲੋਂ ਤੌਬਾ ਸਿੱਖੀ, ਉਹ ਭੀ ਯਾਰ ਨੇ ਤੋੜੀ
ਸਬਰ ਦਾ ਜਾਮਾ ਮੈਂ ਸੀ ਸੀਤਾ, ਰੁਤ ਨੇ ਪਾੜ ਉਡਾਇਆ

62

ਮਦ ਨੇ ਭਾਵੇਂ ਲੀਰਾਂ ਕੀਤਾ ਮਾਣ ਮਿਰੇ ਦਾ ਪਰਦਾ
ਪਰ ਜਦ ਤਾਈਂ ਰੂਹ ਹੈ ਤਨ ਵਿਚ ਏਸ ਬਿਨਾਂ ਨਾ ਸਰਦਾ
ਕਈ ਵਾਰੀ ਮੈਂ ਇਹ ਗਲ ਸੋਚਾਂ ਮਦ ਦਾ ਭਲਾ ਬਪਾਰੀ
ਬੇਚ ਕੇ ਮਦ ਨੂੰ ਇਸ ਤੋਂ ਚੰਗਾ ਕਿਹੜਾ ਸੌਦਾ ਕਰਦਾ ?

63

ਪਿਆਰ ਅਤੇ ਉਪਕਾਰ ਸ਼ੁਰੂ ਵਿਚ ਬਖ਼ਸ਼ੇ ਸੀ ਕਿਸ ਕਰਕੇ ?
ਦਿਤੇ ਸਨ ਤੈਂ ਨਾਜ਼ ਤੇ ਖ਼ੁਸ਼ੀਆਂ ਕਿਉਂ ਮੈਨੂੰ ਦਿਲ ਭਰ ਕੇ ?
ਹੁਣ ਦੁਖ ਮੈਨੂੰ ਦੇਣ ਲਈ ਤੈਂ ਜ਼ੋਰ ਹੈ ਲਾਇਆ ਸਾਰਾ
ਆਖ਼ਰ ਮੈਂ ਉਪਰਾਧ ਕੀ ਕੀਤਾ ਮੂੰਹੋਂ ਦੱਸ ਉੱਚਰ ਕੇ ?

64

ਦਿਲ ਲਲਚਾਵੇ ਮਿਲ ਜਾਵੇ ਇਕ ਸੁੰਦਰਤਾ ਦੀ ਰਾਣੀ
ਸਾਰਾ ਸਾਲ ਅੰਗੂਰਾਂ ਦਾ ਨਾਲ ਪਲ ਭਰ ਮੁੱਕੇ ਪਾਣੀ
ਲੋਕੀਂ ਆਖਣ ਤੌਬਾ ਕਰ ਲੈ ਰੱਬ ਹੈ ਬਖ਼ਸ਼ਣ ਹਾਰਾ
ਆਪ ਨਾ ਬਖ਼ਸ਼ੇ, ਨਾ ਬਖ਼ਸ਼ਾਵਾਂ ਏਥੇ ਅੜੀ ਕਹਾਣੀ

65

ਮਦ ਬਾਝੋਂ ਮਦਖਾਨੇ ਦੇ ਵਿਚ ਵੁਜ਼ੂ ਨਾ ਕੀਤਾ ਜਾਣਾ
ਜੇ ਕਰ ਨਾਉਂ ਨੂੰ ਧੱਬਾ ਲਗਿਆ ਫੇਰ ਨਾ ਧੋਤਾ ਜਾਣਾ
ਖ਼ੁਸ਼ੀਆਂ ਦਾ ਨਾ ਪੱਲਾ ਛੱਡਾਂ ਪਰ ਸੰਜਮ ਦਾ ਪਰਦਾ
ਉਸ ਹੱਦ ਤਾਈਂ ਪਾਟ ਗਿਆ ਕਿ ਮੁੜ ਨਾ ਸੀਤਾ ਜਾਣਾ ।



ਛੇ ਪੁਲੀਸ ਮੁਲਾਜ਼ਮ ਜਬਰੀ ਰਿਟਾਇਰ

ਲੁਧਿਆਣਾ, (ਵਿਸ਼ੇਸ਼ ਪ੍ਰਤੀਨਿਧ)—ਜ਼ਿਲੇ ਵਿਚ ਛੇ ਪੁਲੀਸ ਮੁਲਾਜ਼ਮਾਂ ਨੂੰ ਜਬਰੀ ਰਿਟਾਇਰ ਕਰ ਦਿਤਾ ਗਿਆ ਹੈ ।

ਸੀਨੀਅਰ ਪੁਲੀਸ ਕਪਤਾਨ ਏ. ਪੀ. ਪਾਂਡੇ ਅਨੁਸਾਰ ਇਨ੍ਹਾਂ ਵਿਚੋਂ ਦੋ ਸਬ ਇੰਸਪੈਕਟਰ ਅਤੇ ਚਾਰ ਏ. ਐਸ. ਆਈ. ਹਨ । ਉਨ੍ਹਾਂ ਦਸਿਆ ਕਿ ਇਨ੍ਹਾਂ ਦੀ ਸੇਵਾ ਦਾ ਰਿਕਾਰਡ ਤਸਲੀਬਖ਼ਸ਼ ਨਹੀਂ ਸੀ । ਹੋਰ ਪੁਲੀਸ ਮੁਲਾਜ਼ਮਾਂ ਦੀ ਵੀ ਪੁਣਛਾਣ ਹੋ ਰਹੀ ਹੈ ਤੇ ਛੇਤੀ ਹੀ ਕਾਰਵਾਈ ਹੋਵੇਗੀ ।

ਗੁਰੂ ਨਾਨਕ ਸਿੱਖ ਟੈਂਪਲ ਸੁਸਾਇਟੀ ਵਿਲੀਅਮਜ਼ਲੇਕ ਵਲੋਂ

15 ਤੇ 16 ਜੂਨ, 1985 ਨੂੰ ਸ਼ਾਨਦਾਰ ਸਾਲਾਨਾ ਟੂਰਨਾਮੈਂਟ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਨਾਨਕ ਸਿੱਖ ਟੈਂਪਲ ਸੁਸਾਇਟੀ 3024 ਗਲੈਂਡੇਲ ਡਰਾਈਵ ਵਿਲੀਅਮਜ਼ਲੇਕ ਬੀ. ਸੀ. ਵਲੋਂ 15 ਤੇ 16 ਜੂਨ ਦਿ ਨ ਸ਼ਨਿਚਰਵਾਰ ਅਤੇ ਐਤਵਾਰ ਨੂੰ ਐਨ ਸਟੀਵਨਸਨ ਜੂਨੀਅਰ ਸੰਕੈਡਰੀ ਸਕੂਲ, 1250 ਵੈਸਟਰਨ ਐਵੇਨੀਊ, ਵਿਲੀਅਮਜ਼ਲੇਕ ਵਿਚ ਸ਼ਾਨਦਾਰ ਟੂਰਨਾਮੈਂਟ ਹੋ ਰਿਹਾ ਹੈ। ਇਸ ਸਾਲ ਟੂਰਨਾਮੈਂਟ ਵਿਚ ਹੇਠ ਲਿਖੀਆਂ ਖੇਡਾਂ ਦੇ ਮੁਕਾਬਲੇ ਹੋਣਗੇ ।

1. ਕਬੱਡੀ : ਓਪਨ, 155 ਪੌਂਡ, 140 ਪੌਂਡ
2. ਸੌਕਰ (ਓਪਨ)
3. ਵਾਲੀਬਾਲ (ਲੜਕੇ) 4. ਵਾਲੀਬਾਲ (ਲੜਕੀਆਂ)
5. ਘੋਲ (Wrestling) ਓਪਨ, 181 ਪੌਂਡ, 165 ਪੌਂਡ, 148 ਪੌਂਡ, 125 ਪੌਂਡ
6. ਬੈਂਚ ਪ੍ਰੈਸ (Bench Press) ਓਪਨ, 181 ਪੌਂਡ, 165 ਪੌਂਡ, 148 ਪੌਂਡ
7. ਵੇਟ ਲਿਫਟਿੰਗ (Weightlifting) ਓਪਨ, 181 ਪੌਂਡ, 165 ਪੌਂਡ, 148 ਪੌਂਡ
8. ਬੌਡੀ ਬਿਲਡਿੰਗ (Body Building) ਓਪਨ 9. ਰੱਸਾ ਕਸ਼ੀ (Tug of-war mens)
10. ਗੋਲਾ ਸੁੱਟਣਾ (Shot-Put) ਓਪਨ 11. ਦੌੜਾਂ (Track & Field)

ਖਿਡਾਰੀਆਂ ਅੱਗੇ ਬੇਨਤੀ ਹੈ ਕਿ ਇਸ ਟੂਰਨਾਮੈਂਟ ਵਿਚ ਭਾਗ ਲੈਣ ਲਈ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦੇਣ ਅਤੇ ਸਮੇਂ ਸਿਰ ਆਪਣੀਆਂ ਟੀਮਾਂ ਇੰਟਰ ਕਰਨ ।

ਐਂਟਰੀਆਂ

8 ਜੂਨ ਦਿਨ ਸ਼ਨਿਚਰਵਾਰ ਤੱਕ ਗੁਰਦੁਵਾਰਾ ਸਾਹਿਬ ਜਾਂ ਹੇਠ ਲਿਖੇ ਸੇਵਾਦਾਰਾਂ ਪਾਸ ਪਹੁੰਚ ਜਾਣੀਆਂ ਚਾਹੀਦੀਆਂ ਹਨ। ਕ੍ਰਿਪਾਲਤਾ ਕਰਕੇ ਐਂਟਰੀ ਸਮੇਂ ਆਪਣਾ ਫੂਨ ਨੰਬਰ ਤੇ ਨਾਮ ਜ਼ਰੂਰ ਦਿਉ । ਟਾਈਆਂ ਗੁਰਦੁਵਾਰਾ ਸਾਹਿਬ ਵਿਖੇ 9 ਜੂਨ ਦਿਨ ਐਤਵਾਰ ਸਵੇਰੇ 10 ਵਜੇ ਪਾਈਆਂ ਜਾਣਗੀਆਂ ।

ਜ਼ਰੂਰੀ ਸੂਚਨਾਵਾਂ

1. ਗੇਮ ਤੋਂ ਪਹਿਲਾਂ ਟੀਮ ਦੇ ਨਾਮ ਰੈਫਰੀ ਪਾਸ ਦਿਤੇ ਜਾਣੇ ਜ਼ਰੂਰੀ ਹਨ ।
2. ਇਕ ਟੀਮ ਵਿਚ ਖੇਡਿਆ ਖਿਡਾਰੀ ਉਸੇ ਕਲਾਸ ਦੀ ਦੂਸਰੀ ਟੀਮ ਵਿਚ ਹਿੱਸਾ ਨਹੀਂ ਲੈ ਸਕਦਾ ।
3. ਆਖ਼ਰੀ ਸੀਟੀ ਵੱਜਣ ਤੋਂ 10 ਮਿੰਟ ਤੱਕ ਨਾ ਆਉਣ ਵਾਲੀ ਟੀਮ ਸਕਰੈਚ ਕੀਤੀ ਜਾਵੇਗੀ ।
4. ਰੈਫਰੀ ਅਤੇ ਜੱਜ ਦਾ ਫੈਸਲਾ ਆਖ਼ਰੀ ਫੈਸਲਾ ਹੋਵੇਗਾ ।
5. ਰੱਸਾ ਕਸ਼ੀ ਸਮੇਂ ਕਿਸੇ ਨੂੰ ਕਿਸੇ ਕਿਸਮ ਦੇ ਬੂਟ ਪਾਉਣ ਦੀ ਇਜ਼ਾਜਤ ਨਹੀਂ ਹੋਵੇਗੀ ।
6. ਦੌੜਾਂ ਵਿਚ ਉਮਰ ਵਾਸਤੇ ਕੋਈ ਨਾ ਕੋਈ ਉਮਰ ਦਾ ਸਬੂਤ ਜ਼ਰੂਰ ਪਾਸ ਚਾਹੀਦਾ ਹੈ, ਜੋ ਕਿ ਸੇਵਾਦਾਰਾਂ ਪਾਸੋਂ ਮੰਗ ਕਰਨ ਤੇ ਦਿਖਾਉਣਾ ਪਵੇਗਾ । ਉਮਰ ਪੂਰੀ ਕਰਨ ਲਈ 15 ਜੂਨ 1985 ਤੱਕ ਉਮਰ ਮੰਗੀ ਜਾਵੇਗੀ ।
7. ਵਾਲੀਬਾਲ ਵਿਚ ਸਿਰਫ਼ One Guest Player ਤੇ ਸੌਕਰ ਵਿਚ Two Guest Player ਹੀ ਲਏ ਜਾ ਸਕਣਗੇ ਜ਼ਿਆਦਾ ਨਹੀਂ ।

ਜ਼ਰੂਰੀ ਬੇਨਤੀ

ਸਾਰੇ ਦਰਸ਼ਕਾਂ ਅਤੇ ਖਿ ਡਾਰੀਆਂ ਅੱਗੇ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣੀਆਂ ਕਾਰਾਂ ਠੀਕ ਪਾਰਕਿੰਗ ਵਾਲੀਆਂ ਥਾਵਾਂ ਤੇ ਖੜੀਆਂ ਕਰਨ । ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ । ਸਾਨੂੰ ਆਸ ਹੈ ਕਿ ਆਪਣੇ ਪ੍ਰਬੰਧਕਾਂ ਨੂੰ ਪੂਰਾ ਸਹਿਯੋਗ ਦਿਉਗੇ ਤਾਂ ਕਿ ਆਪਾਂ ਆਪਦੀ ਕੌਮ ਦੇ ਖਿਡਾਰੀਆਂ ਦੀ ਠੀਕ ਰੂਪ ਵਿਚ ਹੌਂਸਲਾ ਅਫਜ਼ਾਈ ਕਰ ਸਕੀਏ ਅਤੇ ਟੂਰਨਾਮੈਂਟ ਦੀ ਰੌਣਕ ਨੂੰ ਹੋਰ ਵੀ ਚੰਗਾ ਰੂਪ ਦੇ ਸਕੀਏ । ਇਸ ਤਰ੍ਹਾਂ ਅਸੀਂ ਆਪਣੀ ਕਮਿਊਨਿਟੀ ਵਿਚੋਂ ਚੰਗੇ ਖਿਡਾਰੀ ਪੈਦਾ ਕਰ ਸਕਦੇ ਹਾਂ । ਅਤੇ ਪੱਛਮੀ ਦੁਨੀਆਂ ਵਿਚ ਆਪਣੀ ਕੌਮ ਦੀ ਡਸਿਪਲਨ, ਸਹਿਯੋਗ ਅਤੇ ਖੇਡਾਂ ਪ੍ਰਤੀ ਚੰਗੀ ਤਸਵੀਰ ਪੇਸ਼ ਕਰ ਸਕਦੇ ਹਾਂ ।

ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਸੇਵਾਦਾਰਾਂ ਨਾਲ ਸੰਪਰਕ ਪੈਦਾ ਕਰੋ :—

ਸੰਗਤਾਂ ਦੇ ਸੇਵਾਦਾਰ

ਸੁਰਿੰਦਰਪਾਲ ਰਾਠੌਰ (ਪ੍ਰਧਾਨ) 398-8172 ਹਰਜੀਤ ਸਿੰਘ ਸਹੋਤਾ (ਸਪੋਰਟਸ ਕਮੇਟੀ ਚੇਅਰਮੈਨ) 392-7931 ਜਗਦੇਵ ਸਿੰਘ ਧਾਲੀਵਾਲ(ਸਕੱਤਰ) 398- 7947

ਬੁਝਾਰਤਾਂ

1. ਰੰਗ ਬਦਾਮੀ ਡਿੱਠੇ ਆਂਡੇ
   ਚਾ ਉਬਾਲੇ ਪਾ ਵਿਚ ਭਾਂਡੇ
   ਉਨ੍ਹਾਂ ਦੇ ਉਤੋਂ ਛਿਲੜ ਲਾਂਹਦੇ
   ਪਾ ਮਸਾਲਾ ਖ਼ੂਬ ਬਣਾਂਦੇ
   ਯਾਰ ਪਿਆਰੇ ਸਾਰੇ ਖਾਂਦੇ
   ਜੋਗੀ ਭੋਗੀ ਪੰਡਤ ਪਾਂਧੇ
2. ਇਕ ਖੂਹ ਵਿਚ ਨੌ ਦਸ ਪਰੀਆਂ
   ਜਦ ਤੱਕੋਂ ਸਿਰ ਜੋੜ ਖੜੀਆਂ
   ਜਦੋਂ ਖੋਹ ਲਿਆ ਖੂਹ ਦਾ ਪਾਟ
   ਦਿਲ ਕਰਦੇ ਸਭ ਕਰਜਾਂ ਚਾਟ
3. ਡਿੱਠਾ ਇਕ ਅਚਰਜ ਮਨੁੱਖ
   ਸੂਰਜ ਸਾਹਮਣੇ ਰੱਖੇ ਮੁੱਖ
   ਧੁੱਪੇ ਨਹੀਂ ਘਬਰਾਂਦਾ
   ਸੂਰਜ ਵੱਲੇ ਭੱਜ ਭਜ ਜਾਂਦਾ ।
4. ਨਿੰਮ ਦੀ ਕੁੜੱਤਣ, ਲੰਮੀ ਵੇਲ
   ਲੰਬੀਆਂ ਲੰਬੀਆਂ ਮੱਛੀਆਂ, ਢੂੰਨ ਵਿਚ ਤੇਲ ।

ਪਿਛਲੀਆਂ ਬੁਝਾਰਤਾਂ ਦੇ ਉਤਰ :—

1. ਮੁੰਡਾ 2. ਮੁੜ੍ਹਕਾ 3. ਮੂੰਹ 4. ਗੇਂਦ

ਅੰਤਹੀਨ

— ਬਲਬੀਰ ਸਿੰਘ 'ਬੌਲੀ'

ਕੇਸ ਦੀ ਸੁਣਵਾਈ ਵੇਲੇ ਅੱਜ ਜੱਜ ਸਾਹਬ ਅਦਾਲਤ ਵਿਚ ਕਹਿ ਰਹੇ ਸਨ ਕਿ ਰਿਸ਼ਵਤ ਲੈਣਾ ਅਤੇ ਦੇਣਾ ਦੋਵੇਂ ਹੀ ਜੁਰਮ ਹਨ। ਬਾਬੂ ਘਨਸ਼ਾਮ ਉੱਤੇ ਵੈਸੇ ਕੇਵਲ ਰਿਸ਼ਵਤ ਲੈਣ ਦਾ ਹੀ ਦੋਸ਼ ਸੀ। ਅੱਜ ਆਪਣੇ ਕੇਸ ਦੀ ਪਹਿਲੀ ਤਾਰੀਖ ਭੁਗਤਣ ਤੋਂ ਬਾਅਦ ਜਦੋਂ ਉਹ ਆਪਣੇ ਵਕੀਲ ਸਮੇਤ ਜੱਜ ਦੇ ਕਮਰੇ ਚੋਂ ਬਾਹਰ ਆਇਆ ਤਾਂ ਵਕੀਲ ਨੇ ਉਸ ਨੂੰ ਹਿਦਾਇਤ ਦਿੱਤੀ ਕਿ ਉਹ ਵੀਹ ਰੁਪਏ ਜੱਜ ਸਾਹਬ ਦੇ ਰੀਡਰ ਅਤੇ ਪੰਜ ਰੁਪਏ ਜੱਜ ਸਾਹਬ ਦੇ ਚਪੜਾਸੀ ਨੂੰ ਦੇ ਆਵੇ। ਵਕੀਲ ਦੀ ਗੱਲ ਸੁਣ ਕੇ ਬਾਬੂ ਘਨਸ਼ਾਮ ਨੂੰ ਇਕ ਵਾਰ ਤਾਂ ਇਉਂ ਮਹਿਸੂਸ ਹੋਇਆ ਕਿ ਅਜਿਹਾ ਕਰਨ ਲਈ ਕਹਿ ਕੇ ਉਸ ਦਾ ਵਕੀਲ ਸਿਰਫ਼ ਉਸ ਨੂੰ ਮਜ਼ਾਕ ਹੀ ਕਰ ਰਿਹਾ ਹੈ ਅਤੇ ਉਸ ਦਾ ਰਿਸ਼ਵਤ ਵਾਲਾ ਕੇਸ ਹੋਣ ਕਾਰਨ ਉਸ ਨੂੰ ਸ਼ਰਮਿੰਦਾ ਕਰ ਰਿਹਾ ਹੈ। ਇਸ ਲਈ ਉਹ ਆਪਣੇ ਵਕੀਲ ਦੀ ਗੱਲ ਸੁਣ ਉਸ ਵਲ ਵੇਖ ਕੇਵਲ ਮੁਸਕਰਾਂਦਾ ਹੀ ਰਿਹਾ ਅਤੇ ਆਪਣੀ ਜਗ੍ਹਾ 'ਤੇ ਹੀ ਖਲੋਤਾ ਰਿਹਾ "ਉਹ ਜਾਹ ਵੀ ਮਾਮਾ, ਹੁਣ ਵੜਾ ਵੀ ਆ। ਮੇਰੇ ਵਲ ਕੀ ਘੂਰੀ ਜਾਨੈ। ਮੈਂ ਤਾਂ ਸਗੋਂ ਤੇਰੇ ਕੇਸ ਦੀ ਗੱਲ ਜੱਜ ਸਾਹਬ ਨਾਲ 8–10 ਹਜ਼ਾਰ 'ਚ ਮੁਕਾਉਣ ਨੂੰ ਫਿਰਦੈਂ ਅਤੇ ਤੂੰ ਆਹ 5–10 ਰੁਪਏ ਵੀ ਹੱਥੋਂ ਛੱਡਣ ਲੱਗਾ ਬੌਂਦਲਾ ਗਿਐਂ।" ਵਕੀਲ ਸਾਹਬ ਦੀ ਰਤਾ ਗੁੱਸੇ ਭਰੀ ਆਵਾਜ਼ ਸੁਣ ਕੇ ਉਹ ਹੁਣ ਸਚਮੁਚ ਹੀ ਬੌਂਦਲਾ ਗਿਆ ਸੀ ਅਤੇ ਫਿਰ ਕਾਹਲੀ ਕਾਹਲੀ ਆਪਣੀਆਂ ਜੇਬਾਂ ਵਿਚੋਂ ਨੋਟ ਕੱਢ ਅਦਾਲਤ ਦੇ ਹਾਤੇ ਵਿਚ ਹੀ ਇਕ ਹੋਰ ਅਪਰਾਧ ਕਰਨ ਦੀ ਤਿਆਰੀ ਵਿਚ ਰੁੱਝ ਗਿਆ — ਰਿਸ਼ਵਤ ਦੇਣ ਦਾ ਅਪਰਾਧ ਕਰਨ ਲਈ।

ਸ੍ਰੀ ਲੰਕਾ 'ਚ ਥਾਣਾ ਲੁਟਿਆ


ਕੋਲੰਬੋ, (ਯੂ. ਐਨ. ਆਈ.)—ਅਣਪਛਾਤੇ ਹਥਿਆਰਬੰਦ ਵਿਅਕਤੀ ਇਥੋਂ 80 ਕਿਲੋਮੀਟਰ ਦੂਰ ਨਿਕਾਵਰਾਤੀ ਪੁਲੀਸ ਥਾਣੇ ਉਤੇ ਹਮਲਾ ਕਰਕੇ ਇਕ ਪੁਲੀਸ ਕਰਮਚਾਰੀ ਨੂੰ ਮਾਰ ਗਏ ਅਤੇ ਵੱਡੀ ਗਿਣਤੀ ਵਿਚ ਅਸਲਾ ਉਠਾ ਕੇ ਲੈ ਗਏ । ਇਹ ਜਾਣਕਾਰੀ ਅਜ ਇਥੇ ਸਰਕਾਰੀ ਸੂਤਰਾਂ ਨੇ ਦਿਤੀ ਹੈ।

ਹਮਲਾਵਰਾਂ ਨੇ ਭਜਣ ਤੋਂ ਪਹਿਲਾਂ ਇਕ ਸਰਕਾਰੀ ਬੈਂਕ ਵਿਚੋਂ 60 ਲਖ ਰੁਪਏ ਲੁਟੇ ਅਤੇ ਇਕ ਪੈਟਰੋਲ ਪੰਪ ਨੂੰ ਅੱਗ ਲਾ ਦਿਤੀ ।

ਸਰਕਾਰੀ ਹਲਕੇ ਇਸ ਗੱਲ ਤੋਂ ਹੈਰਾਨ ਹਨ ਕਿ ਕੋਲੰਬੋ ਦੇ ਐਨ ਨੇੜੇ ਪਹਿਲੀ ਵਾਰ ਅਤਿਵਾਦੀਆਂ ਨੇ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਹੈ ।

ਪੁਲੀਸ ਇਸ ਨੂੰ ਤਾਮਿਲ ਅਤਿ-ਵਾਦੀਆਂ ਦੀ ਕਾਰਵਾਈ ਦਸ ਰਹੀ ਹੈ ।

ਵੈਨਕੂਵਰ ਸਿਟੀ ਵਲੋਂ ਫਾਇਰ ਕੀਤੇ ਗਏ ਪੰਜਾਬੀ ਮਕੈਨਿਕ ਰਾਜਬੀਰ ਸਿੰਘ ਚੌਹਾਨ ਨਾਲ ਇਕ ਮੁਲਾਕਾਤ



—ਵੈਨਕੂਵਰ ਸੱਥ

ਸਵਾਲ: ਤੁਸੀਂ ਸਾਨੂੰ ਪਹਿਲਾਂ ਇਹ ਦਸੋ ਕਿ ਤੁਹਾਨੂੰ ਕੈਨੇਡਾ ਆਇਆਂ ਨੂੰ ਕਿੰਨਾ ਚਿਰ ਹੋਇਆ ?
ਜਵਾਬ: ਮੈਂ ਜੀ 1969 ਵਿਚ ਇਥੇ ਆਇਆ ਸੀ ।

ਸਵਾਲ: ਇਥੇ ਆਉਣ ਤੋਂ ਪਹਿਲਾਂ ਭਾਰਤ ਵਿਚ ਕੀ ਕੰਮ ਕਰਦੇ ਸੀ ?
ਜਵਾਬ: ਮੈਂ ਦਿਲੀ ਵਿਚ ਖੇਮ ਚੰਦ ਕੰਪਨੀ ਜੋ ਵੱਡੀਆਂ ਵੱਡੀਆਂ ਮਸ਼ੀਨਾਂ ਬਣਾਉਂਦੀ ਹੈ, ਉਥੇ ਸਰਵਿਸ ਇੰਜਨੀਅਰ ਸੀ ।

ਸਵਾਲ: ਉਥੇ ਕਿੰਨਾ ਚਿਰ ਕੰਮ ਕੀਤਾ ?
ਜਵਾਬ: ਪੰਜ-ਛੇ ਸਾਲ । ਉਸ ਤੋਂ ਪਹਿਲਾਂ ਮੈਂ ਚਾਰ ਪੰਜ ਸਾਲ ਕੇਂਦਰੀ ਸਰਕਾਰ ਦੇ ਸਿੰਜਾਈ ਵਿਭਾਗ ਵਿਚ ਇੰਸਟਰੱਕਚਰ ਰਿਹਾ । ਸਾਡਾ ਕੰਮ ਸਿਰਫ ਟਰੇਨਿੰਗ ਦੇਣਾ ਸੀ ।

ਸਵਾਲ: ਜਿਹੜਾ ਕੰਮ ਤੁਸੀਂ ਇਥੇ ਵੈਨਕੂਵਰ ਵਿਚ ਕਰਦੇ ਹੋ ਇਹ ਕਰਦਿਆਂ ਨੂੰ ਕਿੰਨਾ ਕੁ ਚਿਰ ਹੋ ਗਿਆ ?
ਜਵਾਬ: ਵੈਨਕੂਵਰ , ਮੈਂ ਜੂਨ 1974 ਵਿਚ ਕੰਮ ਤੇ ਲੱਗਾ । ਬਹੁਤੇ ਲੋਕ ਪਹਿਲਾਂ ਅਪਰੈਂਟਿਸ ਕਰਕੇ ਫੇਰ ਮਕੈਨਿਕ ਬਣਦੇ ਹਨ ਪਰ ਮੈਂ ਸਿੱਧਾ ਹੀ ਹੈਵੀ ਡਿਊਟੀ ਮਕੈਨਿਕ ਦੇ ਤੌਰ ਤੇ ਕੰਮ ਤੇ ਲੱਗਾ । ਉਸ ਵੇਲੇ ਇਥੇ ਮੈਨੂੰ ਮਿਲਣ ਦਾ ਇਹ ਕਾਰਨ ਇਹ ਸੀ ਕਿ ਉਸ ਵੇਲੇ ਹੈਵੀ ਡਿਊਟੀ ਮਕੈਨਿਕਾਂ ਨੂੰ ਬਾਹਰ ਖਾਣਾਂ ਵਗੈਰਾ ਵਿਚ ਇਥੇ ਨਾਲੋਂ ਪੈਸੇ ਕਾਫੀ ਜਿਆਦਾ ਮਿਲਦੇ ਸਨ ਤੇ ਬਹੁਤੇ ਮਕੈਨਿਕ ਬਾਹਰ ਕੰਮ ਕਰਨਾ ਪਸੰਦ ਕਰਦੇ ਸਨ ਪਰ ਮੈਂ ਕਈ ਜਾਤੀ ਕਾਰਨਾਂ ਕਰਕੇ ਇਥੇ ਹੀ ਕੰਮ ਕਰਨ ਦਾ ਫੈਸਲਾ ਕੀਤਾ ।

ਸਵਾਲ: ਇਥੇ ਕੰਮ ਕਰਨ ਲਈ ਤੁਹਾਨੂੰ ਕੋਈ ਖਾਸ ਕੋਰਸ ਵਗੈਰਾ ਜਾਂ ਟਿਕਟ ਲੈਣਾ ਪਿਆ ਜਾਂ ਇੰਡੀਆ ਦੀ ਕੁਆਲੀਫੀਕੇਸ਼ਨ ਤੇ ਹੀ ਕੰਮ ਮਿਲ ਗਿਆ ।
ਜਵਾਬ: ਮੈਨੂੰ ਇਥੇ ਆ ਕੇ ਬੀ. ਸੀ. ਦਾ ਟਿਕਟ ਲੈਣ ਲਈ ਇਮਤਿਹਾਨ ਦੇਣਾ ਪਿਆ ਉਸ ਤੋਂ ਪਹਿਲਾਂ ਵੋਕੇਸ਼ਨਲ ਸਕੂਲ ਵੀ ਜਾਣਾ ਪਿਆ ।

ਸਵਾਲ: ਇਸ ਜੌਬ ਦਾ ਤੁਹਾਨੂੰ ਕਿਵੇਂ ਪਤਾ ਲੱਗਾ ?
ਜਵਾਬ: ਮੈਂ ਇਹ ਜੌਬ ਪੇਪਰ ਵਿਚ ਦੇਖੀ ।

ਸਵਾਲ: ਤੁਸੀਂ ਸੰਖੇਪ ਵਿਚ ਆਪਣੇ ਕੰਮ ਬਾਰੇ ਦੱਸੋ ?
ਜਵਾਬ: ਵੈਨਕੂਵਰ ਸਿਟੀ ਦੀ ਸਾਰੀ ਮਸ਼ੀਨਰੀ ਸੜਕ ਬਣਾਉਣ ਦੀ, ਪੁਲ ਬਣਾਉਣ ਦੀ ਇਕ ਕਾਰ ਤੋਂ ਲੈ ਕੇ ਵੱਡੇ ਟਰੱਕਾਂ ਤੱਕ ਸਾਰੀਆਂ ਮਸੀਨਾਂ ਦੀ ਦੇਖਭਾਲ ਤੇ ਮੁਰੰਮਤ ਮੈਨੀਟੋਬਾ ਵਰਕਸ ਯਾਰਡ ਵਿਚ ਹੀ ਕੀਤੀ ਜਾਂਦੀ ਹੈ ਤੇ ਮੈਂ ਉਥੇ ਮਕੈਨਿਕ ਹਾਂ ।

ਸਵਾਲ: ਇਸ ਕੰਮ ਵਿਚ ਇਥੇ ਕੁਝ ਕਿੰਨੇ ਕੁ ਬੰਦੇ ਹਨ ?
ਜਵਾਬ: ਗੈਰਾਜ ਦੇ ਦੋ ਹਿੱਸੇ ਹਨ । ਇਕ ਗੈਰਾਜ ਤੇ ਇਕ ਸ਼ਾਪਸ । ਸ਼ਾਪਸ ਵਿਚ ਵੈਲਡਿੰਗ, ਬਾਡੀ ਵਰਕ ਤੇ ਲਕੜੀ ਦਾ ਕੰਮ ਹੁੰਦਾ ਹੈ ਤੇ ਗੈਰਾਜ ਵਿਚ ਮਸ਼ੀਨਾਂ ਦੀ ਮੁਰੰਮਤ ਆਦਿ । ਇਥੇ ਦਿਨ ਦੀ ਸਿਫਟ ਵਿਚ 150 ਤੋਂ 170 ਬੰਦੇ ਕੰਮ ਕਰਦੇ ਹਨ । ਤੇ 25-30 ਬੰਦੇ ਰਾਤ ਦੀ ਸ਼ਿਫਟ ਵਿਚ ਹਨ । ਮੈਂ ਪਿਛਲੇ ਗਿਆਰਾਂ ਸਾਲਾਂ ਤੋਂ ਰਾਤ ਦੀ ਸ਼ਿਫਟ ਵਿਚ ਹੀ ਰਿਹਾ ਹਾਂ ।

ਸਵਾਲ: ਦੋਹਾਂ ਸ਼ਿਫਟਾਂ ਵਿਚ ਆਪਣੇ ਪੰਜਾਬੀ ਕਿੰਨੇ ਕੁ ਹਨ ।?
ਜਵਾਬ: ਪੰਜਾਬੀ ਤਾਂ ਅਸੀਂ ਪੰਜ ਛੇ ਹੀ ਹਾਂ ਜੇ ਹਿੰਦੁਸਤਾਨੀ ਕਿਹਾ ਜਾਵੇ ਤਾਂ ਕਈ ਹੋਰ ਵੀ ਹਨ ।

ਸਵਾਲ: ਸਾਰੀਆਂ ਘੱਟ ਗਿਣਤੀਆ ਦੇ ਕੁਝ ਬੰਦੇ ਕਿੰਨੇ ਕੁ ਹੋਣਗੇ ।?
ਜਵਾਬ: ਰਾਤ ਦੀ ਸ਼ਿਫਟ ਵਿਚ ਅਸੀਂ ਬਾਰਾਂ ਤੇਰਾਂ ਬੰਦੇ ਹਾਂ ਜਿਨ੍ਹਾਂ ਵਿਚ ਚੀਨੇ ਤੇ ਫਿਲਪਾਈਨੀ ਆਦਿ ਹਨ ਤੇ ਦਿਨ ਦੀ ਸ਼ਿਫਟ ਵੀ ਸੱਤ -ਅੱਠ ਬੰਦੇ ਹਨ ।

ਸਵਾਲ: ਤੁਹਾਨੂੰ ਕਿਵੇਂ ਲੱਗਦਾ ਹੈ ਕਿ ਘੱਟ ਗਿਣਤੀਆਂ ਦੇ ਕਾਫੀ ਬੰਦੇ ਹਨ ਜਾਂ ਕਿ ਨਹੀਂ ?
ਜਵਾਬ: ਜਦੋਂ ਕੁ ਮੈਂ ਕੰਮ ਤੇ ਲੱਗਾ ਸੀ ਉਦੋਂ ਕੁ ਠੀਕ ਲੱਗਦਾ ਸੀ । ਉਸ ਵੇਲੇ ਜੇ ਇਹ ਦੋ ਚਾਰ ਬੰਦੇ ਰੱਖਦੇ ਸਨ ਤਾਂ ਇਕ ਅੱਧਾ ਆਪਣਾ ਵੀ ਆ ਜਾਂਦਾ ਸੀ ਪਰ ਹੁਣ ਪਿਛਲੇ ਚਾਰ ਪੰਜਾ ਸਾਲ ਤੋਂ ਆਪਣਾ ਬੰਦਾ ਇਕ ਵੀ ਨਹੀਂ ਆਇਆ । ਉਂਝ ਉਹ ਬੰਦੇ ਰੱਖਦੇ ਰਹਿੰਦੇ ਹਨ ।

ਸਵਾਲ: ਇਸ ਦਾ ਕਾਰਨ ?
ਜਵਾਬ: ਇਸ ਦਾ ਕਾਰਨ ਮੈਂ ਤਾਂ ਇਹੀ ਮਹਿਸੂਸ ਕਰਦਾ ਹਾਂ ਪਈ ਜੋ ਨਵਾਂ ਇੰਚਾਰਜ ਹੈ ਉਹ ਸ਼ਾਇਦ ਆਪਣੇ ਬੰਦਿਆਂ ਨੂੰ ਠੀਕ ਨਹੀਂ ਸਮਝਦਾ ।

ਸਵਾਲ: ਉਹਦੇ ਇਹੋ ਜਿਹੇ ਰਵੱਈਏ ਦੀ ਕੋਈ ਹੋਰ ਉਦਾਹਰਣ ?
ਜਵਾਬ: ਹਾਂ ਇਹੋ ਜਿਹੀਆਂ ਉਦਾਹਰਣਾਂ ਤਾਂ ਕਈ ਹਨ । ਮਿਸਾਲ ਵਜੋਂ ਪਿਛਲੇ 1984 ਵਿਚ ਗੈਰਾਜ ਵਿਚ ਚਾਰ ਫੋਰਮੈਨ ਦੀਆ ਤੇ ਦੋ ਸੁਪਰਇੰਨਟੈਂਡਿੰਟ ਦੀਆ ਜੌਬਾਂ ਨਿਕਲੀਆਂ ਸਨ । ਸਾਰੇ ਪੰਜਾਬੀਆਂ ਤੇ ਹਿੰਦੋਸਤਾਨੀਆਂ ਨੇ ਇਨ੍ਹਾਂ ਲਈ ਅਪਲਾਈ ਕੀਤਾ ਪਰ ਸਾਡੇ ਵਿਚੋਂ ਕਿਸੇ ਨੂੰ ਵੀ ਚਾਂਨਸ ਨਹੀਂ ਦਿਤਾ ਗਿਆ ਪਰਸਨਲ ਆਫੀਸਰ ਨੇ ਮੇਰੇ ਸਰਟੀਫੀਕੇਟ ਤੇ ਤਜ਼ਰਬਾ ਦੇਖ ਕੇ ਕਿਹਾ ਕਿ ਤੂੰ ਇਨਾਂ ਕੁਆਲੀਫਾਈਡ ਏਂ ਤੂੰ ਪਹਿਲਾਂ ਕਿਉਂ ਨਹੀਂ ਕਿਤੇ ਵਧੀਆ ਥਾਂ ਲਈ ਕੋਸ਼ਿਸ਼ ਕੀਤੀ । ਉਹ ਮੇਰੇ ਤੋਂ ਬਹੁਤ ਪ੍ਰਭਾਵਿਤ ਸੀ ਤੇ ਉਹਨੇ ਮੈਨੂੰ ਰੀਕਮੈਂਡ ਕੀਤਾ । ਪਰ ਜਿਹਨੇ ਫੈਸਲਾ ਕਰਨਾ ਸੀ ਉਹਨੇ ਮੈਨੂੰ ਫਾਈਨਲ ਇੰਟਰਵਿਊ ਲਈ ਵੀ ਨਹੀਂ ਸੱਦਿਆ ।

ਸਵਾਲ: ਤੁਹਾਨੂੰ ਇੰਟਰਵਿਊ ਲਈ ਵੀ ਨਹੀਂ ਸੱਦਿਆ ?
ਜਵਾਬ: ਪਹਿਲੀ ਇੰਟਰਵਿਊ ਜਿਹਦੇ ਸਿਰਫ ਸਰਟੀਫੀਕੇਟ ਵਗੈਰਾ ਹੀ ਚੈੱਕ ਕਰਨੇ ਹੁੰਦੇ ਹਨ ਉਸ ਵਿਚ ਸਦਿਆ ਸੀ ਪਰ ਜਿਹਦੇ ਵਿਚ ਅਸਲੀ ਫੈਸਲਾ ਹੁੰਦਾ ਹੈ ਉਸ ਵਿਚ ਨਹੀਂ । ਇਥੇ ਤੱਕ ਕਿ ਸਾਡੇ ਇਕ ਸਾਥੀ ਨੂੰ ਪਹਿਲੀ ਇੰਟਰਵਿਊ ਤੇ ਹੀ ਨਹੀਂ ਸੱਦਿਆ । ਇਸ ਸਮੇਂ ਉਹਨੇ ਸਾਡੇ ਨਾਲ ਹੋਰ ਵੀ ਕਈ ਛੋਟੀਆਂ ਛੋਟੀਆ ਹੇਰਾਫੇਰੀਆਂ ਕੀਤੀਆਂ ਜਿਵੇਂ ਵੇਲੇ ਸਿਰ ਸਰਟੀਫੀਕੇਟ ਇਕ ਦਫਤਰ ਚੋਂ ਦੂਜੇ ਵਿਚ ਨਾ ਭੇਜਣੇ ਆਦਿ । ਅਸੀਂ ਇਹਦੇ ਬਾਰੇ ਸੋਚਿਆ ਪਈ ਕੁਝ ਕਰਨਾ ਚਾਹੀਦਾ ਹੈ । ਅਸੀਂ Equal Opportunity Officer ਕੋਲ ਸ਼ਕਾਇਤ ਲਾਈ । ਉਨ੍ਹਾਂ ਨੇ ਦੋ ਚਾਰ ਦਿਨ ਪੁੱਛ ਗਿਛ ਕਰਕੇ ਸਾਨੂੰ ਫਜ਼ੂਲ ਜਿਹੇ ਕਾਰਨ ਦਸ ਦਿਤੇ ਤੇ ਨਾਲ ਹੀ ਕਿਹਾ ਕਿ ਅੰਗਲੀ ਵਾਰੀ ਤੁਹਾਨੂੰ ਜ਼ਰੂਰ ਚਾਂਨਸ ਦਿਤਾ ਜਾਵੇਗਾ ।

ਸਵਾਲ: ਤੁਹਾਨੂੰ ਜਿਹੜਾ ਹੁਣ ਕੰਮ ਤੋਂ ਹਟਾਇਆ ਇਹ ਕਿਵੇਂ ਹੋਇਆ ?
ਜਵਾਬ: ਹੁਣ 1985 ਵਿਚ ਵੀ ਪਿਛਲੇ ਸਾਲ ਵਾਂਗ ਫੋਰਮੈਨ ਦੀਆਂ ਦੋ ਪੋਸਟਾਂ ਨਿਕਲੀਆਂ ਪਿਛਲੇ ਸਾਲ ਵਾਲੇ ਚੌਂਹ ਵਿਚੋਂ ਇਕ ਬੰਦਾ 9 ਮਹੀਨਿਆ ਬਾਅਦ ਕੰਮ ਛੱਡ ਗਿਆ । ਉਹ ਅੱਗੇ ਵੀ ਦੋ ਤਿੰਨ ਵਾਰ ਕੰਮ ਛੱਡ ਚੁਕਾ ਸੀ । ਉਹਨੂੰ ਫੇਰ ਰੱਖ ਲੈਂਦੇ ਹਨ ਤੇ ਫੋਰਮੈਨ ਵੀ ਬਣਾ ਦਿਤਾ ਪਰ ਉਹ ਫੇਰ ਕੰਮ ਛੱਡ ਗਿਆ । ਜੇ ਉਹ ਫੇਰ ਆ ਗਿਆ ਇਹਨੇ ਫੇਰ ਕੰਮ ਤੇ ਰੱਖ ਲੈਣਾ ਹੈ । ਇਹੋ ਜਿਹੇ ਬੰਦਿਆਂ ਨੂੰ ਇਹ ਫੋਰਮੈਨ ਬਣਾ ਦਿੰਦੇ ਹਨ ਪਰ ਸਾਨੂੰ ਨਹੀਂ ।

ਸੋ ਇਸ ਵਾਰ ਜਿਹੜੀਆਂ ਦੋ ਜੌਬਾਂ ਸਨ ਉਹਦੇ ਲਈ ਅਸੀਂ ਸਾਰਿਆਂ ਨੇ ਸਲਾਹ ਕਰਕੇ ਅਪਲਾਈ ਕੀਤਾ । ਪਰ ਸਾਨੂੰ ਮਹਿਸੂਸ ਹੁੰਦਾ ਸੀ ਪਈ ਸਾਨੂੰ ਇਨ੍ਹਾਂ ਨੇ ਚਾਂਨਸ ਦੇਣਾ ਨਹੀਂ । ਅਪਲਾਈ ਕਰਨ ਦੀ ਤਰੀਕ 19 ਅਪਰੈਲ ਸੀ । ਅਸੀਂ ਮੈਂ ਤੇ ਧਰਮ ਸਿੰਘ ਬਾਂਸਲ — 21 ਅਪਰੈਲ ਨੂੰ ਕੌਂਸਲ ਦੇ ਮੈਂਬਰਾਂ ਨੂੰ ਮਿਲੇ ਤੇ ਉਹਨਾਂ ਨੂੰ ਆਪਣੀਆਂ ਮੁਸ਼ਕਲਾਂ ਬਾਰੇ ਦਸਿਆ ਤੇ ਨਾਲੇ ਦਸਿਆ ਕਿ ਇਸ ਬਾਰ ਅਸੀਂ ਫੇਰ ਅਪਲਾਈ ਕੀਤਾ ਹੈ । ਕੌਂਸਲ ਦੇ ਮੈਂਬਰਾਂ ਨੇ ਕਾਫੀ ਹੈਰਾਨੀ ਜਾਹਰ ਕੀਤੀ ਤੇ ਸਾਨੂੰ ਭਰੋਸਾ ਦਿਵਾਇਆ ਕਿ ਫਿਕਰ ਨਾ ਕਰੋ ਅਸੀਂ ਪੁੱਛ-ਗਿੱਛ ਕਰਾਂਗੇ । ਜਿਸ ਤਰ੍ਹਾਂ ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਉਹਨੇ 24 ਅਪਰੈਲ ਦੀ ਸ਼ਾਮ ਨੂੰ ਰੇਸ ਰੀਲੇਸ਼ਨ ਕਮੇਟੀ ਦੇ ਸੋਲਾਂ ਸਤਾਰਾਂ ਮੈਂਬਰਾਂ ਦੀ ਮੀਟਿੰਗ ਬੁਲਾਈ । ਸ਼ਾਮ ਨੂੰ ਪੰਜ ਵਜੇ ਉਹਨੇ ਸਾਡੇ ਵਾਲਾ ਮਾਮਲਾ ਰੱਖਿਆ । ਉਨ੍ਹਾਂ ਨੇ ਸਾਡਾ ਨਾਂ ਨਹੀਂ ਦਸਿਆ ਪਰ ਇਨ੍ਹਾਂ ਜ਼ਰੂਰ ਕਿਹਾ ਕਿ ਦੋ ਪੱਗਾਂ ਵਾਲੇ ਬੰਦੇ ਸਾਡੇ ਕੋਲ ਸ਼ਕਾਇਤ ਲੈ ਕੇ ਆਏ ਹਨ । ਪੱਗਾਂ ਵਾਲੇ ਅਸੀਂ ਦੋਵੇਂ ਹੀ ਹਾਂ । ਮੈਂ ਤੇ ਧਰਮ ਸਿੰਘ । ਸਾਡੇ ਸੁਪਰਇੰਨਡੈਂਟ ਨੂੰ ਸਾਢੇ ਕੁ ਪੰਜ ਵਜੇ ਇਸ ਦੀ ਖਬਰ ਪਹੁੰਚ ਗਈ ਤੇ ਉਹ ਮੇਰੇ ਦੁਆਲੇ ਇੰਝ ਚੱਕਰ ਕੱਢਣ ਲੱਗਾ ਜਿਵੇਂ ਭਰਿੰਡ ਗੇੜੇ ਕੱਢਦੀ ਹੁੰਦੀਆਂ ਪਈ ਇਹਦੇ ਲੜਨਾ ਜਰੂਰ ਆ । ਅੱਗੇ ਉਸ ਨੇ ਮੈਨੂੰ ਕਦੇ ਬਾਦਰ ਨਹੀਂ ਸੀ ਕੀਤਾ । ਉਹ ਜਦੋਂ ਮੇਰੇ ਮਗਰੋਂ ਹਟਿਆ ਹੀ ਨਾ ਤਾਂ ਮੈਂ ਉਹਨੂੰ ਇਹਦਾ ਕਾਰਨ ਪੁੱਛਿਆ ਤਾਂ ਕਹਿਣ ਲੱਗਾ ਅੱਜ ਕੰਮ ਬਹੁਤ ਆ ਛੇਤੀ ਛੇਤੀ ਕੰਮ ਕਰੋ । ਤੇਜ ਤੇਜ ਕੰਮ ਕਰੋ । ਮੈਂ ਉਹਨੂੰ ਕਿਹਾ ਕਿ ਤੂੰ ਮੇਰੇ ਨਾਲ ਇਕ ਸ਼ਾਪ ਸਟੂਅਰਟ ਦੀ ਹੈਸੀਅਤ ਵਿਚ ਗੱਲ ਕਰਦਾ ਏਂ ਕਿ ਮੇਰੇ ਨਾਲ ਜਾਤੀ ਤੌਰ ਤੇ ਕਹਿਣ ਲੱਗਾ ਕਿ ਦੋਵੇਂ ਤਰ੍ਹਾਂ ਹੀ ।

ਮੇਰੇ ਪੁੱਛਣ ਤੇ ਉਹਨੇ ਦਸਿਆ ਕਿ ਉਸ ਰਾਤ ਪੰਦਰਾਂ ਮਕੈਨਿਕ ਆਉਣੇ ਚਾਹੀਦੇ ਹਨ ਪਰ ਆਏ ਸਿਰਫ 9 ਸਨ । ਮੈਂ ਉਹਨੂੰ ਕਿਹਾ ਕਿ 9 ਬੰਦੇ ਪੰਦਰਾਂ ਦਾ ਕੰਮ ਨਹੀਂ ਕਰ ਸਕਦੇ ਉਹ ਦਸਾਂ ਜਾਂ ਗਿਆਰਾਂ ਦਾ ਤਾਂ ਭਾਵੇਂ ਕਰ ਸਕਦੇ ਹੋਣ ਪਰ ਪੰਦਰਾਂ ਦਾ ਕਦੀ ਨਹੀਂ ਕਰ ਸਕਦੇ । ਉਹ ਇਨ੍ਹਾਂ ਗੱਲਾਂ ਤੋਂ ਹੋਰ ਖਿਝ ਗਿਆ ਤੇ ਵੱਧ ਘੱਟ ਬੋਲਿਆ ਕਿ ਤੈਨੂੰ ਫਾਇਰ ਕਰ ਦੇਊਂ ਆਦਿ । ਮੈਂ ਕਿਹਾ ਤੂੰ ਜੋ ਕਰਨਾ ਆ ਕਰ ਲੈ । ਉਹ ਫੇਰ ਦੋ ਤਿੰਨ ਵਾਰੀ ਮੇਰੇ ਕੋਲ ਆਇਆ ਤੇ ਕਹਿੰਦਾ ਕਿ ਕੰਮ ਹੌਲੀ ਕਰਦਾ ਹਾਂ । ਮੈਂ ਕਿਹਾ ਕਿ ਮੈਨੂੰ ਬਿਨਾਂ-ਵਜਾ ਤੰਗ ਕਰ ਰਿਹੇਂ ਮੈਂ ਗਰੀਵੈਂਸ ਕਰਨਾਂ ਆਂ ਕਹਿੰਦਾ ਕਿ ਕੰਮ ਖਤਮ ਹੋਏ ਤੇ ਮੇਰੇ ਦਫਤਰ ਵਿਚ ਆਈਂ । ਮੈਂ ਆਪਣੀ ਵਰਕ-ਸੀਟ ਖਤਮ ਕਰਕੇ 7:30 ਵਜੇ ਉਹਨੂੰ ਦਿਤੀ । ਵਰਕ-ਸੀਟ ਦੇਖ ਕੇ ਕਹਿੰਦਾ ਕਿ ਮੈਂ ਕੰਮ ਬਹੁਤ ਸਲੌਅ ਕੀਤਾ ਹੈ ਤੇ ਕਹਿੰਦਾ ਕਿ ਮੈਂ ਤੈਨੂੰ ਮੂੰਹ ਜਬਾਨੀ ਵਾਰਨਿੰਗ ਦਿੰਦਾ ਹਾਂ ਕਿ ਬਹੁਤ ਸਲੌਅ ਏਂ । ਇਸ ਸਮੇਂ ਉਹਦੇ ਦਫਤਰ ਵਿਚ ਇਕ ਹੋਰ ਮਕੈਨਿਕ ਖੜਾ ਸੀ ਜਿਹੜਾ ਉਸ ਵੇਲੇ ਐਕਟਿੰਗ ਫੋਰਮੈਨ ਸੀ । ਮੈਂ ਉਹਨੂੰ ਕਿਹਾ ਕਿ ਕੀ ਤੂੰ ਇਹ ਸਭ ਕੁਝ ਸੁਣ ਰਿਹਾ ਏਂ । ਉਹਨੇ ਮੋਢੇ ਚੁੱਕ ਦਿਤੇ । ਮੈਂ ਕਿਹਾ ਕਿ ਜੇ ਤੂੰ ਮੈਨੂੰ ਵਾਰਨਿੰਗ ਦੇ ਰਿਹਾ ਏਂ ਤਾਂ ਮੈਂ ਵੀ ਤੈਨੂੰ ਗਰੀਵੈਂਸ ਦੇ ਰਿਹਾ ਹਾਂ ਅਤੇ ਮੈਂ ਪਹਿਲਾਂ ਲਿਖਿਆ ਹੋਇਆ ਗਰੀਵੈਂਸ ਉਹਦੇ ਮੇਜ਼ 'ਤੇ ਰੱਖ ਦਿਤਾ । ਉਹ ਮੈਨੂੰ ਕਹਿੰਦਾ ਬਾਹਰ ਚਲੇ ਜਾਹ । ਉਸ ਤੋਂ ਬਾਅਦ ਉਹਨੇ ਕਿਸੇ ਨੂੰ ਫੋਨ ਕੀਤਾ ਤੇ ਫੇਰ ਮੈਨੂੰ ਕਹਿੰਦਾ ਕਿ ਤੂੰ ਘਰ ਨੂੰ ਚਲੇ ਜਾਹ । ਮੈਂ ਆਪਣਾ ਸਮਾਨ ਸਾਂਭ ਕੇ ਘਰ ਨੂੰ ਚਲਾ ਗਿਆ ।

ਅਗਲੇ ਦਿਨ ਮੈਂ ਯੂਨੀਅਨ ਵਾਲਿਆਂ ਨਾਲ ਗੱਲ ਕੀਤੀ । ਯੂਨੀਅਨ ਵਾਲਿਆਂ ਨੂੰ ਉਹਨੇ ਕਿਹਾ ਕਿ ਇਸਨੇ ਫੋਰਮੈਨ ਨੂੰ ਅਸਾਲਟ ਕੀਤਾ ਹੈ ਇਸ ਕਰਕੇ ਇਸ ਨੂੰ ਫਾਇਰ ਕੀਤਾ ਹੈ । ਮੈਂ ਕਿਹਾ ਮੈਂ ਤਾਂ ਇਹੋ ਜਿਹਾ ਕੁਝ ਨਹੀਂ ਕੀਤਾ ਉਹ ਕਹਿੰਦੇ ਕਿ ਮੇਰੀਆਂ ਉਂਗਲਾ ਦੇ ਉਹਦੀ ਕਮੀਜ਼ ਤੇ ਦਾਗ ਹਨ ਪਰ ਹੁਣ ਉਹ ਕਮੀਜ਼ ਵੀ ਨਹੀਂ ਦਿਖਾਉਂਦੇ ।

ਸਵਾਲ: ਯੂਨੀਅਨ ਨੇ ਫੇਰ ਇਹਦੇ ਬਾਰੇ ਕੀ ਕੀਤਾ ?
ਜਵਾਬ: ਯੂਨੀਅਨ ਇਸ ਵੇਲੇ ਠੀਕ ਕੰਮ ਕਰ ਰਹੀ ਹੈ ਪਰ ਸ਼ੁਰੂ ਵਿਚ ਮੈਂ ਇਹ ਮਹਿਸੂਸ ਕੀਤਾ ਕਿ ਉਹ ਮੇਰੀ ਗੱਲ ਦਾ ਜਕੀਨ ਜਿਹਾ ਨਹੀਂ ਸੀ ਕਰਦੇ । ਮੈਂ ਉਨ੍ਹਾਂ ਨੂੰ ਕਿਹਾ ਕਿ ਇਹ ਮੇਰੇ ਖਿਲਾਫ ਸਕੀਮ ਬਣਾਈ ਗਈ ਹੈ । ਯੂਨੀਅਨ ਵਾਲਿਆਂ ਨੇ ਜਦੋਂ ਗੱਲ ਕੀਤੀ ਤਾਂ ਪਹਿਲੀ ਸਟੇਜ ਤੇ ਤਾਂ ਮਾਮਲਾ ਉਸ ਬੰਦੇ Equipment Engineer ਦੇ ਹੱਥ ਵਿਚ ਸੀ ਤੇ ਉਹਨੇ ਤਾਂ ਸਿੱਧਾ ਕਹਿ ਦਿਤਾ ਪਈ ਇਹ ਬੰਦਾ ਰੱਖਣ ਵਾਲਾ ਨਹੀਂ । ਹੁਣ ਮਾਮਲਾ ਸਿਟੀ ਕੌਂਸਲ ਕੋਲ ਗਿਆ ਹੋਇਆ ਹੈ ।

ਸਵਾਲ: ਤੁਹਾਡੇ ਨਾਲ ਕੰਮ ਕਰਨ ਵਾਲੇ ਤੁਹਾਨੂੰ ਫਾਇਰ ਕੀਤੇ ਜਾਣ ਬਾਰੇ ਕਿਵੇਂ ਮਹਿਸੂਸ ਕਰਦੇ ਹਨ ।?
ਜਵਾਬ: ਉਹ ਸਾਰੇ ਹੀ ਮਹਿਸੂਸ ਕਰਦੇ ਹਨ ਕਿ ਮੇਰੇ ਨਾਲ ਬੇਇਨਸਾਫੀ ਹੋਈ ਹੈ । ਸਿਰਫ ਆਪਣੇ ਬੰਦੇ ਹੀ ਨਹੀਂ ਦੂਜੇ ਚਾਈਨੀਜ਼ ਤੇ ਗੋਰਿਆਂ ਨੇ ਵੀ ਕਿਹਾ ਹੈ ਕਿ ਮੇਰੇ ਵਿਰੁੱਧ ਸਾਜਿਸ਼ ਰਚੀ ਜਾਂਦੀ ਹੈ । ਕਿਉਂਕਿ ਇਹ ਬੰਦਾ ਆਵਾਜ ਉਠਾਉਂਦਾ ਹੈ ਇਸ ਨੂੰ ਫਾਇਰ ਕਰ ਦੇਵੋ ।


ਅੱਛਾ ਇਥੇ ਇਕ ਹੋਰ ਗੱਲ ਬੜੀ ਜ਼ਰੂਰੀ ਹੈ ਦੱਸਣ ਵਾਲੀ ਕਿ 24 ਤਰੀਕ ਰਾਤ ਨੂੰ ਉਹ ਮੈਨੂੰ ਫਾਇਰ ਕਰਦੇ ਹਨ ਤੇ 25 ਤਰੀਕ ਨੂੰ ਦਿਨ ਦੀ ਸ਼ਿਫਟ ਵਿਚ ਉਹ ਧਰਮ ਸਿੰਘ ਬਾਂਸਲ ਨੂੰ ਐਕਟਿੰਗ ਫੋਰਮੈਨ ਬਣਾ ਦਿੰਦੇ ਹਨ । ਅਤੇ ਅਖਬਾਰ ਵਿਚ ਬਿਆਨ ਦੇ ਦਿਤਾ ਕਿ ਈਸਟ ਇੰਡੀਅਨ ਐਕਟਿੰਗ ਫੋਰਮੈਨ ਹੈ । ਬੜੀ ਸਿੱਧੀ ਸਕੀਮ ਜਾਪਦੀ ਹੈ ਕਿ ਇਕ ਨੂੰ ਫਾਇਰ ਕਰ ਦਿਓ ਦੂਜੇ ਦੀ ਤਰੱਕੀ ਕਰ ਦਿਓ — ਦੋਹਾਂ ਦੀ ਜਬਾਨ ਬੰਦ ।

ਨਾਲੇ ਜਿਹੜਾ ਉਹ ਪਹਿਲਾਂ ਕਹਿੰਦੇ ਆ ਪਈ ਤਿੰਨ ਚਾਰ ਬੰਦੇ ਪਹਿਲਾਂ ਵੀ ਐਕਟਿੰਗ ਫੋਰਮੈਨ ਰਹੇ ਹਨ । ਜਿਨਾਂ ਸਾਨੂੰ ਇਹਦੇ ਬਾਰੇ ਪਤਾ ਪਈ ਸਾਡੇ ਵਿਚੋਂ ਇਕ ਬੰਦਾ ਇਕ ਵਾਰੀ ਚਾਰ ਘੰਟੇ ਲਈ ਐਕਟਿੰਗ ਫੋਰਮੈਨ ਰਿਹਾ ਸੀ । ਉਹ ਵੀ ਜਦੋਂ ਫੋਰਮੈਨ ਨੂੰ ਕੋਈ ਗੋਰਾ ਨਾ ਲੱਭਾ ਤਾਂ ਉਹਨੇ ਸਾਡੇ ਵਿਚੋਂ ਇਕ ਜਾਣੇ ਨੂੰ ਮਲੋ ਮਲੀ ਚਾਰ ਘੰਟਿਆਂ ਲਈ ਐਕਟਿੰਗ ਫੋਰਮੈਨ ਬਣਾ ਦਿਤਾ । ਇਸ ਤੋਂ ਬਿਨਾਂ ਤਾਂ ਕਦੀ ਕੋਈ ਇਸ ਪੁਜ਼ੀਸ਼ਨ ਤੇ ਰਿਹਾ ਹੀ ਨਹੀਂ ।

ਅੱਛਾ ਜਿਹੜੇ ਚਾਰ ਬੰਦੇ ਪਿਛਲੇ ਸਮੇਂ ਵਿਚ ਇਨ੍ਹਾਂ ਪੋਸਟਾਂ ਤੇ ਲੱਗੇ ਹਨ ਉਹ ਸਾਰੇ ਹੀ ਸਾਥੋਂ ਜੂਨੀਅਰ ਸਨ ਅਤੇ ਸਾਰੇ ਪਹਿਲਾਂ ਅਪਰੈਂਟਿਸ ਸਨ । ਤੇ ਇਸ ਗੱਲ ਨੂੰ ਸਾਬਤ ਕਰਨ ਲਈ ਸਾਡੇ ਕੋਲ ਹਰ ਕਿਸਮ ਦੀਆਂ ਸੀਨਿਓਰਟੀ ਲਿਸਟਾਂ ਤੇ ਹੋਰ ਡਾਕੂਮੈਂਟਸ ਹਨ ।

ਸਵਾਲ: ਉਥੇ ਕੰਮ ਕਰਨ ਵਾਲੇ ਆਪਣੇ ਕੀਤੇ ਦੂਜੇ ਘੱਟ ਗਿਣਤੀਆਂ ਦੇ ਬੰਦਿਆਂ ਨੇ ਕਦੀ ਪਹਿਲਾਂ ਵੀ ਇਸ ਬਾਰੇ ਗਲਬਾਤ ਕੀਤੀ ਆ ਪਈ ਉਨ੍ਹਾਂ ਨਾਲ ਇਸ ਤਰ੍ਹਾਂ ਨਸਲਵਾਦ ਹੋ ਰਿਹਾ ਹੈ ?
ਜਵਾਬ: ਗਲਬਾਤ ਤਾਂ ਬਹੁਤ ਵਾਰੀ ਹੋਈ ਹੈ । ਪਰ ਬਿੱਲੀ ਦੇ ਗਲ ਟੱਲੀ ਕੌਣ ਬੰਨੇ ? ਮਹਿਸੂਸ ਸਾਰੇ ਕਰਦੇ ਸੀ ।

(ਬਾਕੀ ਪੰਨਾ 17 ਤੇ)



ਕਿਸੇ ਵੀ ਡਿਜ਼ਾਈਨ ਵਿਚ 3 ਪੀਸ ਸੈਟ ਬਣਵਾ ਸਕਦੇ ਹੋ

$1189.00 ਵਿਚ

ਡਰੇਪਸ ਵੀ ਬਣਵਾ ਸਕਦੇ ਹੋ — ਲਿਵਿੰਗ ਰੂਮ - ਡਾਇਨਿੰਗ ਰੂਮ ਤੇ ਤਿੰਨ ਬੈਡਰੂਮ ਸਪੈਸ਼ਲ ਵੈਲਵੇਟ

Open Mon. - Sat. 10.00 a.m. To 5.00 p.m

AGS Furniture MFG Ltd.

8670 - 120 St. SURREY,

Ph. 596-7322/594-7247

- ਸਟੋਰ ਨਾਲੋਂ ਸਸਤਾ ਤੇ ਵਧੀਆ ਕੁਆਲਿਟੀ ਦਾ ਫਰਨੀਚਰ ਸਿੱਧਾ ਫੈਕਟਰੀ ਤੋਂ ਖ਼ਰੀਦੋ
- ਤੁਹਾਡੀ ਮਨਪਸੰਦ ਫੈਬਰਿਕ ਅਤੇ ਫੋਮ ਪਵਾ ਸਕਦੇ ਹੋ
- ਪੁਰਾਣੇ ਸੋਫਾ ਸੈਟ ਤੇ ਕਿਚਨ ਚੇਅਰਜ਼ ਦੀ ਰਿਪੇਅਰ ਵੀ ਕਰਦੇ ਹਾਂ

Special 3 Piece $849.00

(ਪੰਨਾ 16 ਦੀ ਬਾਕੀ)

ਸਵਾਲ: ਉਥੇ ਕੰਮ ਕਰਨ ਵਾਲੇ ਗੋਰੇ ਕਾਮਿਆਂ ਦਾ ਤੁਹਾਡੇ ਵੱਲ ਕੀ ਰਵੱਈਆ ਹੈ ?

ਜਵਾਬ: ਉਨ੍ਹਾਂ ਵਿਚ ਜਿਹੜੇ ਤਾਂ ਰੀਜਨੇਬਲ ਸਮਝਦਾਰ ਬੰਦੇ ਹਨ ਉਹ ਤਾਂ ਮਹਿਸੂਸ ਕਰਦੇ ਹਨ। ਪਰ ਜਿਨ੍ਹਾਂ ਨੂੰ ਇਸ ਤੋਂ ਕੋਈ ਫਾਇਦਾ ਹੁੰਦਾ ਹੈ ਉਹ ਤਾਂ ਖੁਸ਼ ਹਨ। ਉਨ੍ਹਾਂ ਵਿਚੋਂ ਕਈ ਤਾਂ ਇਹੋ ਜਿਹੇ ਵੀ ਹਨ ਜਿਹੜੇ ਕਹਿੰਦੇ ਹਨ ਕਿ ਤੁਸਾਂ ਇਹ ਕੁਝ ਡੀਜਰਵ ਹੀ ਨਹੀਂ ਕਰਦੇ।

ਸ਼ੁਰੂ ਸ਼ੁਰੂ ਵਿਚ ਤਾਂ ਸਾਡੇ ਨਾਲ ਕੰਮ ਕਰਨ ਵਾਲਿਆਂ ਨੇ ਕਈ ਵਧੀਕੀਆਂ ਵੀ ਕੀਤੀਆਂ ਪਰ ਅਸੀਂ ਇਹਦਾ ਖਾਸ ਨੋਟਿਸ ਨਹੀਂ ਲਿਆ। ਇਹ ਤਾਂ ਹੁਣ ਜਦੋਂ ਮੈਨੇਜਮੈਂਟ ਵਲੋਂ ਹੀ ਸਿਧਾ ਧੱਕਾ ਹੋਣ ਲੱਗਾ ਤਾਂ ਅਸੀਂ ਇਹ ਕਦਮ ਚੁਕਿਆ ਹੈ। ਜਿਹੜਾ ਰਾਤ ਦੀ ਸ਼ਿਫਟ ਦਾ ਸੁਪਰਇੰਡੈਂਟ ਹੈ ਉਹ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤੇ ਚਲ ਰਿਹਾ ਹੈ। ਉਹ ਗੋਰੇ ਕਾਮਿਆਂ ਨੂੰ ਖੁਸ਼ ਰੱਖਦਾ ਹੈ ਤੇ ਬਾਕੀਆਂ ਨਾਲ ਠੀਕ ਵਰਤਾ ਨਹੀਂ ਕਰਦਾ।

ਸਵਾਲ: ਕੀ ਯੂਨੀਅਨ ਕੰਮ ਉਪਰ ਹੁੰਦੇ ਨਸਲਵਾਦ ਦੇ ਮਸਲੇ ਨੂੰ ਪੂਰੀ ਤਰ੍ਹਾਂ ਸਮਝਦੀ ਹੈ ?

ਜਵਾਬ: ਯੂਨੀਅਨੇ ਵਿਚ ਸਾਰੇ ਬੰਦੇ ਇਕੋ ਜਿਹੇ ਨਹੀਂ। ਉਥੇ ਵੀ ਕਈ ਸਾਨੂੰ ਹੀ ਕਸੂਰਵਾਰ ਸਮਝਣ ਵਾਲੇ ਹਨ ਉਦਾਹਰਣ ਵਜੋਂ ਜਿਸ ਬੰਦੇ ਕੋਲ ਮੇਰਾ ਕੇਸ ਪਹਿਲਾਂ ਸੀ ਉਹਨੇ ਮੇਰੇ 'ਤੇ ਬੜੀ ਨੁਕਤਾਚੀਨੀ ਕੀਤੀ। ਮੇਰਾ ਜਕੀਨ ਨਹੀਂ ਸੀ ਕਰ ਰਿਹਾ। ਮੈਨੂੰ ਕਹਿੰਦਾ ਸੀ ਕਿ ਤੂੰ ਇਹ ਕੀ ਕਰ ਦਿਤਾ। "ਨਵਾਂ ਪੰਗਾ ਖੜਾ ਕਰ ਦਿਤਾ।" ਇਸ ਤਰ੍ਹਾਂ ਦੀਆਂ ਕਰੀ ਜਾਵੇ ਮੈਂ ਫੇਰ ਇਹਦੇ ਬਾਰੇ ਯੂਨੀਅਨ ਦੇ ਹੋਰ ਬੰਦਿਆਂ ਨਾਲ ਗੱਲ ਕੀਤੀ ਤੇ ਫੇਰ ਉਹਨੇ ਮੇਰਾ ਕੇਸ ਕਿਸੇ ਹੋਰ ਬੰਦੇ ਨੂੰ ਦਿਤਾ ਤੇ ਉਹ ਬਹੁਤ ਵਧੀਆ ਬੰਦਾ ਹੈ।

ਸਵਾਲ: ਤੁਹਾਡੇ ਨਾਲ ਹੋਈ ਇਸ ਵਧੀਕੀ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਤੁਹਾਡੇ ਖਿਆਲ ਵਿਚ ਕਿਹਨੂੰ ਕਸੂਰਵਾਰ ਠਹਿਰਾਇਆ ਜਾ ਸਕਦਾ ਹੈ ?

ਜਵਾਬ: ਇਹਦੇ ਦੋ ਹਿਸੇ ਹਨ। ਮੈਨੂੰ ਫਾਇਰ ਕਰਨ ਵਿਚ ਤਾਂ ਮੈਨੀਟੋਬਾ ਗੈਰਾਜ ਦਾ ਇੰਚਾਰਜ ਹੈ ਉਹ ਹੀ ਕਸੂਰਵਾਰ ਕਿਹਾ ਜਾ ਸਕਦਾ ਹੈ। ਇਹ ਬੜੀ ਨੋਟ ਕਰਨ ਵਾਲੀ ਗੱਲ ਹੈ ਕਿ ਉਹ 24 ਤਰੀਕ ਨੂੰ ਦਿਨੇ ਬੀਮਾਰ ਹੋਣ ਕਰਕੇ ਕੰਮ ਤੇ ਨਹੀਂ ਸੀ ਆਇਆ ਪਰ ਰਾਤ ਨੂੰ ਜਦੋਂ ਮੈਨੂੰ ਘਰ ਨੂੰ ਭੇਜ ਦਿਤਾ ਗਿਆ ਤਾਂ ਅੱਠ ਵਜੇ ਤੋਂ ਬਾਅਦ ਉਹ ਉਥੇ ਆਇਆ ਤੇ ਉਹਨੇ ਪੁਲਸ ਸੱਦੀ। ਦੂਜੇ ਦਿਨ ਉਹ ਸਾਰੀਆਂ ਫਾਇਲਾਂ ਲੈ ਕੇ ਤੇ ਸੁਪਰਇੰਨਡੈਂਟ ਨੂੰ ਨਾਲ ਲੈ ਕੇ ਸਿਟੀ ਹਾਲ ਗਿਆ ਤਾਂ ਕਿ ਮੇਰੇ ਵਿਰੁਧ ਕੇਸ ਤਿਆਰ ਕੀਤਾ ਜਾ ਸਕੇ।

ਸਵਾਲ: ਇਹਦੇ ਵਿਚ ਤੁਸੀਂ ਵੈਨਕੂਵਰ ਸਿਟੀ ਕਾਊਂਸਲਾਂ ਜਾਂ ਮੇਅਰ ਆਦਿ ਦਾ ਵੀ ਕੋਈ ਕਸੂਰ ਕੱਢ ਸਕਦੇ ਹੋ ?

ਜਵਾਬ: ਨਹੀਂ ਮੇਰਾ ਖਿਆਲ ਇਸ ਸਟੇਜ ਤੇ ਨਹੀਂ।

ਸਵਾਲ: ਜੇ ਆਪਾਂ ਸਿਟੀ ਲਈ ਕੰਮ ਕਰਕੇ ਕੁਝ ਬੰਦਿਆਂ ਵੱਲ ਦੇਖੀਏ ਤਾਂ ਉਨ੍ਹਾਂ ਵਿਚ ਆਪਣੀ ਗਿਣਤੀ ਦੇਖੀਏ ਤਾਂ ਕੀ ਅੰਦਾਜਾ ਲਗਾ ਸਕਦੇ ਹੋ ?

ਜਵਾਬ: ਹਾਂ ਇਹ ਗੱਲ ਠੀਕ ਹੈ ਆਪਣੇ ਲੋਕਾਂ ਦੀ ਗਿਣਤੀ ਦੇ ਹਿਸਾਬ ਨਾਲ ਤੇ ਖਾਸ ਤੌਰ ਆਪਣੇ ਲੋਕਾਂ ਦੇ ਪਰਾਪਰਟੀ ਮਾਲਕ ਹੋਣ ਦੀ ਗਿਣਤੀ ਦੇ ਹਿਸਾਬ ਨਾਲ ਤਾਂ ਸਿਟੀ ਵਿਚ ਆਪਣੇ ਬਹੁਤ ਹੀ ਥੋੜੇ ਕਾਮੇ ਹਨ। ਸਿਵਿਕ ਸਰਕਾਰ ਪਰਾਪਰਟੀ ਟੈਕਸ ਦੇ ਸਿਰ 'ਤੇ ਹੀ ਚਲਦੀ ਹੈ। ਵੈਨਕੂਵਰ ਵਿਚ ਜਿਨੀ ਪ੍ਰਤੀਸ਼ਤ ਆਪਣੇ ਲੋਕਾਂ ਦੀ ਟੈਕਸ ਦੇਣ ਵਾਲਿਆਂ ਦੀ ਹੈ ਉਸ ਮੁਤਾਬਕ ਤਾਂ ਸਿਟੀ ਦੀਆਂ ਅੰਦਰਲੀਆਂ ਜਾਂ ਬਾਹਰਲੀਆਂ ਜੋਬਾਂ ਤੇ ਆਪਣੇ ਬੰਦੇ ਕੁਝ ਵੀ ਨਹੀਂ।

ਸਵਾਲ: ਤੁਹਾਡੀ ਇਸ ਮੁਸ਼ਕਲ ਵਿਚ ਆਪਣੀ ਕਮਿਊਨਿਟੀ ਵਿਚੋਂ ਕਿਸੇ ਕਿਸਮ ਦੀ ਮਦਦ ਮਿਲ ਰਹੀ ਹੈ ?

ਜਵਾਬ: ਹਾਂ ਜੀ। ਜਦੋਂ ਸਾਡੇ ਨਾਲ ਇਹ ਗੱਲ ਹੋਈ ਤਾਂ ਅਸੀਂ ਕੁਝ ਇਕ ਬੰਦਿਆਂ ਨਾਲ ਗੱਲਬਾਤ ਕੀਤੀ ਉਹ ਕਹਿੰਦੇ ਪਈ ਆਪਾਂ ਨੂੰ ਗੁਰਦਵਾਰਿਆਂ ਕੋਲ ਜਾਣਾ ਚਾਹੀਦਾ ਹੈ ਤੇ ਫੇਰ ਏਸੇ ਤਰ੍ਹਾ ਅਸੀਂ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਾਲਿਆਂ ਕੋਲ ਆਏ ਇਨ੍ਹਾਂ ਨੇ ਸਾਡੀ ਬਹੁਤ ਮੱਦਦ ਕੀਤੀ। ਸਾਨੂੰ ਇਨ੍ਹਾਂ ਨੇ ਕਈ ਕੀਮਤੀ ਸੁਝਾਅ ਦਿਤੇ। ਇਨ੍ਹਾਂ ਨੇ ਸਾਨੂੰ ਕਿਹਾ ਕਿ ਇਹ ਛੋਟੀ ਜਿਹੀ ਗੱਲ ਨਹੀਂ ਇਹ ਲੜਾਈ ਵੱਡੀ ਸਕੇਲ ਦੀ ਹੈ ਤੇ ਵੱਡੀ ਸਕੇਲ ਤੇ ਹੀ ਲੜਨੀ ਚਾਹੀਦੀ ਹੈ। ਗੁਰਦੁਆਰਿਆਂ ਨੇ ਤੇ ਹੋਰ ਕਈ ਜਥੇਬੰਦੀਆਂ ਨੇ ਮੇਅਰ ਅਤੇ ਕੌਂਸਲ ਨੂੰ ਚਿਠੀਆਂ ਲਿਖੀਆਂ।

ਸਵਾਲ: ਤੁਹਾਡੇ ਖਿਆਲ ਵਿਚ ਕਮਿਊਨਿਟੀ ਨੂੰ ਤੁਹਾਡੀ ਕਿਸ ਕਿਸਮ ਦੀ ਮੱਦਦ ਕਰਨੀ ਚਾਹੀਦੀ ਹੈ ਜਿਹਦੇ ਨਾਲ ਤੁਹਾਡੀ ਮੁਸ਼ਕਲ ਵੀ ਹੱਲ ਹੋਵੇ ਤੇ ਨਸਲਵਾਦ ਦੀ ਵੱਡੀ ਲੜਾਈ ਵਿਚ ਵੀ ਕੋਈ ਫਾਇਦਾ ਹੋਵੇ ?

ਜਵਾਬ: ਵੱਡੀ ਗੱਲ ਤਾਂ ਇਹੀ ਹੈ ਕਿ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹ ਇਕ ਦਾ ਕੰਮ ਨਹੀਂ ਸਾਰਿਆਂ ਦਾ ਹੈ। ਹੁਣ ਜਿਵੇਂ ਪੇਪਰ ਨੇ ਲਿਖਿਆ ਹੈ ਕਿ "Sikh says" ਮੈਂ ਜਾਤੀ ਤੌਰ 'ਤੇ ਇਹ ਮਹਿਸੂਸ ਕਰਦਾ ਹਾਂ ਕਿ ਇਹ ਕੱਲੇ ਸਿੱਖਾਂ ਦਾ ਨਹੀਂ ਹਰ ਇਕ ਦਾ ਸਾਂਝਾ ਮਾਮਲਾ ਹੈ। ਸਾਨੂੰ ਸਿਰਫ ਹੱਥਲੇ ਮਸਲੇ ਲਈ ਹੀ ਨਹੀਂ ਸਗੋਂ ਅੱਗੋਂ ਤੋਂ ਵੀ ਇਹੋ ਜਿਹੀ ਬੇਇਨਸਾਫੀ ਰੋਕਣ ਲਈ ਕਦਮ ਚੁਕਣੇ ਚਾਹੀਦੇ ਹਨ। ਹਾਂ ਇਕ ਗੱਲ ਅਸੀਂ ਸਾਫ ਕਰ ਦੇਣੀ ਚਾਹੁੰਦੇ ਹਾਂ ਕਿ ਸਾਨੂੰ ਇਸ ਜੋਬ ਦੀ ਇੰਨੀ ਪਰਵਾਹ ਨਹੀਂ ਪਰ ਅਸੀਂ ਇਨਸਾਫ ਚਾਹੁੰਦੇ ਹਾਂ ਜੇ ਕੋਈ ਕਹੇ ਪਈ ਅਸੀਂ ਸਿਰਫ ਆਪਣੀ ਜੋਬ ਲਈ ਹੀ ਇਹ ਕਰ ਰਹੇ ਹਾਂ ਤਾਂ ਇਹ ਠੀਕ ਨਹੀਂ ਇਸ ਬਾਰੇ ਅਸੀਂ ਲਿਖ ਕੇ ਦੇਣ ਨੂੰ ਤਿਆਰ ਹਾਂ। ਅਸੀਂ ਚਾਹੁੰਦੇ ਹਾਂ ਕਿ ਜੋ ਬੇਇਨਸਾਫੀ ਹੋ ਰਹੀ ਹੈ ਉਹ ਬੰਦ ਹੋਣੀ ਚਾਹੀਦੀ ਹੈ। ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਇਸ ਵੇਲੇ ਜਦੋ-ਜਹਿਦ ਜ਼ਰੂਰੀ ਹੈ।

ਹੋਰ ਕਮਿਊਨਿਟੀ ਵਿਚ ਬਹੁਤ ਸਿਆਣੇ ਸਿਆਣੇ ਬੰਦੇ ਹਨ ਉਨ੍ਹਾਂ ਦੇ ਸੁਝਾਅ ਲੈਣੇ ਚਾਹੀਦੇ ਹਨ। ਅਸੀਂ ਤਾਂ ਇਹੀ ਕਹਿ ਸਕਦੇ ਹਾਂ ਕਿ ਜਦ ਤੱਕ ਇਕੱਠੇ ਹੋ ਕੇ ਕੋਈ ਆਵਾਜ਼ ਨਹੀਂ ਉਠਾਉਂਦੇ ਪਈ ਇਹ ਜਿਹੜੀ ਸਿਟੀ ਹੈ ਇਹ ਸਾਡੀ ਆਪਦੀ ਹੈ। ਸਾਡਾ ਇਹਦੇ ਵਿਚ ਹਿਸਾ ਹੈ, ਜੇ ਅਸੀਂ ਟੈਕਸ ਦੇ ਕੇ ਇਹਦੀਆਂ ਜ਼ਿੰਮੇਂਵਾਰੀਆਂ ਵਿਚ ਹਿਸਾ ਪਾਉਂਦੇ ਹਾਂ ਤਾਂ ਸਾਨੂੰ ਫਾਇਦਿਆਂ ਵਿਚੋਂ ਵੀ ਹਿਸਾ ਮਿਲਣਾ ਚਾਹੀਦਾ ਹੈ। ਅਤੇ ਜਿਨ੍ਹਾਂ ਚਿਰ ਅਸੀਂ ਆਵਾਜ ਨਹੀਂ ਉਠਾਉਂਦੇ ਸਾਨੂੰ ਸਾਡੇ ਹੱਕ ਨਹੀਂ ਮਿਲਣੇ।

ਸਾਧੂ: ਅੱਛਾ ਰਾਜਬੀਰ ਸਿੰਘ ਜੀ, ਸਾਡੇ ਨਾਲ ਗੱਲਬਾਤ ਕਰਨ ਲਈ ਤੁਹਾਡਾ ਬਹੁਤ ਬਹੁਤ ਸ਼ੁਕਰੀਆ। ਤੁਹਾਡੀ ਮੁਸ਼ਕਲ ਲੋਕਾਂ ਤੱਕ ਪਹੁੰਚਾ ਕੇ ਸਾਨੂੰ ਖੁਸ਼ੀ ਹੋਵੇਗੀ।

ਰਾਜਬੀਰ ਸਿੰਘ ਚੌਹਾਨ: ਤੁਹਾਡਾ ਬਹੁਤ ਬਹੁਤ ਸ਼ੁਕਰੀਆ ਜੀ, ਜਿਹੜਾ ਤੁਸੀਂ ਮੈਨੂੰ ਇਹ ਮੌਕਾ ਦਿਤਾ ਹੈ।

ਗੁਰਬਤ ਨਾਲ ਜੂਝਦਾ ਸਾਬਕਾ ਕੇਂਦਰੀ ਵਜ਼ੀਰ

ਨਵੀਂ ਦਿਲੀ: ਸਾਬਕਾ ਕੇਂਦਰੀ ਮੰਤਰੀ ਸ੍ਰੀ ਗੁਲਜ਼ਾਰੀ ਲਾਲ ਨੰਦਾ ਆਪਣਾ ਬੁਢਾਪਾ ਗੁਰਬਤ ਤੇ ਇਕੱਲ ਵਿਚ ਕੱਟ ਰਹੇ ਹਨ। 87 ਸਾਲਾ ਸ੍ਰੀ ਨੰਦਾ, ਜੋ ਕਿ ਕੇਂਦਰੀ ਗ੍ਰਹਿ ਮੰਤਰੀ, ਵਿਤ ਮੰਤਰੀ, ਰੇਲਵੇ ਮੰਤਰੀ ਤੇ ਦੋ ਵਾਰ ਕਾਇਮ-ਮੁਕਾਮ ਪ੍ਰਧਾਨ ਮੰਤਰੀ ਰਹੇ, ਇਸ ਵੇਲੇ ਇਥੇ ਡਿਫੈਂਸ ਕਲੋਨੀ ਖੇਤਰ ਵਿਚ ਇਕ ਕਮਰੇ ਵਿਚ ਰਹਿ ਰਹੇ ਹਨ। ਨਾਂ ਤਾਂ ਸਰਕਾਰ ਨੇ ਅਤੇ ਨਾਂ ਹੀ ਕਾਂਗਰਸ ਪਾਰਟੀ, ਜਿਸ ਦੇ ਉਹ 1920 ਤੋਂ ਮੈਂਬਰ ਚਲੇ ਆ ਰਹੇ ਹਨ, ਨੇ ਉਨ੍ਹਾਂ ਦੀ ਖਬਰ-ਸਾਰ ਲਈ ਹੈ।

ਸ੍ਰੀ ਨੰਦਾ ਦੀ ਮਾਸਕ ਆਮਦਨ 1000 ਰੁਪਏ ਤੋਂ ਵਧ ਨਹੀਂ। ਇਹ ਰਕਮ ਮਹਿੰਗਾਈ ਦੇ ਜ਼ਮਾਨੇ ਵਿਚ ਬਹੁਤੀ ਨਹੀਂ ਕਹੀ ਜਾ ਸਕਦੀ। ਪਰ ਸ੍ਰੀ ਨੰਦਾ ਇਸ ਗੱਲ ਦਾ ਖੰਡਨ ਕਰਦੇ ਹਨ ਕਿ ਉਨ੍ਹਾਂ ਨੂੰ ਗੁਜ਼ਾਰਾ ਕਰਨ ਵਿਚ ਕੋਈ ਕਠਿਨਾਈ ਪੇਸ਼ ਆ ਰਹੀ ਹੈ, ਹਾਲਾਂ ਕਿ ਉਨ੍ਹਾਂ ਦੇ ਕਮਰੇ ਦੀ ਸਥਿਤੀ ਉਨ੍ਹਾਂ ਦੇ ਸ਼ਬਦਾਂ ਦੀ ਹਾਮੀ ਨਹੀਂ ਭਰਦੀ।

ਅੰਦੋਲਨ ਦੇ ਕੈਦੀਆਂ ਨਾਲ ਭੈੜੇ ਸਲੂਕ ਦਾ ਦੋਸ਼

ਬਰਨਾਲਾ: (ਪੱਤਰ ਪ੍ਰੇਰਕ) — ਅਕਾਲੀ ਦਲ ਦੇ ਜਨਰਲ ਸਕੱਤਰ ਜਾਗ ਸਿੰਘ ਐਡਵੋਕੇਟ ਨੇ ਜੇਲ੍ਹਾਂ ਅੰਦਰ ਅੰਦੋਲਨ ਦੇ ਕੈਦੀਆਂ ਨਾਲ ਭੈੜਾ ਸਲੂਕ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਦਸਿਆ ਕਿ ਪਿੰਡ ਭਰੂਰ ਦਾ ਫੌਜੀ ਦਲਜਿੰਦਰ ਸਿੰਘ ਜੋ ਕਿ ਫੌਜ ਦੇ ਸਿਲੀਗੁੜੀ ਸਥਿਤ ਯੂਨਿਟ ਵਿਚ ਸੀ, ਬਲਿਊ ਸਟਾਰ ਅਪ੍ਰੇਸ਼ਨ ਸਮੇਂ ਜਜ਼ਬਾਤੀ ਹੋ ਗਿਆ ਸੀ, ਨੂੰ ਛੇ ਮਹੀਨਿਆਂ ਦੀ ਕੈਦ ਕਰਕੇ ਸੰਗਰੂਰ ਜੇਲ੍ਹ ਭੇਜ ਦਿਤਾ ਗਿਆ ਸੀ ਤੇ ਇਥੇ ਉਸ ਦੀ ਮਾਰਕੁੱਟ ਕੀਤੀ। ਇਹ ਪਤਾ ਲੱਗਣ ਉਤੇ ਜੇਲ੍ਹ ਬੰਦ ਅੰਦੋਲਨ ਦੇ ਹੋਰ ਕੈਦੀਆਂ ਸਖਤ ਰੋਸ ਪ੍ਰਗਟ ਕੀਤਾ ਤੇ ਭੁਖ ਹੜਤਾਲ ਕਰ ਦਿਤੀ। ਇਸ ਉਤੇ ਜੇਲ੍ਹ ਸੁਪਰਡੈਂਟ ਨੇ ਸਬੰਧਤ ਅਧਿਕਾਰੀ ਨੂੰ ਸਸਪੈਂਡ ਕੀਤਾ ਤਾਂ ਜਾ ਕੇ ਮਾਮਲਾ ਠੰਢਾ ਪਿਆ।

ਇਸੇ ਦੌਰਾਨ ਜ਼ਿਲਾ ਅਕਾਲੀ ਦਲ ਦੇ ਪ੍ਰਧਾਨ ਕਰਤਾਰ ਸਿੰਘ ਜੋਸ਼ੀਲਾ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਜੇਲ੍ਹਾਂ ਵਿਚ ਕੈਦੀਆਂ ਨਾਲ ਭੈੜਾ ਸਲੂਕ ਸਿੱਖਾਂ ਦੇ ਜਜ਼ਬਾਤ ਨੂੰ ਭੜਕਾਉਣ ਦੀ ਕਾਰਵਾਈ ਹੈ। ਉਨ੍ਹਾ ਸਰਕਾਰ ਤੋਂ ਮੰਗ ਕੀਤੀ ਕਿ ਉਹ ਕੈਦੀਆਂ ਨੂੰ ਕੁੱਟਣ ਤੇ ਤੰਗ ਕਰਨ ਵਾਲਿਆਂ ਵਿਰੁਧ ਸਖਤ ਕਾਰਵਾਈ ਕਰੇ।

ਹੋਰ ਖੇਤਰ ਗੜਬੜ ਵਾਲੇ ਕਰਾਰ ਦਿਤੇ ਜਾਣ ਦੀ ਸੰਭਾਵਨਾ

ਨਵੀਂ ਦਿਲੀ: (ਯੂ. ਐਨ. ਆਈ.) — ਗ੍ਰਹਿ ਰਾਜ ਮੰਤਰੀ ਸ੍ਰੀਮਤੀ ਰਾਮ ਦੁਲਾਰੀ ਸਿਨਹਾ ਨੇ ਲੋਕ ਸਭਾ ਵਿਚ ਦਸਿਆ ਕਿ ਸਰਕਾਰ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਵਾਲੇ ਕੁਝ ਹੋਰ ਇਲਾਕਿਆਂ ਨੂੰ ਗੜਬੜ ਵਾਲੇ ਇਲਾਕੇ ਕਰਾਰ ਦੇਣ ਦੇ ਸਵਾਲ ਉਤੇ ਗੌਰ ਕਰ ਰਹੀ ਹੈ।

ਉਨ੍ਹਾਂ ਦਸਿਆ ਕਿ ਸਬੰਧਤ ਇਲਾਕਿਆਂ ਵਿਚ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿਤੇ ਗਏ ਹਨ ਅਤੇ ਚੌਕਸੀ ਰਖੀ ਜਾ ਰਹੀ ਹੈ। ਉਨ੍ਹਾਂ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਕਿਹਾ ਕਿ ਪ੍ਰਭਾਵਿਤ ਖੇਤਰਾਂ ਵਿਚ ਸੁਰੱਖਿਆ ਜਵਾਨਾਂ ਦੀ ਨਫਰੀ ਵਧਾ ਦਿਤੀ ਗਈ ਹੈ।

ਲਵਾਰਸਾਂ ਦੇ ਵਾਂਗ ਸਾਡੇ ਸ਼ੌਕ ਏਥੇ ਰੁਲ ਗਏ
ਕੌਡਾਂ ਵਾਂਗੂ ਖਿੰਡ ਗਏ ਨੇ ਚਾਅ।

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥
ਹੰਭੀ ਵੰਞਾ ਡੁੰਮਣੀ ਰੋਵਾ ਝੀਣੀ ਬਾਣਿ ॥

ਸਤਿਕਾਰਯੋਗ ਸ੍ਰਦਾਰ/ਸ੍ਰਦਾਰਨੀ .... ਜੀਓ।

ਗੁਰੂ ਫਤਹ ਪ੍ਰਵਾਨ ਹੋਵੇ।

ਅਸੀਂ ਆਪ ਜੀ ਨੂੰ ਦੁਖਿਤ ਹਿਰਦੇ ਸਹਿਤ ਸੂਚਤ ਕਰਦੇ ਹਾਂ, ਕਿ ਸਾਡੇ ਪੂਜਨੀਕ ਪਿਤਾ ਜੀ ਪ੍ਰੋਫੈਸਰ ਤਿਲੋਕ ਸਿੰਘ ਗਰੇਵਾਲ (ਐਮ. ਏ., ਐਲ. ਐਲ. ਬੀ) "ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਇ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥" ਦੇ ਮਹਾਂਵਾਕ ਅਨੁਸਾਰ ਗੁਰੂ ਵਲੋਂ ਬਖਸ਼ੀ 71 ਸਾਲ ਦੀ ਆਯੂ ਭੋਗ ਕੇ, 6 ਮਈ, 1985 ਨੂੰ ਸਰੀਰ ਕਰਕੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਆਤਿਮਕ ਸ਼ਾਂਤੀ ਲਈ ਰਖਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ 15 ਮਈ ਦਿਨ ਸੋਮਵਾਰ ਨੂੰ ਪ੍ਰੋਫੈਸਰਜ਼ ਫਾਰਮ ਹਾਊਸ, ਰਾਏਕੋਟ ਵਿਖੇ ਪਾਇਆ ਗਿਆ ਸੀ।

ਦੇਸ਼ ਤੋਂ ਬਾਹਰ ਰਹਿ ਰਹੇ ਪ੍ਰਵਾਰਾਂ ਵਲੋਂ ਉਨ੍ਹਾਂ ਦੀ ਆਤਿਮਕ ਸ਼ਾਂਤੀ ਲਈ ਹੋਰ ਸਹਿਜ ਪਾਠ ਰਖਾਏ ਗਏ ਹਨ, ਜਿਸਦਾ ਭੋਗ **16 ਜੂਨ, ਦਿਨ ਐਤਵਾਰ ਨੂੰ ਸਵੇਰੇ 10 ਵਜੇ, ਗੁ: ਸਾਹਿਬ (ਗੁਰੂ ਨਾਨਕ ਸਿਖ ਟੈਂਪਲ) ਸਰੀ ਵਿਖੇ ਪਾਇਆ ਜਾਵੇਗਾ। (7050 - 120 St. SURREY, B.C., CANADA PH. (604) 594-4836)**

ਆਪ ਜੀ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਉਨ੍ਹਾਂ ਦੇ ਨਮਿਤ ਪਾਠ ਦੇ ਭੋਗ ਉਪਰੰਤ ਆਤਿਮਕ ਸ਼ਾਂਤੀ ਲਈ ਅਰਦਾਸ ਵਿਚ ਸ਼ਾਮਲ ਹੋ ਕੇ ਕ੍ਰਿਤਾਰਥ ਕਰਨਾ।

ਦੁਖੀ ਹਿਰਦੇ

ਡਾਕਟਰ ਗੁਰਿੰਦਰ ਸਿੰਘ ਗਰੇਵਾਲ (ਸਪੁੱਤਰ)
1832 RADCLIFF
TRACEY, CA. 95376
PH. (209) 835-6860
ਸੁਰਿੰਦਰ ਸਿੰਘ ਗਰੇਵਾਲ (ਸਪੁੱਤਰ)
EDMONTON, ALTA.
PH. (403) 432-7656

ਸ੍ਰਦਾਰਨੀ ਪ੍ਰਿਤਪਾਲ ਕੌਰ ਗਰੇਵਾਲ (ਸਪਤਨੀ)
ਭੁਪਿੰਦਰ ਸਿੰਘ ਗਰੇਵਾਲ (ਸਪੁੱਤਰ)
12899 - CARLUKE CRES.
SURREY, B.C. V3V 6Y9
PH. (604) 594-4245

FOGG MOTORS

60 - 10th Street, New Westminster

ਸਾਡੇ ਕੋਲੋਂ ਬਹੁਤ ਸਾਰੀਆਂ ਪੁਰਾਣੀਆਂ ਕਾਰਾਂ, ਪਿਕ ਅਪ ਤੇ ਵੈਨਾਂ ਬੜੀ ਸਸਤੀ ਕੀਮਤ ਤੇ ਮਿਲ ਸਕਦੀਆਂ ਹਨ

ਚੰਗੀਆਂ ਕਾਰਾਂ, ਵੈਨਾਂ ਤੇ ਪਿਕ ਅਪ (ਨਵੀਆਂ ਜਾਂ ਪੁਰਾਣੀਆਂ) ਖ੍ਰੀਦਣ ਵਾਸਤੇ ਆਪਣੀ ਕਮਿਊਨਿਟੀ ਦੇ ਜਾਣੇ ਪਛਾਣੇ ਭਰੋਸੇਯੋਗ ਸੇਲਜ਼ਮੈਨ ਨੂੰ ਸਦਾ ਯਾਦ ਰੱਖੋ। GMC Chrysler ਜਾਂ Ford ਦੀ ਕਾਰ ਲੈਣੀ ਹੋਵੇ ਤਾਂ ਵੀ ਸੁਖਜਿੰਦਰ ਸਿੰਘ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਸਲਾਹ ਦੇ ਕੇ ਫਖਰ ਮਹਿਸੂਸ ਕਰਦੇ ਹਨ। ਕਾਰਾਂ ਸਸਤੇ ਰੇਟ ਤੇ ਅਸਾਨ ਕਿਸ਼ਤਾਂ ਵੀ ਮਿਲ ਸਕਦੀਆਂ ਹਨ।

ਅਸੀਂ ਹਰ ਐਤਵਾਰ 11 ਵਜੇ
ਸਵੇਰ ਤੋਂ ਲੈ ਕੇ
4 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ।

ਇਕ ਵਾਰ ਜ਼ਰੂਰ ਦਰਸ਼ਨ ਦਿਓ



Sukhjinder Bath (Sukhi)
Bus: 522-2821 Res: 594-7712

ਫਿਲਮਦਰਪਣ

3—ਡਾਇਮੈਨਸ਼ਨ ਕਿਸ ਬਲਾ ਦਾ ਨਾਂ ਹੈ !


ਪੱਛਮੀ ਦੇਸ਼ਾਂ ਵਿਚ ਜਿਹੜੀ ਚੀਜ਼ ਆਪਣੇ ਉਭਾਰ ਪਿਛੋ ਜਿਸ ਸਮੇਂ ਦਮ ਤੋੜਨ 'ਤੇ ਪਹੁੰਚ ਜਾਂਦੀ ਹੈ, ਐਨ ਉਸ ਸਮੇਂ ਉਹਓ ਲਹਿਰ ਸਾਡੇ ਦੇਸ਼ ਵਿਚ ਅੱਖਾਂ ਖੋਲ੍ਹਣ ਲੱਗਦੀ ਹੈ। ਸਹਿਤ ਵਿਚ ਏਦਾਂ ਬਹੁਤ ਵਾਰ ਹੋਇਆ ਹੈ। ਵਿਗਿਆਨ ਦੇ ਖੇਤਰ 'ਚ ਵੀ। ਅੱਜ ਕਲ੍ਹ 3- ਡਾਇਮੈਨਸ਼ਨ ਫਿਲਮਾਂ ਦੀ ਖੂਬ ਚਰਚਾ ਹੈ। ਭਾਰਤੀ ਫਿਲਮ ਸਨਅਤ ਵਿਚ ਇਸ ਤਕਨੀਕ ਨੇ ਇਨੀਂ ਦਿਨੀਂ ਤਰਥੱਲੀ ਮਚਾਈ ਹੋਈ ਹੈ। ਇਸ ਦੇ ਹੱਕ 'ਚ ਬਹੁਤ ਨੇ ਤੇ ਵਿਰੋਧ ਵੀ ਹੋ ਰਿਹਾ ਹੈ। ਉਂਝ, ਪੱਛਮ ਵਿਚ "ਹਾਊਸ ਆਫ ਵੈਕਸ" ਨਾਲ ਇਹ ਲਹਿਰ ਫਿੱਕੀ ਪੈ ਚੁਕੀ ਹੈ।

3- ਡੀ ਫਿਲਮਾਂ ਸਬੰਧੀ ਕਈ ਕਿਸਮ ਦੇ ਯੱਬ੍ਹ ਜਿਹੇ ਕਰਨੇ ਪੈਂਦੇ ਹਨ। ਕਹਿਣ ਨੂੰ ਤਾਂ ਕਹਿ ਲਿਆਂ ਜਾਂਦੇ ਕਿ 35 ਐਮ. ਐਮ. ਪ੍ਰੋਜੇਕਸ਼ਨ ਮਸ਼ੀਨ 3-ਡੀ, ਫਿਲਮਾਂ ਦਿਖਾਉਣ ਦੇ ਸਮਰੱਥ ਹੈ, ਪਰ ਅਸਲ ਵਿਚ ਸਿਲਵਰ ਸਕਰੀਨ ਉਤੇ ਹੀ ਵਧੀਆ ਪ੍ਰਭਾਵ ਬਣਦਾ ਹੈ। ਪ੍ਰੋਜੇਕ—ਟਰ ਅੱਗੇ ਇਕ ਖਾਸ ਕਿਸਮ ਦਾ ਲੈਨਜ਼ ਲਾਇਆ ਜਾਂਦਾ ਹੈ ਜਿਸ ਦੀ ਕੀਮਤ ਦਸ ਹਜ਼ਾਰ ਰੁਪਏ ਹੈ। ਲੈਨਜ਼ ਜੇਕਰ ਮਾੜਾ ਜਿਹਾ ਵੀ ਢਿੱਲਾ ਰਹਿ ਜਾਵੇ ਤਾਂ ਪਰਦੇ ਉਤਲੀਆਂ ਤਸਵੀਰਾਂ ਸਾਫ ਦਿਖਾਈ ਨਹੀਂ ਦੇਣਗੀਆਂ। ਇਹ 3-ਡੀ ਫਿਲਮ ਚਲਾਉਣ ਵਾਸਤੇ ਸਿਲਵਰ ਸਕਰੀਨ ਵੀ ਅਜਿਹੀ ਹੋਣੀ ਲਾਜ਼ਮੀ ਹੈ ਜਿਸ ਦੇ ਚਾਰੇ ਪਾਸੇ ਕਾਲਾ ਹਾਸ਼ੀਆ ਹੋਵੇ ਜਦ ਕਿ ਉਤੇ ਅਤੇ ਥੱਲੇ ਘੱਟੋ ਘੱਟ ਦੋ ਫੁਟ ਚੌੜਾ ਕਾਲਾ ਹਾਸ਼ੀਆ ਜ਼ਰੂਰੀ ਹੈ।

3-ਡੀ ਫਿਲਮਾਂ ਨੂੰ ਹਰੇਕ ਸਿਨੇਮਾ ਘਰ ਵਿਚ ਨਹੀਂ ਦਿਖਾਇਆ ਜਾ ਸਕਦਾ। ਜਿਹੜੇ ਸਿਨੇਮਾ ਘਰਾਂ 'ਚ ਮੂਹਰਲੀਆਂ ਸੀਟਾਂ ਦੀਆਂ ਕਤਾਰਾਂ ਸਕਰੀਨ ਤੋਂ ਵੱਧ ਚੌੜੀਆਂ ਹੁੰਦੀਆ ਹਨ, ਉਥੇ ਪਾਸਿਆਂ 'ਤੇ ਬੈਠੇ ਦਰਸ਼ਕਾਂ ਨੂੰ ਇਸ ਤਕਨੀਕ ਦਾ ਕੋਈ ਸਵਾਦ ਨਹੀਂ ਆਵੇਗਾ। ਜਿਹੜੇ ਸਿਨੇਮਾ ਘਰ ਦੇ ਪਰਦਿਆਂ ਵਿਚ ਝੁੰਘ ਅਤੇ ਟੇਢ ਜ਼ਿਆਦਾ ਹੁੰਦੀ ਹੈ, ਉਥੇ ਵੀ ਤਿੰਨ-ਡੀ ਫਿਲਮ ਨਹੀਂ ਚੱਲ ਸਕਦੀ। ਸਿਲਵਰ ਸਕਰੀਨ ਨੂੰ ਮਿਟੀ ਘੱਟੇ ਤੋਂ ਬਚਾਉਣ ਲਈ ਖਾਸ ਉਪਰਾਲੇ ਕਰਨੇ ਪੈਂਦੇ ਹਨ। ਆਮ ਸਿਨੇਮਾ ਘਰਾਂ ਵਿਚ ਫਿਲਮ ਦਾ ਬਾਲਕੋਨੀ ਦੇ ਦਰਸ਼ਕਾਂ ਅਤੇ ਹਾਲ 'ਚ ਬੈਠੇ ਦਰਸ਼ਕਾਂ ਉਪਰ ਇਕੋ ਜਿਹਾ ਪ੍ਰਭਾਵ ਨਾ ਪੈਣ ਦੀਆਂ ਕਾਫੀ ਸ਼ਿਕਾਇਤਾਂ ਮਿਲਦੀਆ ਹਨ।

ਹਰੇਕ ਦਰਸ਼ਕ ਨੂੰ ਤਿੰਨ-ਡਾਇਮੈਨਸ਼ਨ ਫਿਲਮ ਦੇਖਣ ਸਮੇਂ ਡਿਸਟਰੀਬਿਊਟਰਾਂ ਵਲੋਂ ਮੁਹੱਈਆ ਕੀਤੀਆਂ ਐਨਕਾਂ ਲਗਾਉਣੀਆ ਪੈਂਦੀਆ ਹਨ। ਐਨਕ ਦੇ ਸ਼ੀਸ਼ੇ ਉਪਰ ਜੇਕਰ ਮਾਮੂਲੀ ਜਿਹੀ ਪੋਟਿਆਂ ਦੀ ਛੋਹ ਲੱਗ ਜਾਵੇ ਤਾਂ ਫਿਲਮ ਘਸਮੈਲੀ ਤੇ ਮੱਧਮ ਦਿਸੇਗੀ। ਹਰੇਕ ਸ਼ੋਅ ਪਿਛੋਂ ਐਨਕਾਂ ਨੂੰ ਡੀਫੋ ਕੈਮੀਕਲ ਨਾਲ ਧੋਣਾ ਪੈਂਦਾ ਹੈ। ਪਰ ਸਾਰੇ ਸਿਨੇਮਾਘਰਾਂ 'ਚ ਏਨੀਆਂ ਸਹੂਲਤਾਂ 'ਤੇ ਸਾਵਧਾਨੀ ਬਹੁਤ ਮੁਸ਼ਕਿਲ ਜਾਪਦੀ ਹੈ ਜਿਸ ਦੇ ਨਤੀਜੇ ਵਜੋਂ ਤਿੰਨ-ਡੀ ਫਿਲਮ ਲਹਿਰ ਦੇ ਲੰਮੀ ਉਮਰ ਹੰਢਾਉਣ ਦੇ ਆਸਾਰ ਨਜ਼ਰ ਨਹੀਂ ਆਉਂਦੇ।

ਸੰਖੇਪ 'ਚ ਕਹਿਣਾ ਹੋਵੇ ਤਾਂ ਕਹਾਂਗੇ ਕਿ ਤਿੰਨ-ਡਾਇਮੈਨਸ਼ਨ ਫਿਲਮ ਦੇਖਣ ਸਮੇਂ ਦਰਸ਼ਕ ਅਤੇ ਸਕਰੀਨ ਵਿਚ ਵਿੱਥ ਨਹੀਂ ਰਹਿੰਦੀ। ਜਿਵੇਂ ਕੋਈ ਵਿਅਕਤੀ ਅੱਖਾਂ ਤੋਂ ਢਾਈ ਇੰਚ ਦੇ ਫਾਸਲੇ 'ਤੇ ਰੱਖ ਕੇ ਚੀਜ਼ ਦੇਖ ਰਿਹਾ ਹੋਵੇ। ਮੰਨ ਲਓ ਸਕਰੀਨ ਉਪਰ ਘੋੜਾ ਸਿੱਧਾ ਦੌੜਦਾ ਆ ਰਿਹਾ ਹੈ ਤਾਂ ਦਰਸ਼ਕ ਨੂੰ ਭੁਲੇਖਾ ਜਿਹਾ ਪਵੇਗਾ ਕਿ ਕਿਤੇ ਘੋੜਾ ਉਹਦੇ ਉਪਰ ਹੀ ਨਾ ਪੌੜ ਰੱਖ ਦੇਵੇ। ਸਕਰੀਨ ਉਪਰ ਬੁੜ੍ਹਕਦੀ ਹਰ ਚੀਜ਼ ਸਿਨੇਮਾ ਹਾਲ ਵਿਚ ਬੁੜ੍ਹਕਣ ਦਾ ਪ੍ਰਭਾਵ ਦੇਵੇਗੀ। ਜੇਕਰ ਕਾਰ-ਜੀਪ ਛਾਲ ਮਾਰ ਰਹੀ ਹੈ ਤਾਂ ਜਾਵੇਗਾ ਕਿ ਸਾਡੇ ਸਿਰ ਉਤੋਂ ਦੀ ਲੰਘ ਰਹੀ ਹੈ।



ਫਿਲਮ "ਯੁੱਧ" ਵਿਚ ਅਨਿਲ ਕਪੂਰ ਤੇ ਟੀਨਾ ਮੁਨੀਮ।

ਮਲਿਆਲਮ ਤੇ ਹਿੰਦੀ 'ਚ ਬਣੀ "ਛੋਟਾ ਚੇਤਨ" ਪਹਿਲੀ ਭਾਰਤੀ ਤਿੰਨ ਡੀ-ਫਿਲਮ ਕਹਾਉਂਦੀ ਹੈ ਜਿਸ ਵਿਚ 28 ਦ੍ਰਿਸ਼ ਇਸ ਤਕਨੀਕ ਨੂੰ ਮੁਖ ਰੱਖ ਕੇ ਫਿਲਮਾਏ ਗਏ। 'ਸ਼ਿਵਾ ਕਾ ਇਨਸਾਫ' ਅੱਜ ਕੱਲ੍ਹ ਚੱਲ ਰਹੀ ਹੈ ਅਤੇ ਕੋਈ ਦੋ ਦਰਜਨ ਫਿਲਮਾਂ ਤਿੰਨ-ਡਾਇਮੈਨਸ਼ਨ ਤਕਨੀਕ 'ਚ ਨਿਰਮਾਣ ਅਧੀਨ ਹਨ। ਰਾਮੇਸ ਭਰਾਵਾਂ ਦੀ ਜਾਸੂਸੀ ਫਿਲਮ "ਸਾਮਰੀ," ਰਾਮਾਨੰਦ ਸਾਗਰ ਦੀ "ਸ੍ਰੀ ਹਨੂੰਮਾਨ ਕੀ ਜੈ," ਸਾਵਨਕੁਮਾਰ ਦੀ "ਸ਼ਾਂਤੀਦੂਤ", ਤੇ ਸ੍ਰੀ ਰਾਮ ਬੋਹਰਾ ਦੀ ਜਾਦੂਗਰ ਤੇਜ਼ੀ ਨਾਲ ਮੁਕੰਮਲਤਾ ਵੱਲ ਵਧ ਰਹੀਆਂ ਹਨ।

ਮਿਹਰ ਮਿਤਲ ਦਾ ਝੁਕਾਅ

ਜਦੋਂ ਪੰਜਾਬੀ ਫਿਲਮ "ਵਲਾਇਤੀ ਬਾਬੂ" ਰਿਲੀਜ਼ ਹੋਈ ਸੀ ਤਾਂ ਇਕ ਪੋਸਟਰ ਉਤੇ ਅਮਿਤਾਭ ਬਚਨ ਤੇ ਮਿਹਰ ਮਿਤਲ ਦੀਆਂ ਨਾਲੋਂ ਨਾਲ ਫੋਟੂਆਂ ਛਾਪ ਕੇ ਕੈਪਸ਼ਨ ਲਿਖੀ ਗਈ ਸੀ। ਇਕੋ ਫਿਲਮ 'ਚ ਦੋ ਸੁਪਰ ਸਟਾਰ ਹਿੰਦੀ ਫਿਲਮ ਦਾ, ਇਕ ਪੰਜਾਬੀ ਫਿਲਮਾਂ ਦਾ। ...ਹਿੰਦੀ ਫਿਲਮਾਂ ਵਾਲਾ ਸੁਪਰ ਸਟਾਰ ਤਾਂ ਰਾਜਨੀਤੀ 'ਚ ਨੰਗੇ ਧੜ ਕੁੱਦ ਚੁੱਕਾ ਹੈ ਤੇ ਪੰਜਾਬੀ ਫਿਲਮਾਂ ਵਾਲੇ ਸੁਪਰ ਸਟਾਰ ਦੇ ਸਿਆਸਤ ਵਿਚ ਦਾਖਲ ਹੋਣ ਦੀਆਂ ਕਨਸੋਆਂ ਰਹੀਆ ਹਨ। ਵੱਖ ਵੱਖ ਪਾਰਟੀਆਂ ਇਸ "ਚਲਦੇ ਘੋੜੇ" ਉਪਰ ਦਾਅ ਲਾਉਣ ਦੀ ਸੋਚ ਰਹੀਆਂ ਹਨ। ਮਿਤਲ ਦੇ ਨੇੜਲੇ ਸੂਤਰਾਂ ਅਨੁਸਾਰ ਮਿਤਲ ਵਿਧਾਇਕੀ ਦੀ ਟਿਕਟ ਤਾਂ ਨਹੀਂ ਪ੍ਰਵਾਨ ਕਰਨ ਲੱਗਾ, ਹਾਂ ਸੰਸਦ ਮੈਂਬਰੀਲਈ ਸੰਭਾਵਨਾ ਨੂੰ ਰੱਦ ਵੀ ਨਹੀਂ ਕੀਤਾ ਜਾ ਸਕਦਾ।

ਯੁਧ ਦੀ ਇੰਤਜਾਰ

ਗੁਲਸ਼ਨ ਰਾਏ ਜਦੋਂ ਵੀ ਨਵੀਂ ਫਿਲਮ ਲੈ ਕੇ ਆਉਂਦਾ ਹੈ, ਦਰਸ਼ਕਾਂ ਨੂੰ ਆਸ ਹੁੰਦੀ ਹੈ ਕਿ ਇਕ ਯਕੀਨਨ ਚੰਗੀ ਫਿਲਮ ਆ ਰਹੀ ਹੈ। ਰਾਏ ਦੀ ਪ੍ਰੋਡਕਸ਼ਨ ਅਤੇ ਉਸ ਦੇ ਪੁਤਰ ਰਾਜੀਵ ਰਾਏ ਦੀ ਡਾਇਰੈਕਸ਼ਨ ਹੇਠ ਤ੍ਰਿਮੂਰਤੀ ਫਿਲਮਜ਼ ਦੇ ਬੈਨਰ ਵਾਲੀ ਯੁਧ ਇਨੀਂ ਦਿਨੀ ਰਿਲੀਜ਼ ਹੋਣ ਵਾਲੀ ਹੈ। ਜੈਕੀ, ਸ਼ਰੋਫ, ਹੇਮਾ ਮਾਲਿਨੀ, ਟੀਨਾ ਮੁਨੀਮ, ਡੈਨੀ, ਨੂਤਨ, ਅਨਿਲ ਕਪੂਰ, ਅਤੇ ਪ੍ਰਾਣ ਇਸ ਫਿਲਮ ਦੇ ਮੁਖ ਸਿਤਾਰੇ ਹਨ। ਆਨੰਦ ਬਖਸ਼ੀ ਦੇ ਲਿਖੇ ਗੀਤਾਂ ਨੂੰ ਸੰਗੀਤ ਵਿਚ ਪਰੋਇਆ ਹੈ ਕਲਿਆਣ ਜੀ ਆਨੰਦ ਜੀ ਨੇ। ਦੇਖਦੇ ਹਾਂ ਕਿ ਇਸ ਵਾਰ ਗੁਲਸ਼ਨ ਰਾਏ ਲੋਕਾਂ ਦੀ ਆਸ ਮੁਤਾਬਕ ਪੂਰਾ ਉਤਰਦਾ ਹੈ ਕਿ ਨਹੀਂ!

ਪਹਿਲ

ਭਾਰਤ ਵਿਚ ਬਣਨ ਵਾਲੀ ਪਹਿਲੀ ਫਿਲਮ ਦਾ ਨਾਂ ਸੀ "ਰਾਜਾ ਹਰੀਸ਼ ਚੰਦਰ" ਅਤੇ ਪਹਿਲੀ ਬੋਲਣ ਵਾਲੀ ਫਿਲਮ ਸੀ "ਆਲਮ ਆਰਾ।" ਇਹ ਦੋਹੇਂ ਫਿਲਮਾਂ ਕਰਮਵਾਰ 1913 ਅਤੇ 1931 ਵਿਚ ਬਣੀਆਂ ਸਨ। ਇਸੇ ਤਰ੍ਹਾਂ ਪਹਿਲੀ ਟੈਕਨੀਕਲਰ ਫਿਲਮ ਸੀ, "ਆਨ" ਵੀ ਨਵੀਂ ਜੋ 1952 'ਚ ਤਿਆਰ ਹੋਈ!

JIM PATTISON
Pontiac Buick
GMC TRUCKS

JIM PATTISON

PONTIAC - BUICK - CADILLAC and GMC

3434 MAIN ST. VANCOUVER, B.C.

Tel. 879-4233

GM

Parlad Gill



Bus. 879 - 4233
Res. 435 - 1834



ਐਤਵਾਰ ਨੂੰ 10.30 ਵਜੇ ਸਵੇਰ ਤੋਂ ਲੈ ਕੇ 4.00 ਵਜੇ ਸ਼ਾਮ ਤੱਕ ਆਪਦੀ ਸੇਵਾ ਲਈ ਹਾਜ਼ਰ ਹਾਂ

1985 NEW PONTIAC LINE

Firefly, Sunburst, Acadian, T1000, Sunbird, Fiero, Firebird, Transam, Grand AM, Pontiac 6000, Bonneville & Parisenne

— BUICK LINE

Skyhawk - Skylark - Century — Regal Somerset — Regal — Lesabre — Electra Parkave.

— CADILLAC LINE

Cimmorow - Deville - Fleetwood - Eldordo - Sevile
— GMC — Pick up Van — Jimmy Available 2+4 Wheel DR.

Special Special Interest Rate at Selected Models 9.9% Intrest on up to April 30th 1985 on these models only'
Sunbird - Skyhawk - GMC S.15 Pick up & Jimmy

All Kind Used Car - Truck & Vanc at reasonable Price

ਜੰਮੂ-ਕਸ਼ਮੀਰ 'ਚ ਅਤਿਵਾਦੀਆਂ ਵਿਰੁਧ ਮੁਹਿੰਮ: 4 ਗ੍ਰਿਫਤਾਰ

ਨਵੀਂ ਦਿਲੀ: (ਪੀ. ਟੀ. ਆਈ.) — ਕੇਂਦਰ ਨੇ ਜੰਮੂ ਕਸ਼ਮੀਰ ਸਰਕਾਰ ਦਾ ਰਾਜ ਵਿਚ ਅਤਿਵਾਦੀ, ਕੌਮ ਵਿਰੋਧੀ ਅਤੇ ਵੱਖਵਾਦੀ ਅਨਸਰਾਂ ਦੀਆਂ ਸਰਗਰਮੀਆਂ ਵਲ ਧਿਆਨ ਦਿਵਾਇਆ ਹੈ ਤੇ ਕਿਹਾ ਹੈ ਕਿ ਇਨ੍ਹਾਂ ਅਨਸਰਾਂ ਵਿਰੁਧ ਮੁਨਾਸਿਬ ਕਾਰਵਾਈ ਕੀਤੀ ਜਾਵੇ ।

ਇਹ ਗੱਲ ਗ੍ਰਹਿ ਮੰਤਰੀ ਸ੍ਰੀ ਐਸ. ਬੀ. ਚਵਾਨ ਨੇ ਰਾਜ ਸਭਾ ਵਿਚ ਇਕ ਲਿਖਤੀ ਜਵਾਬ ਵਿਚ ਦਿਤੀ ।

ਜੰਮੂ: (ਪੀ. ਟੀ. ਆਈ.) — ਜੰਮੂ ਕਸ਼ਮੀਰ ਪੁਲੀਸ ਨੇ ਦਾਅਵਾ ਕੀਤਾ ਕਿ ਉਸ ਨੇ 4 ਦਹਿਸ਼ਤਪਸੰਦਾਂ ਨੂੰ ਉਸ ਸਮੇਂ ਗਿਰਫਤਾਰ ਕੀਤਾ ਜਦੋਂ ਉਹ ਪੰਜਾਬ ਵਾਲੇ ਪਾਸਿਓਂ ਲਖਨਪੁਰ ਤੋਂ ਜੰਮੂ ਕਸ਼ਮੀਰ ਵਿਚ ਦਾਖਲ ਹੋਣ ਦਾ ਯਤਨ ਕਰ ਰਹੇ ਸਨ ।

ਪੁਲੀਸ ਦੇ ਇਕ ਤਰਜਮਾਨ ਅਨੁਸਾਰ ਫਰੀਦਕੋਟ ਦੇ ਦੋ ਹੋਰ ਦਹਿਸ਼ਤਪਸੰਦਾਂ ਨੂੰ ਲਖਨਪੁਰ ਰੇਲਵੇ ਲਾਈਨ ਦੇ ਨੇੜਿਓਂ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਸ਼ੱਕੀ ਹਾਲਤਾਂ ਵਿਚ ਘੁੰਮ ਰਹੇ ਸਨ ।

ਦੋ ਸਿੱਖ ਨੌਜਵਾਨਾਂ ਨੂੰ ਸਾਧੂ ਦੇ ਭੇਸ ਵਿਚ ਉਸ ਸਮੇਂ ਅਖਨੂਰ ਪੁਲੀਸ ਨੇ ਗ੍ਰਿਫਤਾਰ ਕੀਤਾ ਜਦੋਂ ਉਹ ਚਹਿਨਾਬ ਦਰਿਆ ਦੇ ਕੰਢੇ 'ਤੇ ਘੁੰਮ ਰਹੇ ਸਨ। ਇਹ ਦੋਵੇਂ ਵਿਅਕਤੀ ਕ੍ਰਮਵਾਰ ਮਲੇਰਕੋਟਲਾ ਤੇ ਜਲੰਧਰ ਦੇ ਵਾਸੀ ਹਨ ।

ਜਿਨ੍ਹਾਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਉਹ ਹਨ ਜਸਵੰਤ ਸਿੰਘ (ਫਰੀਦਕੋਟ) ਮਨਜੀਤ ਸਿੰਘ (ਫਰੀਦਕੋਟ), ਦਿਲਬਾਗ ਸਿੰਘ (ਦਸੂਹਾ), ਅਤੇ ਮਹਿੰਦਰ ਸਿੰਘ (ਦਸੂਹਾ) ।

ਪੁਲੀਸ ਸੂਤਰਾਂ ਅਨੁਸਾਰ ਸ਼ੱਕੀ ਦਹਿਸ਼ਤਪਸੰਦਾਂ ਨੇ ਮੰਨਿਆ ਕਿ ਉਹ ਜੰਮੂ ਕਸ਼ਮੀਰ ਵਿਚ ਤੋੜਫੋੜ ਦੀ ਇਕ ਵਿਸ਼ੇਸ਼ ਯੋਜਨਾ ਤਹਿਤ ਦਾਖਲ ਹੋਏ ।

ਇਨ੍ਹਾਂ ਸੂਤਰਾਂ ਅਨੁਸਾਰ ਜੰਮੂ ਕਸ਼ਮੀਰ ਪੁਲੀਸ ਨੇ ਵੱਖਵਾਦੀ ਅਨਸਰਾਂ ਵਿਰੁਧ ਕਾਰਵਾਈ ਕਰਨ ਲਈ ਸਖਤ ਕਦਮ ਚੁਕੇ ਹਨ ਅਤੇ ਰਾਜ ਦੀਆਂ ਪੰਜਾਬ ਨਾਲ ਲਗਦੀਆਂ ਹੱਦਾਂ ਸੀਲ ਕਰ ਦਿਤੀਆਂ ਹਨ ।

ਜੰਮੂ ਤੋਂ ਸਾਡੇ ਵਿਸ਼ੇਸ਼ ਪ੍ਰਤੀਨਿਧ ਅਨੁਸਾਰ ਪੁਲੀਸ ਨੇ ਊਧਮਪੁਰ ਜ਼ਿਲੇ ਵਿਚ ਕਾਂਗਲੀ ਪਿੰਡ ਤੋਂ ਸੁਰਜੀਤ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ । ਉਸ ਕੋਲੋਂ ਇਕ ਗੈਰ ਲਾਈਸੈਂਸਸ਼ੁਦਾ ਰਾਈਫਲ ਤੇ ਗੋਲੀ ਸਿੱਕਾ ਬਰਾਮਦ ਹੋਇਆ ਹੈ ।

ਪੁਲੀਸ ਅਨੁਸਾਰ ਉਸ ਕੋਲੋਂ ਕੁਝ ਇਹੋ ਜਿਹੇ ਕਾਰਤੂਸ ਵੀ ਬਰਾਮਦ ਹੋਏ ਹਨ ਜੋ ਹਵਾਈ ਜਹਾਜ਼ਾਂ ਨੂੰ ਰਾਤ ਸਮੇਂ ਕੋਈ ਖਾਸ ਦਿਸ਼ਾ ਦੇਣ ਲਈ ਵਰਤੇ ਜਾਂਦੇ ਹਨ ।

ਬਰੇਲੀ: (ਪੀ. ਟੀ. ਆਈ.) — ਇਥੇ ਸਰਕਾਰੀ ਸੂਤਰਾਂ ਅਨੁਸਾਰ ਇਕ ਕਥਿਤ ਦਹਿਸ਼ਤਪਸੰਦ ਨੂੰ ਉਸ ਸਮੇਂ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਉਹ ਬਿਜਨੌਰ ਜ਼ਿਲੇ ਵਿਚ ਦੇਹਰ ਪੁਲੀਸ ਸਟੇਸ਼ਨ ਦੇ ਘੇਰੇ ਵਿਚ ਆਉਂਦੇ ਇਕ ਜੰਗਲ ਵਿਚ ਘੁੰਮ ਰਿਹਾ ਸੀ । ਉਸ ਕੋਲੋਂ ਇਕ ਦੇਸੀ ਬੰਦੂਕ ਤੇ ਕਾਫੀ ਮਾਤਰਾ ਵਿਚ ਗੋਲੀ ਸਿੱਕਾ ਬਰਾਮਦ ਹੋਇਆ ।

ਪੁਲੀਸ ਤੇ ਖੁਫੀਆ ਏਜੰਸੀਆਂ ਉਸ ਕੋਲੋਂ ਇਸ ਸਬੰਧੀ ਪੁਛਗਿਛ ਕਰ ਰਹੀਆਂ ਹਨ ਅਤੇ ਇਹ ਪਤਾ ਕੀਤਾ ਜਾ ਰਿਹਾ ਹੈ ਕਿ ਰਾਜ ਦੇ ਪੱਛਮੀ ਜ਼ਿਲਿਆਂ ਵਿਚ ਹੋਰ ਦਹਿਸ਼ਤਪਸੰਦਾਂ ਵਲੋਂ ਘੁਸਪੈਠ ਹੋਈ ਹੈ ਜਾਂ ਨਹੀਂ ।

ਹੁਣ ਬੰਬਾਂ ਦੀਆਂ ਅਫਵਾਹਾਂ

ਸੋਨੀਪਤ: (ਪੱਤਰ ਪ੍ਰੇਰਕ) — ਸਥਾਨਕ ਬੱਸ ਅੱਡੇ ਉਤੇ ਬੰਬ ਰੱਖੇ ਜਾਣ ਦੀ ਅਫਵਾਹ ਕਾਰਨ ਜ਼ਿਲਾ ਪ੍ਰਸ਼ਾਸਨ ਨੂੰ ਭਾਜੜਾਂ ਪੈ ਗਈਆਂ । ਕਿਸੇ ਨੇ ਸ਼ਹਿਰ 'ਚ ਇਹ ਗੱਲ ਫੈਲਾ ਦਿਤੀ ਕਿ ਜਨਰਲ ਬੱਸ ਅੱਡੇ 'ਚ ਟਰਾਂਜ਼ਿਸਟਰ ਵਰਗਾ ਬੰਬ ਪਿਆ ਮਿਲਿਆ ਹੈ ।

ਇਹ ਸੂਚਨਾ ਮਿਲਦੇ ਹੀ ਜ਼ਿਲੇ ਦੇ ਉਚ ਅਧਿਕਾਰੀ ਬੱਸ ਅੱਡੇ ਉਤੇ ਪਹੁੰਚੇ ਪਰ ਉਥੇ ਪੁਜ ਕੇ ਉਨ੍ਹਾਂ ਨੇ ਵੇਖਿਆ ਕਿ ਇਹ ਸਿਰਫ ਅਫਵਾਹ ਹੀ ਸੀ । ਪਰ ਅਧਿਕਾਰੀਆਂ ਨੇ ਬੱਸ ਅੱਡੇ ਉਤੇ ਵਾਧੂ ਪੁਲੀਸ ਫੋਰਸ ਤਾਇਨਾਤ ਕਰ ਦਿਤੀ ਤੇ ਚਿਤਾਵਨੀ ਦਿਤੀ ਕਿ ਅਫਵਾਹਾਂ ਫੈਲਾਉਣ ਵਾਲਿਆਂ ਵਿਰੁਧ ਸਖਤ ਕਾਰਵਾਈ ਕੀਤੀ ਜਾਵੇਗੀ ।

ਕਰਨਾਲ: (ਵਿਸ਼ੇਸ਼ ਪ੍ਰਤੀਨਿਧ) — ਕੁਝ ਸ਼ਰਾਰਤੀ ਅਨਸਰਾਂ ਵਲੋਂ ਇਥੇ ਕਰਨ ਗੇਟ ਨੇੜੇ ਮੇਨ ਬਜ਼ਾਰ 'ਚ ਨਕਲੀ ਬੰਬ ਰੱਖੇ ਜਾਣ ਕਾਰਨ ਲੋਕਾਂ 'ਚ ਸਹਿਮ ਛਾ ਗਿਆ ।

ਦਸਿਆ ਜਾਂਦਾ ਹੈ ਕਿ ਇਕ ਦੋਧੀ ਸਵੇਰੇ ਸਵੇਰੇ ਜਦੋਂ ਆਪਣੇ ਗਾਹਕਾਂ ਦੇ ਘਰੀਂ ਦੁਧ ਦੇਣ ਜਾ ਰਿਹਾ ਸੀ ਤਾਂ ਉਸ ਨੇ ਸੜਕ ਉਤੇ ਗੇਂਦ ਵਰਗੀਆਂ ਦੋ ਵਸਤਾਂ ਪਈਆਂ ਵੇਖੀਆਂ । ਥੋੜ੍ਹੀ ਦੇਰ ਬਾਅਦ ਉਥੇ ਸੈਂਕੜੇ ਲੋਕ ਇਕੱਠੇ ਹੋ ਗਏ। ਇਸ ਦੀ ਸੂਚਨਾ ਮਿਲਦੇ ਹੀ ਪੁਲੀਸ ਤੁਰੰਤ ਉਥੇ ਪੁਜੀ। ਜਦੋਂ ਇਨ੍ਹਾਂ ਵਸਤਾਂ ਦੀ ਨੇੜਿਓਂ ਘੋਖ ਕੀਤੀ ਗਈ ਤਾਂ ਇਹ ਕਾਲੇ ਧਾਗੇ 'ਚ ਲਪੇਟੀਆਂ ਦੋ ਗੇਂਦਾ ਨਿਕਲੀਆਂ ।

ਯਮੁਨਾਨਗਰ: (ਪੱਤਰ ਪ੍ਰੇਰਕ) — ਯਮੁਨਾਨਗਰ ਸ਼ਹਿਰ ਵਿਚ ਇਕ ਪਾਰਕ ਦੇ ਗੇਟ ਨੇੜਿਓਂ ਬੰਬ ਵਰਗੀ ਇਕ ਚੀਜ਼ ਮਿਲਣ ਕਾਰਨ ਲੋਕ ਘਬਰਾ ਗਏ। ਪੁਲੀਸ ਨੇ ਪਤਾ ਲਗਦਿਆਂ ਹੀ ਧਮਾਕਾਖੇਜ਼ ਵਸਤਾਂ ਬਾਰੇ ਮਾਹਿਰ ਮਧੂਬਨ ਤੋਂ ਬੁਲਾਏ । ਉਨ੍ਹਾਂ ਨੇ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਹਾਜ਼ਰੀ ਵਿਚ ਉਸ ਵਸਤੂ ਨੂੰ ਚੈੱਕ ਕਰਕੇ ਦਸਿਆ ਕਿ ਇਹ ਬਿਜਲੀ ਦੀ ਮੋਟਰ ਦਾ ਕੋਈ ਪੁਰਜ਼ਾ ਸੀ ।



ਸ਼ਬਾਨਾ ਆਜ਼ਮੀ ਤੇ ਨਸੀਰੂਦੀਨ ਸ਼ਾਹ ਹੋਰਾਂ ਨੂੰ ਫਿਲਮ 'ਪਾਰ' 'ਚ ਵਧੀਆ ਅਭਿਨੈ ਕਰਨ ਲਈ ਕੌਮੀ ਇਨਾਮ ਮਿਲਿਆ ।

ਚੌ. ਬਲਬੀਰ ਸਿੰਘ ਦੀ ਪਤਨੀ ਪ੍ਰਧਾਨ ਬਣੀ

ਹੁਸ਼ਿਆਰਪੁਰ, (ਨਿੱਜੀ ਪੱਤਰ ਪ੍ਰੇਰਕ)—ਸਥਾਨਕ ਡੀ.ਏ.ਵੀ. ਕਾਲਜ ਦੀ ਪ੍ਰਬੰਧਕੀ ਕਮੇਟੀ ਦੀ ਕਲ੍ਹ ਇਥੇ ਹੋਈ ਇਕ ਜ਼ਰੂਰੀ ਮੀਟਿੰਗ ਵਿਚ ਸਵਰਗੀ ਚੌਧਰੀ ਬਲਬੀਰ ਸਿੰਘ ਦੀ ਪਤਨੀ ਸ੍ਰੀਮਤੀ ਪ੍ਰੇਮ ਚੌਧਰੀ ਨੂੰ ਪ੍ਰਬੰਧਕੀ ਕਮੇਟੀ ਦੀ ਚੇਅਰਮੈਨ ਚੁਣ ਲਿਆ ਗਿਆ। ਇਸ ਤੋਂ ਪਹਿਲਾਂ ਚੌਧਰੀ ਬਲਬੀਰ ਸਿੰਘ ਹੀ ਕਮੇਟੀ ਦੇ ਪ੍ਰਧਾਨ ਸਨ।

ਇਸ ਕਮੇਟੀ ਵਲੋਂ ਡੀ. ਏ. ਵੀ. ਕਾਲਜ, ਧਾਰੀਵਾਲ, ਕਾਹਮੀ ਦੇਵੀ, ਬ੍ਰਹਮਪੁਰ, ਪੁਰੇਵਾਲ, ਹਰਿਆਣਾ ਅਤੇ ਪੱਟੀ ਵਿਚ ਹਾਈ ਤੇ ਹਾਇਰ ਸੈਕੰਡਰੀ ਸਕੂਲ ਦੇ ਇਲਾਵਾ 5 ਮਾਡਲ ਸਕੂਲ ਵੀ ਚਲਾਏ ਜਾ ਰਹੇ ਹਨ। ਇਸ ਕਮੇਟੀ ਦੇ 30 ਮੈਂਬਰ ਹਨ । ਮੈਂਬਰਾਂ ਨੇ ਪਹਿਲਾਂ ਸ੍ਰੀਮਤੀ ਪ੍ਰੇਮ ਚੌਧਰੀ ਨੂੰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਅਤੇ ਬਾਅਦ ਵਿਚ ਸਰਬਸੰਮਤੀ ਨਾਲ ਚੇਅਰਮੈਨ ਚੁਣ ਲਿਆ ।

ਭਾਰਤ ਵਲੋਂ ਪਾਕਿ ਨੂੰ 5 ਲੱਖ ਟਨ ਕਣਕ ਦੀ ਪੇਸ਼ਕਸ਼

ਇਸਲਾਮਾਬਾਦ, , (ਯੂ. ਐਨ. ਆਈ.)—ਭਾਰਤ ਵਲੋਂ ਪਾਕਿਸਤਾਨ ਨੂੰ 5 ਲੱਖ ਟਨ ਕਣਕ ਵੇਚਣ ਦੀ ਪੇਸ਼ਕਸ਼ ਕੀਤੀ ਗਈ ਹੈ ।

ਭਾਰਤ ਵਲੋਂ ਇਹ ਪੇਸ਼ਕਸ਼ ਪਾਕਿਸਤਾਨ ਵਿਚ ਭਾਰਤੀ ਰਾਜਦੂਤ ਸ੍ਰੀ ਡੀ. ਸ਼ਰਮਾ ਵਲੋਂ ਪਾਕਿਸਤਾਨੀ ਚੈਂਬਰਜ਼ ਆਫ ਕਾਮਰਸ ਦੇ ਕਾਰਜਕਾਰੀ ਪ੍ਰਧਾਨ ਜਮਾਲ ਭਾਈ ਨੂੰ ਕੀਤੀ ਗਈ ।

ਖੇਡ ਵਿਅੰਗ

ਹਮੇਸ਼ਾ ਬਿਨਾਂ ਕੋਈ ਰਨ ਬਣਾਏ ਆਊਟ ਹੋਣ ਵਾਲਾ ਇਕ ਗੇਂਦਬਾਜ਼ ਜਦੋਂ ਬੱਲੇਬਾਜ਼ੀ ਲਈ ਨਿਕਲਿਆ ਉਦੋਂ ਹੀ ਉਸ ਦੀ ਪਤਨੀ ਦਾ ਫ਼ੋਨ ਆ ਗਿਆ। ਉਸ ਨੇ ਆਪਣੇ ਪਤੀਦੇਵ ਨਾਲ ਗੱਲ ਕਰਨ ਦੀ ਇੱਛਾ ਪ੍ਰਗਟ ਕੀਤੀ ।

ਪਤੀ ਦੇ ਦੋਸਤ ਨੇ ਉੱਤਰ ਦਿਤਾ, । "ਉਹ ਤਾਂ ਬੱਲੇਬਾਜ਼ੀ ਕਰਨ ਜਾ ਚੁੱਕੇ ਹਨ। ਪਰ ਤੁਸੀਂ ਰਸੀਵਰ ਨਾ ਰਖਣਾ ਉਹ ਵਾਪਸ ਆਉਂਦੇ ਹੀ ਹੋਣਗੇ ।

***

ਜਦ ਪਤੀਦੇਵ ਨੂੰ ਹੋਰ ਕੋਈ ਸਾਥੀ ਨਾ ਮਿਲਿਆ ਤਾਂ ਉਸ ਨੇ ਆਪਣੇ ਨੌਕਰ ਨੂੰ ਗੇਂਦ ਫੜਾਈ ਤੇ ਆਪ ਬੱਲੇਬਾਜ਼ੀ ਕਰਨ ਲੱਗਾ । ਉਸ ਦੀ ਸੁਟੀ ਹੋਈ ਇਕ ਗੇਂਦ ਚੌਕੇ ਵਿਚ ਚਲੀ ਗਈ । ਜਦੋਂ ਨੌਕਰ ਉੱਥੇ ਪੁਜਿਆ ਤਾਂ ਘਰ ਦੀ ਮਾਲਕਣ ਨੇ ਉਸ ਨੂੰ ਦਹੀਂ ਲੈਣ ਭੇਜ ਦਿੱਤਾ ।

ਜਦੋਂ ਨੌਕਰ ਦਹੀਂ ਲੈ ਕੇ ਵਾਪਸ ਲਾਅਨ ਵਿਚ ਆਇਆ ਤਾਂ ਪਤੀਦੇਵ ਹਫਦੇ ਹੋਏ ਵਿਕਟਾਂ ਵਿਚਾਲੇ ਦੌੜ ਦੌੜ ਕੇ ਕਹਿ ਰਹੇ ਸਨ, "ਤਿੰਨ ਸੋ ਸੱਤ ਰਨ... ਤਿੰਨ ਸੋ ਅੱਠ ਰਨ, ਤਿੰਨ ਸੋ ਨੌ ਰਨ...।"

***

ਇਕ ਪ੍ਰਸਿੱਧ ਗੇਂਦਬਾਜ਼ ਦੀ ਗੇਂਦ ਸਿੱਧੀ ਬੱਲੇਬਾਜ਼ ਦੇ ਸਿਰ ਤੇ ਲੱਗੀ ਪਰ ਉਹ ਸਿਰ ਮਲ ਕੇ ਅਗਲੀ ਗੇਂਦ ਦੀ ਤਿਆਰੀ ਕਰਨ ਲੱਗਾ । ਗੇਂਦਬਾਜ਼ ਉਸ ਦੇ ਕੋਲ ਗਿਆ ਤੇ ਬੋਲਿਆ, 'ਕਮਾਲ ਏ, ਮੇਰੀ ਗੇਂਦ ਲਗਣ ਨਾਲ ਤਾਂ ਚੰਗੇ ਚੰਗੇ ਢਹਿ ਢੇਰੀ ਹੋ ਜਾਂਦੇ ਹਨ ਪਰ ਤੈਨੂੰ ਤਾਂ ਕੁਝ ਹੋਇਆ ਹੀ ਨਹੀਂ ।'

ਬੱਲੇਬਾਜ਼ ਨੇ ਸ਼ਰਮਾਉਂਦਿਆਂ ਕਿਹਾ, 'ਜੀ ਇਸ ਦਾ ਸਿਹਰਾ ਮੇਰੀ ਪਤਨੀ ਤੇ ਉਸ ਦੇ ਵੇਲਣੇ ਦੇ ਸਿਰ ਹੈ ।'

***

ਉਹ ਆਪਣੇ ਦਸ ਬੱਚਿਆਂ ਨਾਲ ਕ੍ਰਿਕਟ ਦਾ ਅਭਿਆਸ ਕਰ ਰਹੇ ਸਨ । ਉਨ੍ਹਾਂ ਦੇ ਬੈਟ ਨਾਲ ਗੇਂਦ ਉਛਲ ਕੇ ਉਨ੍ਹਾਂ ਦੀ ਪਤਨੀ ਦੇ ਸਿਰ ਤੇ ਜਾ ਵੱਜੀ । ਪਤਨੀ ਨੇ ਚਿੜ ਕੇ ਗੇਂਦ ਚੁੱਕੀ ਤੇ ਉਤਨੀ ਹੀ ਤੇਜ਼ੀ ਨਾਲ ਪਤੀ ਵੱਲ ਸੁੱਟੀ । ਗੇਂਦ ਠੀਕ ਪਤੀ ਦੇ ਸਿਰ 'ਤੇ ਜਾ ਵੱਜੀ ।

'ਰਿੰਕੂ ਦੀ ਮੰਮੀ, ਤੂੰ ਤਾਂ ਮੇਰਾ ਸਿਰ ਹੀ ਪਾੜ ਦਿਤਾ ਏ', ਪਤੀ ਨੇ ਕਿਹਾ ।

'ਮੈਨੂੰ ਤੁਹਾਡੇ ਵਾਂਗ ਇਕ ਇਕ ਜਾਂ ਦੋ ਦੋ ਰੰਨ ਬਨਾਉਣ ਦੀ ਆਦਤ ਨਹੀਂ, ਇਸ ਲਈ ਸਿੱਧਾ ਛੱਕਾ ਬਣਾ ਦਿਤਾ ਏ', ਪਤਨੀ ਨੇ ਉੱਤਰ ਦਿਤਾ ।

***

ਜਦੋ ਮੈਚ ਲਈ ਕੋਈ ਅੰਪਾਇਰ ਨਾ ਮਿਲਿਆ ਤਾਂ ਸ੍ਰੀ ਜੀ ਨੂੰ ਹੀ ਅੰਪਾਇਰ ਬਣਾ ਦਿਤਾ ਗਿਆ । ਦੂਸਰੇ ਹੀ ਓਵਰ ਵਿਚ ਐਲ. ਬੀ. ਡਬਲਿਊ. ਦੀ ਇਕ ਜ਼ੋਰਦਾਰ ਅਪੀਲ ਹੋਈ । ਸ੍ਰੀ ਜੀ ਨੂੰ ਚੁੱਪ ਵੇਖ ਕੇ ਗੇਂਦਬਾਜ਼ ਨੇ ਕਿਹਾ, 'ਤੁਸੀਂ ਕੋਈ ਫੈਸਲਾ ਕਿਉਂ ਨਹੀਂ ਦਿੰਦੇ ?'

'ਫੈਸਲਾ ਕੀ ਖਾਕ ਦੇਵਾਂ, ਬੱਲੇਬਾਜ਼ ਦੇ ਪੈਰ ਤਾਂ ਵਿਕਟ ਦੇ ਅੱਗੇ ਹਨ । ਮੈਨੂੰ ਕੁਝ ਵੀ ਦਿਖਾਈ ਨਹੀਂ ਦੇ ਰਿਹਾ', ਅੰਪਾਇਰ ਨੇ ਕਿਹਾ ।

***

ਕ੍ਰਿਕਟ ਦਾ ਮੈਚ ਹੋ ਰਿਹਾ ਸੀ । ਇਕ ਪਾਦਰੀ ਦਰਸ਼ਕਾਂ ਵਿਚ ਬੈਠਾ ਮੈਚ ਵਿਚ ਬੜੀ ਦਿਲਚਸਪੀ ਲੈ ਰਿਹਾ ਸੀ । ਇਕ ਮੌਕੇ ਤੇ ਗੇਂਦ ਪਾਦਰੀ ਦੇ ਗੋਡੇ 'ਤੇ ਆ ਵੱਜੀ । ਕੁਝ ਲੋਕ ਉਸ ਦੇ ਆਲੇ ਦੁਆਲੇ ਇਕੱਠੇ ਹੋ ਗਏ ਅਤੇ ਪਾਦਰੀ ਦੇ ਗੋਡੇ ਬਾਰੇ ਚਿੰਤਾ ਪ੍ਰਗਟ ਕਰਨ ਲਗੇ । ਪਾਦਰੀ ਨੇ ਹਸ ਕੇ ਕਿਹਾ, 'ਚਿੰਤਾ ਦੀ ਕੋਈ ਗੱਲ ਨਹੀਂ । ਪਰਮਾਤਮਾ ਦੇ ਸਾਹਮਣੇ ਪ੍ਰਾਰਥਨਾ ਕਰਦਿਆਂ ਹੋਇਆਂ ਅਜ ਤੱਕ ਗੋਡਿਆਂ ਦੇ ਭਾਰ ਇਨੀ ਵੇਰ ਖੜ੍ਹਾ ਹੋਣਾ ਪਿਆ ਏ ਕਿ ਇਹ ਹੁਣ ਬਹੁਤ ਮਜ਼ਬੂਤ ਹੋ ਗਏ ਹਨ ਅਤੇ ਛੋਟੀ ਮੋਟੀ ਸੱਟ ਦੀ ਪ੍ਰਵਾਹ ਨਹੀਂ ਕਰਦੇ ।

***

ਇਕ ਕੁਆਰੇ ਖਿਡਾਰੀ ਨੇ ਵਿਆਹੇ ਹੋਏ ਕ੍ਰਿਕਟ ਖਿਡਾਰੀ ਨੂੰ ਪੁਛਿਆ, 'ਯਾਰ ਇਹ ਗੱਲ ਦਸ ਕਿ ਤੂੰ ਫੀਲਡ ਵਿਚ ਇਨੇ ਸੁੰਦਰ ਕੈਚ ਕਿਵੇਂ ਕਰ ਲੈਂਦਾ ਏ ?"

ਵਿਆਹੇ ਹੋਏ ਕ੍ਰਿਕਟ ਖਿਡਾਰੀ ਨੇ ਲੰਬਾ ਸਾਹ ਲੈਂਦਿਆਂ ਕਿਹਾ, 'ਮੈਂ ਵਿਆਹਿਆ ਹੋਇਆ ਹਾਂ ਨਾ ?'

ਕੁਆਰੇ ਖਿਡਾਰੀ ਨੇ ਹੈਰਾਨੀ ਨਾਲ ਪੁੱਛਿਆ, 'ਕੀ ਮਤਲਬ ?'

'ਮਤਲਬ ਇਹ ਕਿ ਜਦੋਂ ਮੇਰੀ ਪਤਨੀ ਗੁੱਸੇ ਵਿਚ ਹੁੰਦੀ ਏ ਤਾਂ ਉਹ ਮੈਨੂੰ ਘਰ ਦਾ ਸਾਰਾ ਸਮਾਨ ਚੁੱਕ ਚੁੱਕ ਕੇ ਮਾਰਦੀ ਏ। ਆਪਣੇ ਆਪ ਨੂੰ ਬਚਾਉਣ ਅਤੇ ਘਰ ਦੇ ਸਮਾਨ ਦੇ ਨੁਕਸਾਨ ਤੋਂ ਬਚਣ ਲਈ ਮੈਨੂੰ ਕੈਚ ਕਰਨਾ ਪੈਂਦਾ ਏ', ਵਿਆਹੇ ਹੋਏ ਕ੍ਰਿਕਟ ਖਿਡਾਰੀ ਨੇ ਦਸਿਆ।

***

ਪੇਸ਼ਕਸ਼ : ਗੁਰਬਖਸ਼ ਸਿੰਘ

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address...
City..
Province..
Postal code..
PHONE.

One Year	20 dollars
Two Year	35 dollars
Three year	50 dollars
Life membership	200 dollars
ASIA	80 dollars(a year)
U.S.A.	25 dollars(a year)
Europe	80 dollars(a year)
Africa	80 dollars(a year)

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ? ਕ੍ਰਿਪਾ ਕਰਕੇ ਸਾਨੂੰ ਜ਼ਰੂਰ ਦੱਸੋ।

ਚਿਟ ਨੰਬਰ————————
ਪੁਰਾਣਾ ਪਤਾ————————
————————
————————
————————
ਨਵਾਂ ਪਤਾ ਸਟਰੀਟ/ਐਵੇਨਿਊ————————
ਟਾਊਨ————————
ਸਟੇਟ————————
ਪੋਸਟਲ ਕੋਡ————————
ਫੋਨ ਨੰਬਰ————————

•

ਇਕ ਬੰਦਾ ਲੋਕਾਂ ਦੀ ਭੀੜ ਸਾਹਮਣੇ ਖੜਾ ਕਹਿ ਰਿਹਾ ਸੀ :

"ਨੋਟ ਬਣਾਉਣ ਵਾਲੀ ਮਸ਼ੀਨ ਵੇਚ ਰਿਹਾਂ । ਇਕਦਮ ਅਸਲੀ ਨੋਟ ਬਣਾਉਣ ਵਾਲੀ ! ਇਨ੍ਹਾਂ ਨੋਟਾਂ ਨੂੰ ਕੋਈ ਜਾਅਲੀ ਨਹੀਂ ਕਹਿ ਸਕਦਾ, ਕੋਈ ਲੈਣੋਂ ਨਾਂਹ ਨਹੀਂ ਕਰ ਸਕਦਾ । ਇਹ ਮੇਰਾ ਦਾਹਵਾ ਏ । ਜੇ ਇਹ ਦਾਹਵਾ ਗ਼ਲਤ ਨਿਕਲੇ, ਤਾਂ ਜੋ ਸਜ਼ਾ ਚੋਰ ਦੀ, ਉਹ ਸਜ਼ਾ ਮੇਰੀ ।...."

ਭੀੜ 'ਚੋਂ ਕਿਸੇ ਨੇ ਪੁੱਛਿਆ, "ਤੇ ਮਸ਼ੀਨ ਦੀ ਕੀਮਤ ?"

"ਸਿਰਫ਼ ਦੱਸ ਰੁਪਏ ।"

ਕਈ ਲੋਕਾਂ ਨੇ ਦਸ-ਦਸ ਰੁਪਏ ਦੇਣੇ ਸ਼ੁਰੂ ਕਰ ਦਿਤੇ। ਜਦ ਉਸ ਬੰਦੇ ਨੇ ਕਾਫ਼ੀ ਸਾਰੇ ਨੋਟ 'ਕੱਠੇ ਕਰ ਲਏ, ਤਾਂ ਆਪਣੇ ਸਾਹਮਣੇ ਰੱਖੀ ਗਠੜੀ ਖੋਹਲ ਕੇ ਲੋਕਾਂ ਨੂੰ ਕਿਹਾ, "ਲਓ, ਚੁੱਕ ਲਓ ਆਪਣੀ ਆਪਣੀ ਮਸ਼ੀਨ ।"

ਗਠੜੀ ਵਿਚ ਗਾਂਧੀ ਟੋਪੀਆਂ ਸਨ ।

•

ਇਸ ਐਡ ਨੂੰ ਨਾਲ ਲੈ ਕੇ ਆਉਣ ਵਾਲੇ ਤੋਂ ਸਿਰਫ ਪੰਜ ਡਾਲਰ ਲਏ ਜਾਣਗੇ ।

FORTUNE TELLER

MRS. BELINDA with her God Gifted Powers will advise and help you in all problems of life, luck, business, marriage, love, health, etc, etc. She speaks French, Egnlish and Italian. MIND, PALM and TAROT CARD READING. Why suffer through life's miseries? She guarantees to help you and your loved ones. One visit will benefit you. Call Today for a better tomorrow. All reading private & confidential.

[604] 876-4202
VANCOUVER, B.C.

ਅਕਾਲੀ ਨੇਤਾਵਾਂ ਵਲੋਂ ਦੋ ਸਿੰਘ ਸਾਹਿਬਾਂ ਨੂੰ ਹਟਾਉਣ ਦੀ ਮੰਗ

ਗੁਰਦਾਸਪੁਰ: ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰਾਂ ਦਰਸ਼ਨ ਸਿੰਘ ਈਸਾਪੁਰ ਅਤੇ ਮਾਸਟਰ ਅਜੀਤ ਸਿੰਘ ਸੇਖੋਂ ਨੇ ਪੱਤਰਕਾਰਾਂ ਨੂੰ ਦਸਿਆ ਕਿ ਉਹ ਬਾਬਾ ਜੋਗਿੰਦਰ ਸਿੰਘ ਭਿੰਡਰਾਂਵਾਲਾ ਨੂੰ ਛੇਤੀ ਹੀ ਮਿਲ ਕੇ ਇਕ ਮੰਗ ਪੱਤਰ ਦੇਣਗੇ ਜਿਸ ਰਾਹੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਅਤੇ ਦਰਬਾਰ ਸਾਹਿਬ ਦੇ ਹੈਡ ਗਰੰਥੀ ਗਿਆਨੀ ਸਾਹਿਬ ਸਿੰਘ ਇਨ੍ਹਾਂ ਨੂੰ ਪਦਵੀਆਂ ਤੋਂ ਹਟਾਉਣ ਦੀ ਮੰਗ ਕੀਤੀ ਜਾਵੇਗੀ ਕਿਉਂਕਿ ਇਨ੍ਹਾਂ ਦੋਨਾਂ ਸਿੰਘ ਸਾਹਿਬਾਨ ਨੇ ਇਨ੍ਹਾਂ ਧਾਰਮਿਕ ਪਦਵੀਆਂ ਦੀ ਤੌਹੀਨ ਕੀਤੀ ਹੈ ਅਤੇ ਸਰਕਾਰ ਨਾਲ ਮਿਲੀ-ਭਗਤ ਕਾਰਨ ਸਿੱਖ ਕੌਮ ਦਾ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਇਆ ਹੈ।

ਇਨ੍ਹਾਂ ਨੇਤਾਵਾਂ ਨੇ ਸਿੰਘ ਸਾਹਿਬਾਨ ਦੇ ਟੀ. ਵੀ. ਉਤੇ ਦਿਤੇ ਬਿਆਨਾਂ ਉਤੇ ਟਿਪਣੀ ਕਰਦੇ ਹੋਏ ਕਿਹਾ ਕਿ ਇਹ ਬਿਆਨ ਸੱਚ 'ਤੇ ਅਧਾਰਤ ਨਹੀਂ ਸਨ, ਸਗੋਂ ਇਨ੍ਹਾਂ ਬਿਆਨਾਂ ਕਾਰਨ ਸਿਖ ਸੰਗਤਾਂ ਨੂੰ ਭੁਲੇਖਾ ਪਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਪਵਿੱਤਰ ਅਸਥਾਨ 'ਤੇ ਸਿਖ ਯੁਵਕਾਂ ਤੇ ਪੁਲੀਸ ਵਲੋਂ ਕੀਤੇ ਗਏ ਅਤਿਆਚਾਰ ਲਈ ਵੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੀ ਜ਼ਿਮੇਂਵਾਰ ਹਨ। ਸਿੰਘ ਸਾਹਿਬਾਨ ਵਲੋਂ ਸਰਕਾਰੀ ਗੱਡੀਆਂ ਦੀ ਵਰਤੋਂ ਅਤੇ ਸਰਕਾਰ ਨਾਲ ਗੁਪਤ ਭੇਤ ਅਤੇ ਸੰਪਰਕ ਰੱਖਣ ਦੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਸਮਾਂ ਆਉਣ ਉਤੇ ਇਨ੍ਹਾਂ ਨੂੰ ਸਿਖ ਸੰਗਤਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।

ਮਾਝਾ ਖੇਤਰ ਦੇ ਇਨ੍ਹਾਂ ਦੋਹਾਂ ਲੀਡਰਾਂ ਨੇ ਤਜ਼ਵੀਜ਼ ਕੀਤਾ ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਦੀ ਰਿਟਾਇਰ ਆਯੂ ਪੂਰੀ ਹੋ ਚੁਕੀ ਹੈ ਇਸ ਲਈ ਇਨ੍ਹਾਂ ਦੀ ਥਾਂ ਗਿਆਨੀ ਪੂਰਨ ਸਿੰਘ ਜੋ ਕਿ ਕੌਮੀ ਸੁਰੱਖਿਆ ਐਕਟ ਅਧੀਨ ਗ੍ਰਿਫਤਾਰ ਹਨ, ਨੂੰ ਅਕਾਲ ਤਖਤ ਸਾਹਿਬ ਦਾ ਨਵਾਂ ਜਥੇਦਾਰ ਥਾਪਿਆ ਜਾਵੇ।

ਸੁਖਨਾ ਝੀਲ 'ਤੇ ਬੰਬ ਮਿਲਿਆ

ਚੰਡੀਗੜ੍ਹ: (ਪੱਤਰ ਪ੍ਰੇਰਕ) — ਸੁਖਨਾ ਝੀਲ ਦੇ ਨੇੜੇ ਐਚ. ਈ. 36 ਕਿਸਮ ਦਾ ਇਕ ਹੈਂਡ ਗ੍ਰਨੇਡ ਮਿਲਿਆ ਇਤਲਾਹ ਮਿਲਣ ਤੇ ਪੁਲੀਸ ਪਾਰਟੀ ਤੇ ਵਿਸਫੋਟਕ ਪਦਾਰਥਾਂ ਦੇ ਮਾਹਿਰ ਮੌਕੇ ਤੇ ਪਹੁੰਚ ਗਏ ਤੇ ਹੈਂਡ ਗ੍ਰਨੇਡ ਕਬਜ਼ੇ ਵਿਚ ਲੈ ਲਿਆ। ਪੁਲੀਸ ਨੇ ਮੁਕੱਦਮਾ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿਤੀ।

ਹੈਂਡ ਗ੍ਰਨੇਡ ਤੇ ਪਿੰਨ ਲਗਿਆ ਹੋਇਆ ਸੀ। ਸਭ ਤੋਂ ਪਹਿਲਾਂ ਇਹ ਹੈਂਡ ਗ੍ਰਨੇਡ ਇਕ ਪੁਲੀਸ ਪਾਰਟੀ ਜਿਹੜੀ ਕਿ ਗਸ਼ਤ ਕਰ ਰਹੀ ਸੀ, ਨੇ ਵੇਖਿਆ। ਇਸ ਦੇ ਮਗਰੋਂ ਉੱਚ ਪੁਲੀਸ ਅਧਿਕਾਰੀ ਮੌਕੇ ਤੇ ਪਹੁੰਚ ਗਏ।

ਇਥੇ ਇਹ ਗੱਲ ਵਰਨਣਯੋਗ ਹੈ ਕਿ ਪਿਛਲੇ ਦੋ ਦਿਨਾਂ ਤੋਂ ਬੰਬ ਧਮਾਕਿਆਂ ਦੀਆਂ ਕਈ ਅਫਵਾਹਾਂ ਫੈਲੀਆਂ ਹੋਈਆਂ ਸਨ।

ਪੁਲੀਸ ਨੂੰ ਸੈਕਟਰ 28 ਤੋਂ ਲਾਈਟ ਮਸ਼ੀਨਗੰਨ ਦੇ ਕੁਝ ਕਾਰਤੂਸ ਮਿਲੇ। ਪੁਲੀਸ ਨੇ ਕਾਰਤੂਸ ਕਬਜ਼ੇ ਵਿਚ ਲੈ ਕੇ ਤਫਤੀਸ਼ ਕਰ ਦਿਤੀ ਹੈ।

ਅਗਲੇ ਅੰਕ ਵਿਚ ਕਸ਼ਮੀਰਾ ਸਿੰਘ ਪਹਿਲਵਾਨ ਨਾਲ ਵਿਸ਼ੇਸ਼ ਮੁਲਾਕਾਤ ਪੜ੍ਹੋ

ਵਿਸ਼ੇਸ਼ ਪਰ ਸੰਖੇਪ

ਪੱਛਮੀ ਦਿਲੀ ਵਿਚ ਦੋ ਬੱਚੇ ਮਰੇ

ਬੰਬ ਫਟਣ ਨਾਲ ਦੋ ਬੱਚਿਆਂ ਦੀ ਮੌਤ ਪੱਛਮੀ ਦਿਲੀ ਵਿਚ ਹੋ ਗਈ ਹੈ।

ਛੇ ਦਹਿਸ਼ਤਪਸੰਦ ਹੋਰ ਗ੍ਰਿਫਤਾਰ

ਦਿਲੀ ਵਿਚ ਬੰਬ ਧਮਾਕੇ ਕਰਨ ਵਾਲੇ ਛੇ ਹੋਰ ਦਹਿਸ਼ਤਪਸੰਦ ਫੜੇ ਗਏ ਹਨ — ਇਸ ਤਰ੍ਹਾਂ ਕੁਲ 9 ਦਹਿਸ਼ਤ ਪਸੰਦ ਫੜੇ ਗਏ ਹਨ। ਤਿੰਨ ਦਹਿਸ਼ਤਪਸੰਦ ਪਹਿਲਾਂ ਫੜੇ ਗਏ ਸਨ।

ਅਮਰੀਕਾ ਵਿਚ ਦਹਿਸ਼ਤਪਸੰਦਾਂ ਦੀ ਜ਼ਮਾਨਤ ਰੱਦ

ਅਮਰੀਕਾ ਵਿਚ ਫੜੇ ਗਏ ਪੰਜ ਦਹਿਸ਼ਤਪਸੰਦਾਂ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿਤੀ ਗਈ ਹੈ। ਐਫ. ਬੀ. ਆਈ. ਦੋ ਦਹਿਸ਼ਤਪਸੰਦਾਂ ਦੀ ਅਜੇ ਵੀ ਭਾਲ ਵਿਚ ਹੈ।

ਗੁਰੀਲਾ ਸਿਖਲਾਈ ਕੈਂਪ ਦੀ ਵੀ ਸਕੀਮ ਸੀ

ਨਿਊਯਾਰਕ: (ਏ. ਪੀ.) — ਅਮਰੀਕੀ ਦੌਰੇ ਦੌਰਾਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਦੀ ਸਾਜ਼ਸ਼ ਰਚਣ ਵਾਲੇ ਲੋਕਾਂ ਨੇ ਨਿਊ ਜਰਸੀ ਵਿਚ ਕੋਲੰਬੀਆ ਲਾਗੇ ਡੇਲਾਵਰੇ ਦਰਿਆ ਉਤੇ ਗੁਰੀਲਾ ਸਿਖਲਾਈ ਕੈਂਪ ਖੋਲ੍ਹਣ ਦਾ ਪ੍ਰੋਗਰਾਮ ਮਿਥਿਆ ਸੀ।

ਫੈਡਰਲ ਅਧਿਕਾਰੀਆਂ ਅਨੁਸਾਰ ਉਨ੍ਹਾਂ ਨੇ ਐਫ. ਬੀ. ਆਈ. ਦੇ ਏਜੰਟ, ਜਿਹੜਾ ਉਨ੍ਹਾਂ ਦਾ ਵਿਸ਼ਵਾਸ ਜਿੱਤ ਕੇ ਉਨ੍ਹਾਂ ਵਿਚ ਸਾਮਲ ਹੋ ਗਿਆ ਸੀ, ਨੂੰ ਇਹ ਵੀ ਕਿਹਾ ਸੀ ਕਿ ਸ੍ਰੀ ਗਾਂਧੀ ਦਾ ਕਤਲ ਕਰਨ ਲਈ ਕੋਈ ਬੰਦਾ ਲੱਭ ਕੇ ਦਿਤਾ ਜਾਵੇ।

ਵਾਸ਼ਿੰਗਟਨ ਵਿਚ ਅਮਰੀਕਾ ਵਿਚ ਰਹਿੰਦੇ ਸਿੱਖਾਂ ਦੀ ਇਕ ਸੰਸਥਾ, ਨੈਸ਼ਨਲ ਐਸੋਸੀਏਸ਼ਨ ਆਫ ਸਿਖਜ਼ ਦੇ ਇਕ ਬੁਲਾਰੇ ਰਾਜਵੰਤ ਸਿੰਘ ਨੇ ਇਕ ਬਿਆਨ ਜਾਰੀ ਕਰਕੇ ਸਾਜ਼ਸ਼ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਸਿੱਖ ਭਾਈਚਾਰੇ ਦੀ ਸਾਜ਼ਸ਼ੀਆ ਨਾਲ ਕੋਈ ਹਮਦਰਦੀ ਨਹੀਂ।

ਗੁਰਦਿਆਲ ਸਿੰਘ ਨਾਵਲਕਾਰ ਬਿਮਾਰ

ਜੈਤੋ: (ਪੱਤਰ ਪ੍ਰੇਰਕ) — ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਅਤੇ ਕਹਾਣੀਕਾਰ ਸ. ਗੁਰਦਿਆਲ ਸਿੰਘ ਬੀਤੇ ਦਿਨ ਅਚਾਨਕ ਬਿਮਾਰ ਹੋ ਗਏ ਹਨ ਜਿਨ੍ਹਾਂ ਨੂੰ ਸਰਕਾਰੀ ਮੈਡੀਕਲ ਕਾਲਜ ਫਰੀਦਕੋਟ ਵਿਖੇ ਦਾਖਲ ਕਰਵਾਉਣ ਪਿਛੋਂ ਸੀ. ਐਮ. ਸੀ. ਲੁਧਿਆਣਾ ਵਿਖੇ ਦਾਖਲ ਕਰਵਾਇਆ ਗਿਆ ਹੈ।

ਅਮਰੀਕਾ ਦੀ ਪ੍ਰਸੰਸਾ

ਨਵੀਂ ਦਿਲੀ: (ਪੀ. ਟੀ. ਆਈ.) — ਭਾਰਤ ਨੇ ਅਮਰੀਕਾ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਤੇ ਭਾਰਤ ਸਰਕਾਰ ਦਾ ਤਖਤਾ ਉਲਟਾਉਣ ਦੀ ਅਤਿਵਾਦੀਆਂ ਦੀ ਸਾਜ਼ਸ ਨੂੰ ਸਮੇਂ ਸਿਰ ਨਾਕਮ ਬਨਾਉਣ ਦੀ ਕਾਰਵਾਈ ਲਈ ਅਮਰੀਕਾ ਸਰਕਾਰ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ।

ਵਿਦੇਸ਼ ਮੰਤਰਾਲੇ ਦੇ ਇਕ ਤਰਜਮਾਨ ਨੇ ਇਕ ਬਿਆਨ ਵਿਚ ਕਿਹਾ ਕਿ ਸਾਜ਼ਸ ਦੇ ਸਬੰਧ ਵਿਚ ਗ੍ਰਿਫਤਾਰ ਕੀਤੇ ਵਿਅਕਤੀਆਂ ਵਿਰੁਧ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਭਾਰਤ ਸੰਤੁਸ਼ਟ ਹੈ।

ਆੜ੍ਹਤੀ ਤੋਂ 70 ਹਜ਼ਾਰ ਰੁਪਏ ਲੁੱਟੇ ਮੁਕਾਬਲੇ ਪਿਛੋਂ ਦੋ ਅਤਿਵਾਦੀ ਫੜੇ

ਲੁਧਿਆਣਾ: (ਵਿਸ਼ੇਸ਼ ਪ੍ਰਤੀਨਿਧ) — ਪੁਲੀਸ ਮੁਕਾਬਲੇ ਬਾਅਦ ਜ਼ਿਲਾ ਪੁਲੀਸ ਨੇ ਦੋ ਸ਼ੱਕੀ ਦਹਿਸ਼ਤਪਸੰਦਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਸੀਨੀਅਰ ਪੁਲੀਸ ਕਪਤਾਨ ਏ. ਪੀ. ਪਾਂਡੇ ਅਨੁਸਾਰ ਪੁਲੀਸ ਪਾਰਟੀ ਨੇ ਸਦਰ ਥਾਦੇ ਦੇ ਇਲਾਕੇ 'ਚ ਪੈਂਦੇ ਪਿੰਡ ਝਮਟ ਵਿਖੇ ਸਿਧਵਾਂ ਬਰਾਂਚ ਨਹਿਰ 'ਤੇ ਨਾਕਾਬੰਦੀ ਕੀਤੀ ਹੋਈ ਸੀ। 15 ਤੇ 16 ਮਈ ਦੇ ਵਿਚਕਾਰ ਦੀ ਰਾਤ ਸਿਧਵਾਂ ਬੇਟ ਪਾਸਿਓਂ ਦੋ ਵਿਅਕਤੀ ਸਕੂਟਰ 'ਤੇ ਆਏ ਤੇ ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਦਿਤਾ ਗਿਆ ਉਨ੍ਹਾਂ ਨੇ ਪੁਲੀਸ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ। ਪੁਲੀਸ ਨੇ ਵੀ ਜੁਆਬੀ ਗੋਲੀ ਚਲਾਈ। ਉਨ੍ਹਾਂ ਨੂੰ ਛੇਤੀ ਪੁਲੀਸ ਨੇ ਕਾਬੂ ਕਰ ਲਿਆ।

ਸ੍ਰੀ ਪਾਂਡੇ ਅਨੁਸਾਰ ਦੋਹਾਂ ਦੇ ਨਾਂ ਮਹਿੰਦਰਪ੍ਰਤਾਪ ਸਿੰਘ (ਚੰਡਗੀੜ੍ਹ) ਅਤੇ ਬਲਰਾਮ ਸਿੰਘ (ਕਕਰਾਲੀ) ਹਨ। ਗ੍ਰਿਫਤਾਰੀ ਸਮੇਂ ਬਲਰਾਮ ਸਿੰਘ ਨੇ ਫੌਜ, ਦੇ ਹ-ਵਾਲਦਾਰ ਦੀ ਵਰਦੀ ਪਾਈ ਹੋਈ ਸੀ ਤੇ ਮਹਿੰਦਰਪ੍ਰਤਾਪ ਸਿੰਘ ਕੋਲੋਂ ਸਟੇਨਗੰਨ ਅਤੇ ਬਲਰਾਮ ਸਿੰਘ ਤੋਂ ਪਿਸਤੌਲ ਤੇ ਹੱਥਗੋਲਾ ਬ੍ਰਾਮਦ ਕੀਤੇ ਗਏ ਹਨ। ਉਨ੍ਹਾਂ ਕੋਲੋਂ ਫੜਿਆ ਗਿਆ ਸਕੂਟਰ ਸ਼ੱਕ ਅਨੁਸਾਰ ਚੋਰੀ ਦਾ ਹੈ।

ਸ੍ਰੀ ਪਾਂਡੇ ਅਨੁਸਾਰ ਫੜੇ ਗਏ ਦੋਹਾਂ ਵਿਅਕਤੀਆਂ ਨੇ ਮੰਨਿਆ ਹੈ ਕਿ ਉਨ੍ਹਾਂ ਦਾ ਚੰਡੀਗੜ੍ਹ ਦੇ ਗੁਰਿੰਦਰ ਸਿੰਘ ਦੇ ਗਰੁਪ ਨਾਲ ਸਬੰਧ ਸੀ। ਉਨ੍ਹਾਂ ਨੇ ਕਈ ਭਿਆਨਕ ਅਪਰਾਧਾਂ 'ਚ ਹੱਥ ਹੋਣਾ ਵੀ ਮੰਨਿਆ ਹੈ। ਹੋਰ ਪੁਛਗਿੱਛ ਜਾਰੀ ਹੈ।

ਮੋਰਿੰਡਾ: ਪੁਲੀਸ ਦੀ ਵਿਸ਼ੇਸ਼ ਅਪਰਾਧ ਸ਼ਾਖਾ ਦੇ ਸਟਾਫ ਨੇ ਸਥਾਨਕ ਇਕ ਮੁਹੱਲੇ ਵਿਚ ਰਾਤ ਸਮੇਂ ਛਾਪਾ ਮਾਰ ਕੇ ਇਕ ਘਰ 'ਚੋਂ ਚੋਰੀ ਹੋਇਆ ਸਕੂਟਰ ਬਰਾਮਦ ਕੀਤਾ ਹੈ। ਪੁਲੀਸ ਨੇ ਇਕ ਯੁਵਕ ਦੇ ਘਰ ਦੀ ਤਲਾਸ਼ੀ ਲਈ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਕਿਸੇ ਅਣਪਛਾਤੀ ਥਾਂ ਲਿਜਾਇਆ ਗਿਆ ਹੈ।

ਜਲੰਧਰ: (ਵਿਸ਼ੇਸ਼ ਪ੍ਰਤੀਨਿਧ) — ਪਿਸਤੌਲਾਂ ਨਾਲ ਲੈਸ ਦੋ ਯੁਵਕਾਂ ਨੇ ਬੰਗਾ ਥਾਣੇ 'ਚ ਪੈਂਦੇ ਪਿੰਡ ਮੁਕੰਦਪੁਰ ਮੰਡੀ ਦੇ ਆੜ੍ਹਤੀ ਹਰੀ ਚੰਦ ਤੋਂ 70,000 ਰੁਪਏ ਲੁੱਟ ਲਏ। ਯੁਵਕ ਸਕੂਟਰ 'ਤੇ ਸਨ ਜੋ ਘਟਨਾ ਬਾਅਦ ਫਰਾਰ ਹੋ ਗਏ। ਪੁਲੀਸ ਨੇ ਕੇਸ ਦਰਜ ਕਰ ਲਿਆ ਹੈ। ਯੂ. ਐਨ. ਆਈ. ਅਨੁਸਾਰ ਘਟਨਾ ਬਾਅਦ ਦੁਪਹਿਰ ਵਾਪਰੀ ਤੇ ਅਣਪਛਾਤੇ ਵਿਅਕਤੀਆਂ ਨੇ ਚਿਹਰੇ ਢਕੇ ਹੋਏ ਸਨ। ਆੜ੍ਹਤੀ ਨੇ ਇਹ ਪੈਸੇ ਉਨ੍ਹਾਂ ਕਿਸਾਨਾਂ ਨੂੰ ਦੇਣ ਲਈ ਕਢਵਾਏ ਸਨ ਜੋ ਉਸ ਦੀ ਦੁਕਾਨ 'ਤੇ ਬੈਠੇ ਉਡੀਕ ਕਰ ਰਹੇ ਸਨ। ਅਜੇ ਤਕ ਇਸ ਸਬੰਧੀ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ।

ਜੰਮੂ: (ਵਿਸ਼ੇਸ਼ ਪ੍ਰਤੀਨਿਧ) — ਨਾਨਕ ਨਗਰ ਅਤੇ ਦਰਿਆਣਾ ਇਲਾਕਿਆਂ 'ਚ ਤਿੰਨ ਛਾਪਿਆਂ ਦੌਰਾਨ ਪੁਲੀਸ ਨੇ 160 ਤਲਵਾਰਾਂ ਫੜੀਆਂ ਹਨ। ਪੁਲੀਸ ਅਨੁਸਾਰ ਇਹ ਤਲਵਾਰਾਂ ਤਿੰਨ ਦੁਕਾਨਦਾਰਾਂ ਵਲੋਂ ਅਣਅਧਿਕਾਰਤ ਤੌਰ 'ਤੇ ਵੇਚੀਆਂ ਜਾ ਰਹੀਆਂ ਹਨ। ਤਿੰਨਾਂ ਹੀ ਦੁਕਾਨਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਇਕ ਹੋਰ ਰਿਪੋਰਟ ਅਨੁਸਾਰ ਪੁਲੀਸ ਨੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਕਠੂਆ ਯੂਨਿਟ ਦੇ ਜਨਰਲ ਫੈਡਰੇਸ਼ਨ ਦੇ ਅੱਠ ਕਾਰਕੁਨ ਫੜ ਲਏ ਗਏ ਹਨ।

WHEATON
PONTIAC BUICK GMC
LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ-ਪੇਮੈਂਟ ਦੇਕੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇੱਕ ਵਾਰ ਦਰਸ਼ਨ ਜਰੂਰ ਦਿਓ।


Kuldip Jhand

ਕੁਲਦੀਪ ਸਿੰਘ ਝੰਡ
ਨੂੰ ਫ਼ੋਨ ਕਰੋ ਜਾਂ ਮਿਲੋ
Bus. 526-2781
Res. 524-4137 Pager 687-7711 #7610
325 - 12th St., New Westminster, B.C.

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਅਦਿ ਹਨ- ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰੀਂ ਕੁਲਦੀਪ ਝੰਡ ਨੂੰ ਜਰੂਰ ਮਿਲੋ ਜਾਂ ਘੱਟੋ ਘੱਟ ਫੋਨ ਜਰੂਰ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

SUPER BUYS